
ਵਰਿਆਮ

੩੪ਵਾਂ ਸਾਲ

ਜਨਵਰੀ ੨੦੦੯



੨੦/-

ਨਾਮਧਾਰੀ ਸ਼ਹੀਦੀ ਸਮਾਰਕ ਮਲੇਰ ਕੋਟਲਾ



ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਪ੍ਰਦੇਸ ਗਵਨ ੧੭-੧੮ ਜਨਵਰੀ ੧੮੭੨ ਦੀ ਰਾਤ

-ਚਿਤੱਰਕਾਰ ਵਰਿਆਮ ਸਿੰਘ ਮੁਸੱਵਰ



ਸ਼ਹੀਦੀ ਸਾਕਾ ਮਲੇਰਕੋਟਲਾ ੧੭-੧੮ ਜਨਵਰੀ ੧੮੭੨,

"ਇਉਂ ਰੱਖ ਵਖਾਈ ਕੂਕਿਆਂ ਕੁੱਲ ਆਲਮ ਜਾਣੇ।

ਸਭ ਤੋਪਾਂ ਹਿੱਕੀਂ ਝੱਲੀਆਂ, ਸਤਿਗੁਰ ਦੇ ਭਾਣੇ।

-ਹਰਸਾ ਸਿੰਘ ਚਾਤਰ

ਵਰਿਆਮ

ਜਨਵਰੀ - ੨੦੦੯

ਜਿਲਦ-੩੪

ਅੰਕ- ੩

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

e-mail'monthlywariam@yahoo.com'

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ ਹਵਾਈ ਡਾਕ ਰਾਹੀਂ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ)

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਰੁਬਾਈਆਂ

1. ਜਿਨ੍ਹਾਂ ਨੇ ਕੁਝ ਕਰਨਾ ਹੁੰਦੈ, ਕਰਦੇ ਨਹੀਂ ਸਲਾਹਾਂ।
ਹਿੰਮਤਵਾਨਾਂ ਤਾਈਂ ਆਪੇ, ਫਿਰਨ ਲੱਭਦੀਆਂ ਰਾਹਾਂ।
ਕਮਜ਼ੋਰਾਂ ਨੂੰ ਕੀ ਮਿਲਣਾ ਹੈ, ਮੰਜ਼ਿਲ ਨਹੀਂ ਥਿਆਉਂਦੀ,
'ਨਵਰਾਹੀ' ਮੰਝਧਾਰ ਨਿਵਾਏ ਜੁਰੱਅਤਮੰਦ ਮਲਾਹਾਂ।

2. ਪਿਆਰ ਨਾਲ ਦਰਵਾਜ਼ੇ ਖੁੱਲ੍ਹਦੇ, ਹੁੰਦਾ ਖ਼ੂਬ ਸੁਆਗਤ।
ਅਮਲਾਂ ਦੀ ਕਸਵੱਟੀ ਉੱਤੇ, ਪਰਖੀ ਜਾਏ ਲਿਆਕਤ।
ਹੰਕਾਰੀ ਨੂੰ ਬੜਾ ਭੁਲੇਖਾ, ਹੈ ਉਹ ਧੱਕੜ ਡਾਢਾ;
'ਨਵਰਾਹੀ' ਮੂਰਖ ਨਾ ਜਾਣੇ, ਨਿੰਮ੍ਰਤਾ ਦੀ ਤਾਕਤ।

—*ਨਵਰਾਹੀ ਘੁਗਿਆਣਵੀ*

ਯਾਦ ਓਹਨਾਂ ਦੀ ਸਦਾ ਸਜਰੀ ਰਹੇ ਮਘਦੀ ਰਹੇ

ਨਾਮਧਾਰੀਆਂ ਦੇ ਲਹੂ ਭਿੱਜੇ ਇਤਿਹਾਸ ਵਿਚ ਦੋ ਦਿਨ ਬੜੇ ਅਹਿਮ ਹਨ। ਇਹ ਹਨ ੧੭ ਅਤੇ ੧੮ ਜਨਵਰੀ। ਸੰਨ ੧੮੭੨ ਨੂੰ ਇਹਨਾਂ ਦਿਨਾਂ ਵਿਚ ਸੰਸਾਰ ਪੱਧਰ ਤੇ ਪਰਸਿਧੀ ਪ੍ਰਾਪਤ ਕਰਨ ਵਾਲੇ ਸਾਕੇ ਹੋਏ। ਉਂਝ ਤਾਂ ਸੰਨ ੧੮੭੧ ਅਤੇ ੧੮੭੨ ਦੇ ਦਿਨ ਸਿਲਸਿਲੇਵਾਰ ਕੁਰਬਾਨੀਆਂ, ਫਾਂਸੀਆਂ ਅਤੇ ਸ਼ਹੀਦੀਆਂ ਦੇ ਦਿਨਾਂ ਨਾਲ ਭਰੇ ਪਏ ਹਨ ਪਰੰ ਇਹਨਾਂ ਦਾ ਸਿਖਰ ੧੭-੧੮ ਜਨਵਰੀ ੧੮੭੨ ਨੂੰ ਹੋਇਆ। ਇਹ ਦੋ ਦਿਨ ਇਕ ਪਾਸੇ ਤਾਂ ਮਾਲੇਰਕੋਟਲੇ ਵਿਚ ਲੁਧਿਆਣਾ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਦੇ ਹੁਕਮ ਵਿਚ ਰਿਆਸਤੀ ਤੋਪਾਂ ਅੱਗ ਉਗਲਦੀਆਂ ਰਹੀਆਂ ਜਿਸ ਵਿਚ ਨਾਮਧਾਰੀ ਅੰਦੋਲਨ ਦੇ ਚੋਣਵੇਂ ਸਿਰਕੱਢ ਜਾਂਬਾਜ਼ ੬੬ ਸੂਰਮਿਆਂ ਨੇ ਸ਼ਹਾਦਤ ਦਾ ਜਾਮ ਪੀਤਾ। ਅਤੇ ਦੂਸਰੇ ਪਾਸੇ ਇਹਨਾਂ ਦਿਨਾਂ ਦੀ ਵਿਚਕਾਰਲੀ ਰਾਤ ਨੂੰ ਨਾਮਧਾਰੀ ਅੰਦੋਲਨ ਦੇ ਸੂਤਰਧਾਰ ਲੱਖਾਂ ਦਿਲਾਂ ਦੇ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਦੇਸ਼ ਵੱਲ ਜਲਾਵਤਨ ਕਰਨ ਲਈ ਲੁਧਿਆਣਾ ਤੋਂ ਇਕ ਸਪੈਸ਼ਲ ਰੇਲ ਰਾਹੀਂ ਇਲਾਹਾਬਾਦ ਭੇਜ ਦਿੱਤਾ ਗਿਆ। ਜਿਥੋਂ ਤੱਕ ਨਾਮਧਾਰੀ ਲੋਕਾਂ ਤੇ ਸਖਤੀਆਂ ਦਾ ਸਬੰਧ ਹੈ, ਇਸ ਰਾਤ ਤੋਂ ਨਵਾਂ ਦੌਰ ਸ਼ੁਰੂ ਹੁੰਦਾ ਹੈ। ਸਾਮਰਾਜੀ ਆਤੰਕ ਦਾ ਅਤੇ ਕੂਕਾ ਸੁਜ਼ਾਅਤ ਦਾ, ਜਬਰ ਅਤੇ ਸਬਰ ਦਾ ਮੁਕਾਬਲਾ ਆਰੰਭ ਹੁੰਦਾ ਹੈ। ਪ੍ਰਸਿਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਅਨੁਸਾਰ

> ਦੋਸ਼ਹੀਨ ਓਸ ਸਮੇਂ ਰਾਮ ਸਿੰਘ ਕੋ, ਰੰਗੂਨ ਭੇਜ ਦੀਓ ਅੰਗਰੇਜ਼ੈ ਖੂਬ ਸੋਚ ਫੇਰ ਪੈ।
> ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜੇ ਤੇਈ, ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ।

(ਅੰਗਰੇਜ਼ਾਂ ਨੇ ਬਹੁਤ ਸੋਚ ਵਿਚਾਰ ਕਰਕੇ, ਗੁਰੂ ਰਾਮ ਸਿੰਘ ਜੀ ਨੂੰ ਬਗੈਰ ਦੋਸ਼ ਤੋਂ ਹੀ ਰੰਗੂਨ ਭੇਜ ਦਿੱਤਾ। ਹੋਰ ਜੋ ਸੂਬੇ ਸਨ ਉਹ ਵੀ ਕਈ ਥਾਈਂ ਭੇਜ ਦਿੱਤੇ। ਇਸ ਪੰਥ ਦਾ ਜ਼ੋਰ ਤੋੜ ਦਿੱਤਾ।)

ਗਿਆਨ ਗਿਆਨ ਸਿੰਘ ਜੀ ਨੇ ਦੋਸ਼ ਹੀਣ ਲਿਖਿਆ ਹੈ ਅਤੇ ਅੰਗਰੇਜ਼ ਹਕੂਮਤ ਨੇ ਵੀ ਬਗੈਰ ਦੋਸ਼ ਸਾਬਤ ਕੀਤਿਆਂ, ਵਕੀਲ, ਦਲੀਲ ਅਤੇ ਅਪੀਲ ਬਗੈਰ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਅਤੇ ਇਵੇਂ ਹੀ ਉਹਨਾਂ ਦੇ ਪ੍ਰਮੁੱਖ ਪੈਰੋਕਾਰ, ਕੂਕਾ ਲੀਡਰਾਂ, ਸੂਬਿਆਂ ਨੂੰ ਦੇਸ਼ ਵਿਦੇਸ਼ ਦੀਆਂ ਵੱਖ ਵੱਖ ਥਾਵਾਂ, ਜੇਹਲਾਂ ਵਿਚ ਕੈਦ ਜਾਂ ਨਜ਼ਰਬੰਦ ਰੱਖਿਆ। ਇਹਨਾਂ ਸੂਬਿਆਂ ਵਿਚੋਂ ਕਈ ਵਾਪਸ ਨਹੀਂ ਆਏ ਅਤੇ ਬੰਦੀਖਾਨਿਆਂ ਵਿਚ ਹੀ ਸ਼ਹੀਦ ਹੋ ਗਏ। ਦੋਸ਼ ਸਰਕਾਰ ਸਾਬਤ ਨਾ ਕਰ ਸਕੀ ਪਰ ਇਕ ਗੱਲ ਦਾ ਦੋਸ਼ ਸਾਮਰਾਜੀ ਸਰਕਾਰ ਜ਼ਰੂਰ ਮੰਨਦੀ ਸੀ। ਉਹ ਇਹ ਕਿ ਸਤਿਗੁਰੂ ਰਾਮ ਸਿੰਘ ਦਾ ਪ੍ਰਚਾਰ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤ ਹੈ। ਦੇਸ਼ ਨੂੰ ਬਾਈ ਸੂਬਿਆਂ ਵਿਚ ਵੰਡਣਾ, ਅੰਗਰੇਜ਼ੀ ਰਾਜ ਤੋਂ ਬਾਹਰਲੀਆਂ ਸਰਕਾਰਾਂ ਨਾਲ ਤਾਲਮੇਲ ਕਰਨਾ, ਸਰਕਾਰੀ ਅਦਾਰਿਆਂ ਅਤੇ ਵਸਤਾਂ ਦਾ ਬਾਈਕਾਟ ਕਰਨਾ, ਆਪਣੀ ਨਿਆਂ ਪ੍ਰਣਾਲੀ, ਅਪਣਾ ਵੱਖਰਾ ਡਾਕ ਪ੍ਰਬੰਧ ਸਥਾਪਿਤ ਕਰਨਾ ਬਗਾਵਤ ਨਹੀਂ ਤਾਂ ਹੋਰ ਕੀਹ ਹੈ। ਇਥੇ ਹੀ ਸਤਿਗੁਰੂ ਰਾਮ ਸਿੰਘ ਜੀ ਦੀ ਹਿਕਮਤ ਅਮਲੀ ਅਤੇ ਕੂਕਾ ਅੰਦੋਲਨ ਦੀ ਦਾਦ ਦੇਣੀ ਬਣਦੀ ਹੈ ਕਿ ਇਹ ਸਭ ਕੁਝ ਹੋਣ ਦੇ ਬਾਵਜੂਦ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਤੇ ਮੁਕੱਦਮਾ ਚਲਾਉਣ ਦੀ ਜੁਰਅਤ ਨਾ ਕਰ ਸਕੀ। ਦੁਨੀਆ ਵਿਚ ਆਪਣੇ ਇਨਸਾਫ ਦੀ ਡੌਂਡੀ ਪਿਟਣ ਵਾਲੀ ਅੰਗਰੇਜ਼ੀ ਸਰਕਾਰ ਨੇ ਨਾਮਧਾਰੀਆਂ ਨੂੰ ਸ਼ਹੀਦ ਵੀ ਕੀਤਾ, ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸੂਬਿਆਂ ਨੂੰ ਜਲਾਵਤਨ ਵੀ ਕੀਤਾ। ਇਸ ਤਰ੍ਹਾਂ ਨਾਮਧਾਰੀਆਂ/ਕੂਕਿਆਂ ਨੇ ਸਾਮਰਾਜੀ ਸਰਕਾਰ ਦੇ ਝੂਠ ਫਰੇਬ, ਅਤੇ ਜ਼ੁਲਮ ਨੂੰ ਬਹੁਤ ਭਾਰੀ ਮਾਤਰਾ ਵਿਚ ਆਪਣੇ ਜੁਸਿਆਂ ਤੇ ਹੰਢਾਇਆ ਹੈ। ਆਪਣੇ ਵਲੋਂ ਨਾਮਧਾਰੀ ਅੰਦੋਲਨ ਨੂੰ ਮਲੀਆ ਮੇਟ ਕਰ ਕੇ ਆਪਣੇ ਚਾਟੜੇ ਇਤਿਹਾਸਕਾਰਾਂ ਅਤੇ ਪਰਚਾਰ ਧੂਤੂਆਂ ਰਾਹੀਂ ਜੋ ਮਰਜ਼ੀ ਲਿਖਵਾਇਆ ਅਤੇ ਰਿਪੋਰਟਾਂ ਵਿਚ ਦਰਜ ਕੀਤਾ। ਇਤਿਹਾਸ ਦੀਆਂ ਇਹਨਾਂ ਭ੍ਰਾਂਤੀਆਂ ਨੂੰ ਤਾਂ ਵਖਰੇ ਲੇਖਾਂ ਵਿਚ ਅਸੀਂ ਵਰਿਆਮ ਵਿਚ ਛਾਪਦੇ ਹੀ ਰਹਿੰਦੇ ਹਾਂ। ਇਸ ਅੰਕ ਵਿਚ ਵੀ ਬਹੁਤ ਸਾਰੀ ਸਾਮਗਰੀ ਇਸੇ ਪ੍ਰਥਾਇ ਹੈ ਪਰ ਸਚਾਈ ਸੌ ਫਰੇਬ

ਦੇ ਪਰਦੇ ਪਾੜ ਕੇ ਵੀ ਉਜਾਗਰ ਹੋ ਹੀ ਜਾਂਦੀ ਹੈ। ਅੰਗਰੇਜ਼ ਸਰਕਾਰੀ ਤੰਤਰ ਵਲੋਂ ਫੈਲਾਈ ਧੁੰਦ ਅਜੇ ਵੀ ਫੈਲੀ ਹੋਈ ਹੈ ਪਰ ਛਟਣੀ ਜ਼ਰੂਰ ਸ਼ੁਰੂ ਹੋ ਗਈ ਹੈ। ਸਬੂਤ ਹੈ ਆਜ਼ਾਦੀ ਤੋਂ ੬੧ ਸਾਲਾਂ ਬਾਦ ਸਰਕਾਰ ਵਲੋਂ ਨਾਮਧਾਰੀ ਅੰਦੋਲਨ ਨੂੰ ਆਜ਼ਾਦੀ ਸੰਘਰਸ਼ ਵਜੋਂ ਮਾਨਤਾ ਦੇਣੀ। ਭਾਵੇਂ ਵੱਖ ਵੱਖ ਪਾਰਟੀਆਂ ਦੇ ਵੱਡੇ ਵੱਡੇ ਨੇਤਾ ਸਦਾ ਹੀ ਨਾਮਧਾਰੀ ਅੰਦੋਲਨ ਦੀ ਪਰਸੰਸਾ ਵੀ ਕਰਦੇ ਰਹੇ, ਸ਼ਹੀਦੀ ਸਮਾਗਮਾਂ ਤੇ ਵੀ ਆਉਂਦੇ ਰਹੇ, ਸ੍ਰੀ ਭੈਣੀ ਸਾਹਿਬ ਦੀ ਯਾਤਰਾ ਵੀ ਕਰਦੇ ਰਹੇ ਪਰ ਕਾਨੂੰਨੀ ਤੌਰ ਤੇ ਇਸ ਨਾਮਧਾਰੀ ਕੂਕਾ ਅੰਦੋਲਨ ਨੂੰ ਮਾਨਤਾ ਨਹੀਂ ਸੀ। ਖੁਦ ਨਾਮਧਾਰੀਆਂ ਜਾਂ ਲੋਕਾਂ ਨੂੰ ਤਾਂ ਇਸ ਗੱਲ ਦਾ ਪਤਾ ਨਹੀਂ ਸੀ। ਇਹ ਨੁਕਤਾ ਤਾਂ ਸਾਡੇ ਮਿੱਤਰ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਐਡਵੋਕੇਟ ਨੇ ਉਜਾਗਰ ਕੀਤਾ। ਉਹਨਾਂ ਹਾਈਕੋਰਟ ਵਿਚ ਇਸ ਮਸਲੇ ਤੇ ਜਨਹਿਤ ਪਟੀਸ਼ਨ ਵੀ ਦਾਇਰ ਕੀਤੀ। ਜਦੋਂ ਗੱਲ ਨੰਗੀ ਹੋਈ ਤਾਂ ਹੋਰ ਵੀ ਚੰਨ ਚੜ੍ਹੇ। ਪਤਾ ਲੱਗਾ ਕਿ ਸਰਕਾਰੀ ਕਾਗਜ਼ਾਂ ਵਿਚ ਤਾਂ ਜਲਿਆਂ ਵਾਲਾ ਬਾਗ ਦੇ ਸ਼ਹੀਦਾਂ ਅਤੇ ਕਾਮਾਗਾਟਾਮਾਰੂ ਜਹਾਜ਼ ਵਾਲੇ ਸ਼ਹੀਦਾਂ ਦਾ ਨਾਂਅ ਵੀ ਨਹੀਂ ਹੈ। ਇਸ ਸੰਬੰਧ ਵਿਚ ਸ. ਤਰਲੋਚਨ ਸਿੰਘ ਮੈਂਬਰ ਪਾਰਲੀਮੈਂਟ ਤੇ ਹੋਰ ਨੇਤਾਵਾਂ ਵੀ ਸਰਕਾਰ ਦਾ ਧਿਆਨ ਏਸ ਪਾਸੇ ਦੁਆਇਆ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਬਾਬਿਆਂ ਨੇ ਅੰਦੋਲਨ ਵੀ ਕੀਤਾ ਅਤੇ ਪੁਲਿਸ ਦੀ ਧੂਹ ਘਸੀਟ ਵੀ ਝੱਲੀ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ। ਵੜੈਚ ਸਾਹਿਬ ਦੀ ਪਟੀਸ਼ਨ ਤਾਂ ਅਜੇ ਸ਼ਾਇਦ ਅਦਾਲਤ ਵਿਚ ਹੀ ਹੈ ਪਰ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਨੇ ਮੁੱਖ ਮੰਤਰੀ ਬਾਦਲ ਸਾਹਿਬ ਨੂੰ ਇਕ ਚਿੱਠੀ ਵਿਚ ਸੂਚਿਤ ਕੀਤਾ ਹੈ ਕਿ ਕੂਕਾ ਅੰਦੋਲਨ ਅਤੇ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਕੌਮੀ ਆਜ਼ਾਦੀ ਵਾਸਤੇ ਹੋਏ ਅੰਦੋਲਨਾਂ ਦੀ ਸੂਚੀ ਵਿਚ ਸ਼ਾਮਿਲ ਕਰ ਲਿਆ ਹੈ। ਅਜੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦਾ ਮਸਲਾ ਬਾਕੀ ਹੈ। ਆਜ਼ਾਦੀ ਤੋਂ ੬੧ ਸਾਲ ਬਾਦ ਕੂਕਾ ਅੰਦੋਲਨ ਨੂੰ ਮਿਲੀ 'ਮਾਨਤਾ' ਬਾਰੇ ਅਖਬਾਰਾਂ ਨੇ ਖਬਰਾਂ ਵੀ ਛਾਪੀਆਂ ਅਤੇ ਭਾਵਪੂਰਤ ਸੰਪਾਦਕੀ ਵੀ ਲਿਖੇ ਹਨ। ਇਹ ਅੰਕ ਤਿਆਰ ਸੀ ਜਦੋਂ ਇਹ ਕੁਝ ਹੋਇਆ। ਅਸੀਂ ਤਿਆਰ ਸਮੱਗਰੀ ਕੱਟ ਕੇ ਉਹ ਅਖਬਾਰਾਂ ਖਬਰਾਂ ਤੇ ਸੰਪਾਦਕੀ ਛਾਪੇ ਹਨ ਤਾਂ ਜੋ ਪਾਠਕ ਇਕੋ ਥਾਂ ਇਹਨਾਂ ਨੂੰ ਪੜ੍ਹ ਸਕਣ। ਵਿਚਲੀ ਘੁੰਢੀ ਵੀ ਸਮਝ ਸਕਣ ਕਿ ਕੁਝ ਪੈਨਸ਼ਨ ਦੀਆਂ ਰਕਮਾਂ ਕਰ ਕੇ ਵੀ ਅਜਿਹਾ ਹੋਇਆ ਹੈ ਜਦੋਂ ਕਿ ਬਹੁਤੇ ਲੋਕ ਇਸ ਪੈਨਸ਼ਨ ਦੇ ਤਲਬਗਾਮਾਰ ਵੀ ਨਹੀਂ ਪਰ ਸਰਕਾਰੀ ਮਸ਼ੀਨਰੀ ਵਿਚ ਤਾਇਨਾਤ ਲੋਕਾਂ ਦੀ ਮਹਾਜਨੀ ਮਾਨਸਿਕਤਾ ਦਾ ਪਤਾ ਲੱਗ ਜਾਂਦਾ ਹੈ।

ਇਹ ਸੰਪਾਦਕੀ ਵਿਚਾਰ ਲਿਖਦਿਆਂ ਹੀ ਖਬਰ ਆ ਗਈ ਹੈ ਅਤੇ ਟੀ. ਵੀ ਅਖਬਰਾਂ ਵਿਚ ਪ੍ਰਸਾਰਤ ਹੋਈ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਅਤੇ ਕੁਝ ਹੋਰ ਪ੍ਰਮੁੱਖ ਨੇਤਾਵਾਂ ਦੀ ਤਸਵੀਰ ਤੋਂ ਪਰਦਾ, ਪ੍ਰਧਾਨ ਮੰਤਰੀ ਜੀ ਨੇ ਪਾਰਲੀਮੈਂਟ ਵਿਚ ਚੁੱਕਿਆ ਹੈ। ਇਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ ਅਤੇ ਹੋਰ ਸੰਗਤਾਂ ਵੀ ਹਾਜ਼ਰ ਸਨ। ਅਸੀਂ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਦੇ ਉਪਰੋਕਤ ਦੋਹਾਂ ਜਤਨਾਂ ਦੀ ਸ਼ਲਾਘਾ ਜ਼ਰੂਰ ਕਰਦੇ ਹਾਂ ਪਰ ਇਸ ਪਰਾਲੀਮੈਂਟ ਵਿਚ ਤਸਵੀਰ ਬਾਰੇ ਪਰਚਾਰ ਸਾਧਨਾਂ ਦੀ ਰਿਪੋਰਟਿੰਗ ਬਾਰੇ ਸਾਡੇ ਕੁਝ ਸੰਦੇਹ ਹਨ ਜਿਨ੍ਹਾਂ ਦੀ ਤਰਜਮਾਨੀ ਸ. ਤਰਲੋਚਨ ਸਿੰਘ ਮੈਂਬਰ ਰਾਜ ਸਭਾ ਨੇ ਇਕ ਚਿੱਠੀ ਵਿਚ ਕੀਤੀ ਹੈ ਜੋ ਉਹਨਾਂ ਨੇ ਉਸੇ ਦਿਨ ਹੀ ਲੋਕ ਸਭਾ ਦੇ ਸਪੀਕਰ ਨੂੰ ਲਿਖੀ ਹੈ। ਉਸ ਚਿੱਠੀ ਦੀ ਨਕਲ ਅਸੀਂ ਵਰਿਆਮ ਵਿਚ ਛਾਪ ਵੀ ਰਹੇ ਹਾਂ।

ਮਾਲੇਰਕੋਟਲਾ ਸ਼ਹੀਦੀ ਦਿਹਾੜਿਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨੀ ਦਿਵਸ ਨੂੰ ਯਾਦ ਕਰਦੇ ਹੋਏ ਅਸੀਂ ਮਹਾਨ ਕੂਕਾ ਸੰਗਰਾਮ ਨੂੰ ਨਤਮਸਤਕ ਹਾਂ।

ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿੱਟੀ ਕਰੇ,
ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ
ਮਿਟ ਗਏ ਜੋ ਵਤਨ ਦੀ ਇਜ਼ਤ ਲਈ
ਯਾਦ ਓਹਨਾਂ ਦੀ ਸਦਾ ਸਜਰੀ ਰਹੇ ਮਘਦੀ ਰਹੇ

—ਜਗਦੀਸ਼ ਸਿੰਘ ਵਰਿਆਮ

ਕੂਕਾ ਲਹਿਰ ਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸੁਤੰਤਰਤਾ ਸੰਗਰਾਮੀ ਦਾ ਦਰਜਾ

ਭਾਰਤ ਸਰਕਾਰ ਨੇ ਵਰ੍ਹਿਆਂ ਤੋਂ ਕੀਤੀ ਜਾ ਰਹੀ ਆਪਣੀ ਗਲਤੀ ਸੁਧਾਰਦਿਆਂ ਅੰਗਰੇਜ਼ਾਂ ਦੇ ਖ਼ਿਲਾਫ਼ ਚਲਾਈ ਗਈ ਇਤਿਹਾਸਕ ਕੂਕਾ ਲਹਿਰ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸੁਤੰਤਰਤਾ ਸੰਗਰਾਮੀਆਂ ਦੀ ਸੂਚੀ ਵਿਚ ਸ਼ਾਮਿਲ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਅਨੁਸਾਰ ਇਨ੍ਹਾਂ ਦੋਵਾਂ ਨਾਲ ਸੰਬੰਧਿਤ ਆਜ਼ਾਦੀ ਘੁਲਾਟੀਆਂ ਨੂੰ ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਦਾ ਉਹੀ ਹੱਕ ਹੋਏਗਾ, ਜੋ ਕਿ ਕੇਂਦਰ ਸਰਕਾਰ ਵਲੋਂ ਮਾਣਤਾ ਪ੍ਰਾਪਤ ਬਾਕੀ ਸੁਤੰਤਰਤਾ ਸੈਨਾਨੀਆਂ ਨੂੰ ਪਹਿਲਾਂ ਹੀ ਦਿੱਤਾ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਹਾਲ ਹੀ ਵਿਚ ਕੀਤੇ ਗਏ ਇਸ ਫ਼ੈਸਲੇ ਦੀ ਸੂਚਨਾ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਭੇਜੀ ਗਈ ਹੈ।

ਇਸ ਵਿਚ ਕੇਂਦਰ ਵੱਲੋਂ ਪਹਿਲੀ ਸਤੰਬਰ ੨੦੦੮ ਨੂੰ ਸ. ਬਾਦਲ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਇਸ ਸਬੰਧੀ ਪੱਤਰ ਲਿਖਿਆ ਸੀ, ਜਿਸ 'ਤੇ ਕਾਰਵਾਈ ਕਰਦੇ ਹੋਏ ਇਨ੍ਹਾਂ ਦੋਵਾਂ ਲਹਿਰਾਂ ਨੂੰ ਸੁਤੰਤਰਤਾ ਸੈਨਾਨੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਚੇਤੇ ਰਹੇ ਕਿ ਇਹ ਮਾਮਲਾ ਰਾਜ ਸਭਾ ਮੈਂਬਰ ਸ. ਤਰਲੋਚਨ ਸਿੰਘ ਵੱਲੋਂ ਸੰਸਦ ਵਿਚ ਬੜੇ ਜ਼ੋਰ ਨਾਲ ਉਠਾਇਆ ਗਿਆ ਸੀ। ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਗਦਰੀ ਬਾਬਿਆਂ ਅਤੇ ਆਜ਼ਾਦੀ ਲਹਿਰਾਂ ਦੇ ਇਤਿਹਾਸ ਦੇ ਖੋਜੀ ਪ੍ਰੋ. ਮਲਵਿੰਦਰਜੀਤ ਸਿੰਘ ਨੇ ਸੰਨ ੨੦੦੩ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। ਇਸ ਵਿਚ ਕੂਕਾ ਲਹਿਰ ਨੂੰ ਸੁਤੰਤਰਤਾ ਸੰਗਰਾਮੀ ਲਹਿਰ ਵਜੋਂ ਮਾਨਤਾ ਦੇਣ ਦੀ ਵਕਾਲਤ ਕੀਤੀ ਗਈ ਸੀ। ਕੇਂਦਰ ਸਰਕਾਰ ਵੱਲੋਂ ਹਾਈ ਕੋਰਟ ਵਿਚ ਪਹਿਲਾਂ ਇਹ ਸਟੈਂਡ ਲਿਆ ਗਿਆ ਸੀ ਕਿ ਇਹ ਇਕ ਧਾਰਮਿਕ ਲਹਿਰ ਹੈ, ਪਰ ਬਾਅਦ ਵਿਚ ਬਦਲ ਕੇ ਇਹ ਸਟੈਂਡ ਲਿਆ ਗਿਆ ਕਿ ਕਿਉਂਕਿ ਹੁਣ ਇਸ ਲਹਿਰ ਦੇ ਬਾਨੀਆਂ ਵਿਚੋਂ ਕੋਈ ਵੀ ਜ਼ਿੰਦਾ ਨਹੀਂ ਹੈ, ਇਸ ਲਈ ਕੋਈ ਫ਼ੈਸਲਾ ਨਹੀਂ ਕੀਤਾ ਜਾ ਸਕਦਾ। ਇਹ ਪਟੀਸ਼ਨ ਉਸੇ ਤਰ੍ਹਾਂ ਹੀ ਅਜੇ ਹਾਈਕੋਰਟ ਵਿਚ ਲਟਕ ਰਹੀ ਹੈ। ਇਸੇ ਤਰ੍ਹਾਂ ਹੀ ਪ੍ਰੋ. ਮਲਵਿੰਦਰਜੀਤ ਸਿੰਘ ਵੱਲੋਂ ਪਿਛਲੇ ਵਰ੍ਹੇ ੨੦੦੭ ਵਿਚ ਇਕ ਜਨਹਿਤ ਪਟੀਸ਼ਨ ਹਾਈ ਕੋਰਟ ਵਿਚ ਦਾਇਰ ਕਰਕੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਅਤੇ ਜ਼ਖ਼ਮੀਆਂ ਨੂੰ ਸੁਤੰਤਰਤਾ ਸੰਗਰਾਮੀ ਵਜੋਂ ਮਾਨਤਾ ਦੇਣ ਦੀ ਬੇਨਤੀ ਕੀਤੀ ਸੀ।

ਇਹ ਪਟੀਸ਼ਨ ਅਜੇ ਸੁਣਵਾਈ ਅਧੀਨ ਹੈ ਅਤੇ ਜਨਵਰੀ ੨੦੦੯ ਵਿਚ ਇਸ ਦੀ ਸੁਣਵਾਈ ਹੋਣੀ ਹੈ। ਇਸੇ ਤਰ੍ਹਾਂ ਹੀ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਨੇ ਕਾਮਾਗਾਟਾਮਾਰੂ ਦੇ ਆਜ਼ਾਦੀ ਘੁਲਾਟੀਆਂ ਨੂੰ ਵੀ ਸੁਤੰਤਰਤਾ ਸੈਨਾਨੀਆਂ ਦਾ ਦਰਜਾ ਦੇਣ ਲਈ ਇਕ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ, ਪਰ ਇਹ ਵੀ ਅਜੇ ਹਾਈ ਕੋਰਟ ਦੇ ਸੁਣਵਾਈ ਅਧੀਨ ਹੈ।

ਚੇਤੇ ਰਹੇ ਕਿ ਕੁਝ ਸਮਾਂ ਪਹਿਲਾਂ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨਾਲ ਸੰਬੰਧਿਤ ਵਿਵਾਦ ਖੜ੍ਹਾ ਹੋਣ 'ਤੇ ਡੀ. ਸੀ. ਅੰਮ੍ਰਿਤਸਰ ਸ. ਕੇ. ਐਸ. ਪੰਨੂ ਨੇ ਮੁੱਖ ਮੰਤਰੀ ਨੂੰ ਇਸ ਸਬੰਧੀ ਆਪਣੀ ਸਿਫਾਰਸ਼ ਭੇਜੀ ਸੀ, ਕਿ ਜਲ੍ਹਿਆਂਵਾਲਾ ਬਾਗ ਦੇ ਅੰਦੋਲਨ ਨਾਲ ਸੰਬੰਧਿਤ ਲੋਕਾਂ ਨੂੰ ਸੁਤੰਤਰਤਾ ਸੰਗਰਾਮੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਜਾਵੇ।

—ਅਜੀਤ

੧੮ ਦਸੰਬਰ- ੨੦੦੮

ਅਗਲੇ ਪੰਨਿਆਂ ਤੇ ਇਸ ਵਿਸ਼ੇ ਤੇ ਵੱਖ-ਵੱਖ ਅਖ਼ਬਾਰਾਂ ਦੇ ਸੰਪਾਦਕੀ ਲੇਖ ਪ੍ਰਕਾਸ਼ਤ ਕੀਤੇ ਜਾ ਰਹੇ ਹਨ।

(ਦੇਸ਼ ਸੇਵਕ ਚੰਡੀਗੜ੍ਹ, ੧੯ ਦਸੰਬਰ, ਸ਼ੁਕਰਵਾਰ, ੨੦੦੮ ਦਾ ਸੰਪਾਦਕੀ ਲੇਖ)

ਅਜ਼ਾਦੀ ਘੁਲਾਟੀਆਂ 'ਚ ਸ਼ਾਮਲ

ਜਲ੍ਹਿਆਂ ਵਾਲੇ ਬਾਗ ਤੇ ਕੂਕਾ ਅੰਦੋਲਨ ਦੇ ਸ਼ਹੀਦ

੧੮੭੧ ਦੇ ਮਹਾਨ ਕੂਕਾ ਸ਼ਹੀਦਾਂ ਨੂੰ ਹੁਣ ਤੱਕ ਭਾਰਤ ਸਰਕਾਰ ਨੇ ਅਜ਼ਾਦੀ ਘੁਲਾਟੀਆਂ ਦੀ ਲਿਸਟ 'ਚ ਨਹੀਂ ਰੱਖਿਆ ਸੀ। ਏਸੇ ਤਰ੍ਹਾਂ ੧੯੧੯ 'ਚ ਜਲ੍ਹਿਆਂ ਵਾਲੇ ਬਾਗ 'ਚ ਅੰਗਰੇਜ਼ਾਂ ਵੱਲੋਂ ਵਿਖਾਈ ਦਰਿੰਦਗੀ ਕਾਰਨ ਸ਼ਹੀਦ ਹੋਏ ਸੈਂਕੜੇ ਅਜ਼ਾਦੀ ਘੁਲਾਟੀਆਂ ਨੂੰ ਵੀ ਅਜੇ ਤੱਕ ਸਰਕਾਰ ਨੇ ਮਾਨਤਾ ਨਹੀਂ ਦਿੱਤੀ ਸੀ। ਭਾਵੇਂ ਦੇਸ਼ ਨੂੰ ਅਜ਼ਾਦ ਹੋਇਆਂ ੬੧ ਸਾਲ ਹੋ ਗਏ ਹਨ ਪਰ ਇਨ੍ਹਾਂ ਦੋਹਾਂ ਥਾਵਾਂ 'ਤੇ ਕੁਰਬਾਨੀਆਂ ਦੇਣ ਵਾਲੇ ਲੋਕ ਅਜੇ ਵੀ ਸਰਕਾਰੀ ਰਿਕਾਰਡ 'ਚ ਉਸੇ ਸ਼੍ਰੇਣੀ 'ਚ ਰੱਖੇ ਹੋਏ ਸਨ ਜਿਸ 'ਚ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਰੱਖਿਆ ਸੀ। ਕੂਕਾ ਅੰਦੋਲਨ 'ਚ ਸ਼ਾਮਲ ਹੋਣ ਵਾਲੇ ਸੈਂਕੜੇ ਹੀ ਅੰਦੋਲਨਕਾਰੀਆਂ 'ਚੋਂ ੬੬ ਨੂੰ ਅੰਗਰੇਜ਼ਾਂ ਨੇ ਤੋਪਾਂ ਨਾਲ ਉੱਡਾ ਦਿੱਤਾ ਸੀ। ਇਸ ਘਟਨਾ ਤੋਂ ਮਗਰੋਂ ਸਾਰੀ ਕੂਕਾ ਲਹਿਰ ਅੰਗਰੇਜ਼ੀ ਰਾਜ ਦੇ ਅਖੀਰ ਤੱਕ ਖ਼ਿਲਾਫ਼ ਰਹੀ। ਉਨਵੀਂ ਸਦੀ ਦੇ ਅਖੀਰ 'ਚ ਹੀ ਨਾਮਧਾਰੀ ਕੂਕਾ ਮੁਖੀ ਸਤਿਗੁਰੂ ਰਾਮ ਸਿੰਘ ਨੂੰ ਅੰਗਰੇਜ਼ਾਂ ਨੇ ਕੈਦ ਕਰਕੇ ਬਰਮਾ ਭੇਜ ਦਿੱਤਾ ਸੀ। ਅਸਲ 'ਚ ਭਾਰਤ ਦੇ ਅਜ਼ਾਦੀ ਸੰਗਰਾਮ 'ਚ ੧੮੫੭ ਦੇ ਗਦਰ ਤੋਂ ਬਾਅਦ ਕੂਕਾ ਅੰਦੋਲਨ ਹੀ ਅੰਗਰੇਜ਼ਾਂ ਖ਼ਿਲਾਫ਼ ਸਭ ਤੋਂ ਵੱਡੀ ਬਗਾਵਤ ਸੀ। ਅਜ਼ਾਦੀ ਦੀ ਲੜਾਈ ਦੇ ਇਤਿਹਾਸ 'ਚ ੧੮੫੭ ਦੇ ਗਦਰ ਨੂੰ ਭਾਰਤੀ ਅਜ਼ਾਦੀ ਦਾ ਪਹਿਲਾ ਯੁੱਧ ਕਿਹਾ ਜਾਂਦਾ ਹੈ। ਪਰ ਜਿੱਥੋਂ ਤੱਕ ਅਜ਼ਾਦੀ ਅੰਦੋਲਨ ਦਾ ਸਬੰਧ ਹੈ ਉਸ ਲੜੀ 'ਚ ਨਾਮਧਾਰੀ ਕੂਕਾ ਲਹਿਰ ਹੀ ਅੰਗਰੇਜ਼ਾਂ ਖ਼ਿਲਾਫ਼ ਪਹਿਲਾ ਸੰਗਠਤ ਅੰਦੋਲਨ ਸੀ।

ਜਲ੍ਹਿਆਂ ਵਾਲੇ ਬਾਗ ਦਾ ਸਾਕਾ ਅੰਗਰੇਜ਼ਾਂ ਵੱਲੋਂ ਭਾਰਤੀਆਂ ਖ਼ਿਲਾਫ਼ ਮਿਸਾਲ ਗਈ ਵਹਿਸ਼ੀਆਨਾ ਦਹਿਸ਼ਤ ਦੀ ਬਹੁਤ ਹੀ ਕਰੂਰ ਮਿਸਾਲ ਹੈ। ਇਹ ਸਾਕਾ ਕੇਵਲ ਭਾਰਤ ਦੇ ਇਤਿਹਾਸ 'ਚ ਹੀ ਨਹੀਂ ਸਗੋਂ ਸਾਰੇ ਸੰਸਾਰ ਦੇ ਇਤਿਹਾਸ 'ਚ ਆਪਣਾ ਨਿਵੇਕਲਾ ਸਥਾਨ ਰੱਖਦਾ ਹੈ। ਅੰਗਰੇਜ਼ ਬਸਤੀਵਾਦੀਆਂ ਖ਼ਿਲਾਫ਼ ਭਾਰਤੀਆਂ ਵੱਲੋਂ ਸ਼ਾਂਤਮਈ ਢੰਗ ਨਾਲ ਕੀਤਾ ਜਾ ਰਿਹਾ ਅੰਦੋਲਨ ਸੱਭਿਅਕ ਵਿਰੋਧ ਦੀ ਇਕ ਮਿਸਾਲ ਸੀ। ਅੰਗਰੇਜ਼ਾਂ ਨੇ ਉਸ ਸਮੇਂ ਭਾਰਤੀਆਂ 'ਤੇ ਜ਼ੁਲਮ ਢਾਉਣ ਲਈ ਰੌਲੇਟ ਐਕਟ ਪਾਸ ਕੀਤਾ ਸੀ ਜਿਸ ਦੇ ਖ਼ਿਲਾਫ਼ ਸਾਰੇ ਦੇਸ਼ 'ਚ ਲੋਕ ਅਵਾਜ਼ ਉਠਾ ਰਹੇ ਸਨ। ਅੰਮ੍ਰਿਤਸਰ 'ਚ ਇਸ ਅੰਦੋਲਨ ਸਮੇਂ ਅੰਗਰੇਜ਼ਾਂ ਨੇ ਪੰਜਾਬ ਦੇ ਦੋ ਸਿਰਕੱਢ ਅਜ਼ਾਦੀ ਘੁਟਾਲੀਆਂ ਡਾ. ਕਿਚਲੂ ਤੇ ਡਾ. ਸਤਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਜਿਸ ਕਾਰਨ ਅੰਮ੍ਰਿਤਸਰ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਤੋਂ ਲੋਕ ਇਕੱਠੇ ਹੋ ਕੇ ਜਲ੍ਹਿਆਂ ਵਾਲੇ ਬਾਗ 'ਚ ਜਲਸਾ ਕਰ ਰਹੇ ਸਨ। ਇਨ੍ਹਾਂ ਸ਼ਾਂਤਮਈ ਲੀਡਰਾਂ ਤੇ ਸਰੋਤਿਆਂ 'ਤੇ ਇਕ ਹੈਂਕੜਬਾਜ਼ ਅੰਗਰੇਜ਼ ਫ਼ੌਜੀ ਅਫ਼ਸਰ ਜਨਰਲ ਡਾਇਰ ਨੇ ਬਿਨਾਂ ਚਿਤਾਵਨੀ ਦਿੱਤਿਆਂ ਗੋਲੀਆਂ ਦਾ ਮੀਂਹ ਵਰਸਾ ਦਿੱਤਾ ਸੀ ਜਿਸ ਦੇ ਸਿੱਟੇ ਵਜੋਂ ਇਕ ਅਨੁਮਾਨ ਅਨੁਸਾਰ ਇਕ ਹਜ਼ਾਰ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ ਸਨ।

ਜਲ੍ਹਿਆਂ ਵਾਲੇ ਬਾਗ ਦੀ ਇਸ ਘਟਨਾ ਕਾਰਨ ਸਾਰੇ ਦੇਸ਼ 'ਚ ਗੁੱਸੇ ਦੀ ਲਹਿਰ ਦੌੜ ਗਈ। ਲੋਕ ਅੰਗਰੇਜ਼ਾਂ ਨੂੰ ਜੰਗਲੀ ਦਰਿੰਦੇ ਸਮਝਣ ਲੱਗ ਪਏ। ਮੋਹਨਦਾਸ ਕਰਮਚੰਦ ਗਾਂਧੀ ਵਰਗੇ ਸਿਆਸਤਦਾਨ ਜੋ ਅਜੇ ਨਿੱਠ ਕੇ ਅੰਗਰੇਜ਼ਾਂ ਖਿਲਾਫ਼ ਲਾਮਬੰਦ ਲਾਮਬੰਦ ਨਹੀਂ ਹੋਏ ਸਨ ਉਹ ਵੀ ਅੰਗਰੇਜ਼ਾਂ ਵੱਲੋਂ ਵਿਖਾਈ ਗਈ ਇਸ ਦਰਿੰਦਗੀ ਤੋਂ ਬਹੁਤ ਅਪਮਾਨਤ ਮਹਿਸੂਸ ਕਰਨ ਲੱਗੇ। ੧੯੧੯ ਦਾ ਇਹ ਹੀ ਸਮਾਂ ਸੀ ਕਿ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਖ਼ਿਲਾਫ਼ ਅਜ਼ਾਦੀ ਦੇ ਅੰਦੋਲਨ ਦੀ ਰਣਨੀਤੀ ਤਿਆਰ ਕਰਕੇ ਨਾ-ਮਿਲਵਰਤਨ ਲਹਿਰ ਚਲਾਈ ਤੇ ਅੰਗਰੇਜ਼ੀ ਵਸਤਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਦੇਸ਼ 'ਚ ਥਾਂ-ਥਾਂ 'ਤੇ ਅੰਗਰੇਜ਼ਾਂ ਖ਼ਿਲਾਫ਼ ਲੋਕ ਲਾਮਬੰਦ ਹੋਣ ਲੱਗੇ। ਇਨ੍ਹਾਂ ਦਿਨਾਂ 'ਚ ਹੀ ਪੰਜਾਬ 'ਚ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ ਜੋ ਅਖ਼ੀਰ ਨੂੰ ਅੰਗਰੇਜ਼ਾਂ ਖ਼ਿਲਾਫ਼ ਇਕ ਭਾਰੀ ਅੰਦੋਲਨ ਦਾ ਰੂਪ ਧਾਰਨ ਕਰ ਗਈ ਕਿਉਂਕਿ ਅੰਗਰੇਜ਼ ਹੀ ਗੁਰਦੁਆਰਿਆਂ ਦੇ ਮਸੰਦਾਂ ਦੀ ਪਿੱਠ 'ਤੇ ਆ ਖੜ੍ਹੇ ਹੋਏ ਸਨ। ਇਸ ਤੋਂ ਮਗਰੋਂ ਦਾ ਇਤਿਹਾਸ ਭਾਰਤ ਦੇ ਅਜ਼ਾਦੀ ਸੰਗਰਾਮ ਦੇ ਸੁਰਖ ਪੰਨਿਆਂ ਨਾਲ ਭਰਿਆ ਪਿਆ ਹੈ।

ਬੜੇ ਲੰਬੇ ਸਮੇਂ ਤੋਂ ਭਾਰਤ ਦੇ ਨਾਗਰਿਕ ਇਹ ਮੰਗ ਰਹੇ ਸਨ ਕਿ ਨਾਮਧਾਰੀ ਕੂਕਾ ਅੰਦੋਲਨ ਤੇ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਅਜ਼ਾਦੀ ਘੁਲਾਟੀਏ ਐਲਾਨਿਆਂ ਜਾਣਾ ਚਾਹੀਦਾ ਹੈ। ਪਰ ਭਾਰਤ 'ਚ ਇਹ ਵੇਖਣ 'ਚ ਆਇਆ ਹੈ ਕਿ ਸਰਕਾਰੀ ਰਿਕਾਰਡ 'ਚ ਬਹੁਤ ਕੁਝ ਅੰਗਰੇਜ਼ਾਂ ਵਾਲਾ ਹੀ ਚੱਲ ਰਿਹਾ ਹੈ। ਦੇਸ਼ ਦਾ ਹਰ ਵੱਡਾ ਲੀਡਰ ਆਪਣੇ ਅੰਮ੍ਰਿਤਸਰ ਦੇ ਦੌਰੇ ਸਮੇਂ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਸ ਥਾਂ ਦਾ ਦੌਰਾ ਕਰਦਾ ਹੈ। ਇਸ ਸਥਾਨ ਨੂੰ ਕੌਮੀ ਯਾਦ ਦੇ ਤੌਰ 'ਤੇ ਬਹੁਤ ਉੱਚਾ ਸਥਾਨ ਹਾਸਲ ਹੈ। ਪਰ ਭਾਰਤ ਸਰਕਾਰ ਦੀ ਆਪਣਾ ਰਿਕਾਰਡ ਸੋਧਣ ਦੀ ਰੂੜੀਵਾਦੀ ਪਹੁੰਚ ਕਾਰਨ ਅਜੇ ਤੱਕ ਵੀ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਇਤਿਹਾਸ 'ਚ ਬਣਦਾ ਸਥਾਨ ਸਰਕਾਰੀ ਦਸਤਾਵੇਜ਼ਾਂ 'ਚ ਨਹੀਂ ਦਿੱਤਾ ਗਿਆ ਸੀ। ਪੰਜਾਬ

ਅਤੇ ਹਰਿਆਣਾ ਹਾਈਕੋਰਟ 'ਚ ਅਜ਼ਾਦੀ ਸੰਗਰਾਮ ਦੇ ਇਕ ਸਿਰਕੱਢ ਇਤਿਹਾਸਕਾਰ ਮਲਵਿੰਦਰ ਸਿੰਘ ਵੜੈਚ ਨੇ ਇਨ੍ਹਾਂ ਦੋਹਾਂ ਮਾਮਲਿਆਂ ਨੂੰ ਲੈ ਕੇ ਇਕ ਲੋਕ ਹਿੱਤ ਪਟੀਸ਼ਨ ਵੀ ਦਾਇਰ ਕੀਤੀ ਸੀ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਇਨ੍ਹਾਂ ਸ਼ਹੀਦਾਂ ਨੂੰ ਅਜ਼ਾਦੀ ਘੁਲਾਟੀਏ ਐਲਾਨਣ ਲਈ ਕੇਂਦਰੀ ਸਰਕਾਰ ਨੂੰ ਪੱਤਰ ਲਿਖਿਆ। ਪੰਜਾਬ ਤੋਂ ਸੰਸਦ ਦੇ ਮੈਂਬਰਾਂ ਨੇ ਵੀ ਸਰਕਾਰ 'ਤੇ ਦਬਾ ਬਣਾਇਆ ਕਿ ਉਹ ਇਨ੍ਹਾਂ ਸਾਰੇ ਸ਼ਹੀਦਾਂ ਨੂੰ ਅਜ਼ਾਦੀ ਘੁਲਾਟੀਏ ਐਲਾਨ ਕਰੇ। ਹੁਣ ਜਾ ਕੇ ਸਰਕਾਰ ਦੀ ਨੀਂਦ ਖੁਲ੍ਹੀ ਹੈ ਤੇ ਗ੍ਰਹਿ ਵਿਭਾਗ ਨੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸੁਤੰਤਰਤਾ ਸੈਨਾਨੀ ਐਲਾਨ ਦਿੱਤਾ ਹੈ। ਅਜੇ ਵੀ ਕਾਮਾਗਾਟਾਮਾਰੂ ਕਾਂਡ ਦੇ ਸ਼ਹੀਦਾਂ ਨੂੰ ਅਜ਼ਾਦੀ ਘੁਲਾਟੀਏ ਨਹੀਂ ਐਲਾਨਿਆ ਗਿਆ। ਅਜਿਹੇ ਵਤੀਰੇ ਤੋਂ ਭਾਰਤ ਸਰਕਾਰ ਦੀ ਇਨ੍ਹਾਂ ਮਾਮਲਿਆਂ ਬਾਰੇ ਸੰਵੇਦਨਹੀਣਤਾ ਦੀ ਝਲਕ ਪੈਂਦੀ ਹੈ।

ਰੋਜ਼ਾਨਾ ਅਜੀਤ ਜਲੰਧਰ : ੨੦ ਦਸੰਬਰ-੨੦੦੮ ਦਾ ਸੰਪਾਦਕੀ

ਪੰਜਾਬੀਆਂ ਦੇ ਸੰਘਰਸ਼ ਨੂੰ ਮਾਨਤਾ

੧੯੪੭ ਤੋਂ ਬਾਅਦ ਪਿਛਲੇ ੬ ਦਹਾਕਿਆਂ ਵਿਚ ਬਹੁਤ ਕੁਝ ਵਾਪਰ ਚੁੱਕਾ ਹੈ। ਇਸ ਸਮੇਂ ਦੌਰਾਨ ਅਨੇਕਾਂ ਘਟਨਾਵਾਂ ਅਜਿਹੀਆਂ ਵਾਪਰੀਆਂ ਹਨ ਜੋ ਦੇਸ਼ ਵਾਸੀਆਂ ਦੇ ਮਨਾਂ 'ਤੇ ਉਕਰੀਆਂ ਗਈਆਂ। ਜੇਕਰ ਸਮੁੱਚੇ ਰੂਪ ਵਿਚ ਸਮਾਜ ਅੱਗੇ ਵਧਿਆ ਹੈ ਤਾਂ ਇਸ ਸਮੇਂ ਦੌਰਾਨ ਬਹੁਤ ਕੁਝ ਭਿਆਨਕ ਵੀ ਵਾਪਰਿਆ ਹੈ ਜਿਸ ਨੇ ਦੇਸ਼ ਵਾਸੀਆਂ ਦੀ ਮਾਨਸਿਕਤਾ ਨੂੰ ਜ਼ਖ਼ਮੀ ਕੀਤਾ ਹੈ। ਪਰ ਇਕ ਅਹਿਮ ਪਹਿਲੂ ਇਹ ਵੀ ਹੈ ਕਿ ੨੦ਵੀਂ ਸਦੀ ਵਿਚ ਦੇਸ਼ ਨੂੰ ਸਦੀਆਂ ਤੋਂ ਬਾਅਦ ਵਿਦੇਸ਼ੀ ਸਾਮਰਾਜ ਤੋਂ ਜੋ ਆਜ਼ਾਦੀ ਮਿਲੀ, ਇਹ ਦੇਸ਼ ਲਈ ਇਕ ਅਜਿਹੀ ਮਹਾਨ ਘਟਨਾ ਸੀ, ਜਿਸ ਨੂੰ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਆਜ਼ਾਦੀ ਦੇ ਸੰਘਰਸ਼ ਨਾਲ ਇਕ ਲੰਮਾ ਇਤਿਹਾਸ ਜੁੜਿਆ ਹੋਇਆ ਹੈ, ਜਿਸ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

ਪਿਛਲੇ ਦਿਨੀਂ ਕੇਂਦਰ ਸਰਕਾਰ ਵਲੋਂ ਜਲ੍ਹਿਆਂਵਾਲੇ ਬਾਗ ਦੀ ਖੂਨੀ ਘਟਨਾ ਅਤੇ ਕੂਕਾ ਲਹਿਰ ਨੂੰ ਆਜ਼ਾਦੀ ਦੇ ਸੰਘਰਸ਼ ਦਾ ਹਿੱਸਾ ਮੰਨਣ ਨਾਲ ਇਕ ਵਾਰ ਫਿਰ ਉਸ ਅਹਿਮ ਸਮੇਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ੧੮੫੭ ਦੇ ਗ਼ਦਰ ਤੋਂ ਬਾਅਦ ੧੯੪੭ ਤੱਕ ਦਾ ਸਮੁੱਚਾ ਭਾਰਤੀ ਇਤਿਹਾਸ ਬੜਾ ਮਾਣ-ਮੱਤਾ ਰਿਹਾ ਹੈ। ਇਸ ਸਮੇਂ ਸਬੰਧੀ ਬਹੁਤ ਕੁਝ ਲਿਖਿਆ ਜਾ ਚੁੱਕਿਆ ਹੈ। ਪਰ ਆਮ ਤੌਰ 'ਤੇ ਇਹ ਮਹਿਸੂਸ ਕੀਤਾ ਜਾਂਦਾ ਰਿਹਾ ਹੈ ਕਿ ਬਹੁਤੇ ਇਤਿਹਾਸਕਾਰਾਂ ਨੇ ਇਸ ਸਮੇਂ ਵੱਖ-ਵੱਖ ਪੱਧਰਾਂ 'ਤੇ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਲਹਿਰਾਂ ਨਾਲ ਨਿਆਂ ਨਹੀਂ ਕੀਤਾ। ਮਹਾਤਮਾ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਵਲੋਂ ਆਰੰਭਿਆ ਅੰਦੋਲਨ ਇਸ ਕਦਰ ਚਰਚਾ ਦਾ ਵਿਸ਼ਾ ਬਣਿਆ ਰਿਹਾ ਜਿਸ ਨੇ ਲੜੇ ਗਏ ਹੋਰ ਸੰਘਰਸ਼ਾਂ ਨੂੰ ਇਕ ਹੱਦ ਤੱਕ ਫਿੱਕਾ ਪਾ ਦਿੱਤਾ ਅਤੇ ਉਨ੍ਹਾਂ ਦੀ ਮਹੱਤਤਾ ਸਮਝੀ ਨਾ ਜਾ ਸਕੀ। ਉਸ ਸਮੇਂ ਚਾਹੇ ਦੇਸ਼ ਭਰ ਵਿਚ ਵੱਖ-ਵੱਖ ਪੱਧਰਾਂ 'ਤੇ ਆਪੋ-ਆਪਣੇ ਢੰਗ ਨਾਲ ਆਜ਼ਾਦੀ ਦੀ ਲੜਾਈ ਲੜੀ ਜਾ ਰਹੀ ਸੀ ਪਰ ਪੰਜਾਬ ਅਤੇ ਬੰਗਾਲ ਇਨ੍ਹਾਂ ਸੰਘਰਸ਼ਾਂ ਵਿਚ ਹਮੇਸ਼ਾ ਮੋਹਰੀ ਰੋਲ ਅਦਾ ਕਰਦੇ ਰਹੇ। ਇਨ੍ਹਾਂ ਸੂਬਿਆਂ ਵਿਚ ਕਾਂਗਰਸ ਵੱਲੋਂ ਸਮੇਂ-ਸਮੇਂ ਕੀਤੇ ਸੱਤਿਆਗ੍ਰਹਿਆਂ ਦੇ ਨਾਲ-ਨਾਲ ਕਈ ਹੋਰ ਪੱਧਰਾਂ 'ਤੇ ਵੀ ਲੜਾਈ ਲੜੀ ਗਈ ਜੋ ਅਕਸਰ ਹਿੰਸਕ ਰੂਪ ਧਾਰ ਲੈਂਦੀ ਹੈ। ਪੰਜਾਬ ਦੇ ਇਨ੍ਹਾਂ ਸੰਘਰਸ਼ਾਂ ਵਿਚ ਕੂਕਾ ਲਹਿਰ, ਗ਼ਦਰ ਲਹਿਰ ਅਤੇ ਸ਼ਹੀਦ ਭਗਤ ਸਿੰਘ ਦੀ ਅਗਵਾਈ ਵਾਲੀ ਨੌਜਵਾਨ ਭਾਰਤ ਸਭਾ ਆਦਿ ਵੀ ਸ਼ਾਮਿਲ ਸਨ। ਬਿਨਾਂ ਸ਼ੱਕ ਕੂਕਾ ਲਹਿਰ ਦਾ ੧੯ਵੀਂ ਸਦੀ ਦੇ ਅਖੀਰ ਵਿਚ ਕੀਤਾ ਗਿਆ ਸੰਘਰਸ਼ ਬੜਾ ਮਾਣਮੱਤਾ ਹੈ। ਇਹ ਉਹੀ ਵੇਲਾ ਸੀ ਜਦੋਂ ਮਾਲੇਰਕੋਟਲਾ ਕੋਲ ਇਕੋ ਸਮੇਂ ੬੬ ਕੂਕਿਆਂ ਨੂੰ ਤੋਪਾਂ ਸਾਹਮਣੇ ਖੜ੍ਹੇ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਜਲ੍ਹਿਆਂਵਾਲੇ ਬਾਗ ਵਿਚ ਇਕੱਠੇ ਹੋਏ ਲੋਕਾਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ। ਚਾਹੇ ਕੂਕਾ ਲਹਿਰ ਅਤੇ ਗ਼ਦਰ ਲਹਿਰ ਵਰਗੇ ਆਜ਼ਾਦੀ ਦੇ ਮਹੱਤਵਪੂਰਨ ਕਾਂਡ ਆਮ ਚੇਤਿਆਂ ਤੋਂ ਵਿਸਰ ਚੁੱਕੇ ਹਨ ਪਰ ਇਤਿਹਾਸ ਦੇ ਇਸ ਮਹੱਤਵਪੂਰਨ ਸਮੇਂ ਦੀ ਯਾਦ ਤਾਜ਼ਾ ਰੱਖਣ ਲਈ ਅਤੇ ਇਸ ਤੋਂ ਉਤਸ਼ਾਹ ਲੈਣ ਲਈ ਕੁਝ ਵਿਅਕਤੀ ਅਤੇ ਸੰਸਥਾਵਾਂ ਲਗਾਤਾਰ ਸਰਗਰਮ ਰਹੀਆਂ ਹਨ। ਉਨ੍ਹਾਂ ਦੇ ਯਤਨਾਂ ਸਦਕਾ ਹੀ ਇਨ੍ਹਾਂ ਲਹਿਰਾਂ ਦੀ ਭਾਵਨਾ ਉਜਾਗਰ ਰੱਖੀ ਜਾ ਸਕੀ ਹੈ।

ਅੱਜ ਜੇਕਰ ਕੇਂਦਰ ਸਰਕਾਰ ਨੇ ਇਨ੍ਹਾਂ ਮਹੱਤਵਪੂਰਨ ਲਹਿਰਾਂ ਨੂੰ ਆਜ਼ਾਦੀ ਦੇ ਸੰਘਰਸ਼ ਦਾ ਇਕ ਅਹਿਮ ਹਿੱਸਾ ਮੰਨਿਆ ਹੈ ਤਾਂ ਇਸ ਪਿੱਛੇ ਪੰਜਾਬ ਦੇ ਸਰਗਰਮ ਸਿਰੜੀ ਵਿਅਕਤੀ ਅਤੇ ਸੰਗਠਨ ਹੀ ਖੜ੍ਹੇ ਦਿਖਾਈ ਦਿੰਦੇ ਹਨ। ਇਹੀ ਕਾਰਨ ਹਨ ਕਿ ਅੱਜ ਇਸ ਗੱਲ ਦੀ ਵੱਡੀ ਲੋੜ ਮਹਿਸੂਸ ਹੋ ਰਹੀ ਹੈ ਕਿ ਨਵੇਂ ਸਿਰੇ ਤੋਂ ਪੂਰੀ ਤਰ੍ਹਾਂ ਨਿਰਪੱਖ ਹੋ ਕੇ ਇਸ ਦੌਰ ਦੇ ਇਤਿਹਾਸ ਨੂੰ ਮੁੜ ਲਿਖਿਆ ਜਾਏ ਤਾਂ ਜੋ ਸਾਡੇ ਬਜ਼ੁਰਗਾਂ ਦੀਆਂ ਕੀਤੀਆਂ ਗਈਆਂ ਉਸ ਸਮੇਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਿਆ ਜਾ ਸਕੇ ਅਤੇ ਇਨ੍ਹਾਂ ਤੋਂ ਨਿਰੰਤਰ ਉਤਸ਼ਾਹ ਲਿਆ ਜਾ ਸਕੇ। ਬਿਨਾਂ ਸ਼ੱਕ ਸਾਨੂੰ ਅਤੇ ਸਮੁੱਚੇ ਭਾਰਤ ਨੂੰ ਇਸ ਦੌਰ 'ਤੇ ਮਾਣ ਹੋਣਾ ਚਾਹੀਦਾ ਹੈ ਅਤੇ ਹਮੇਸ਼ਾ ਉਸ ਸਮੇਂ ਨੂੰ ਯਾਦ ਕਰਕੇ ਆਪਣਾ ਸੀਸ ਝੁਕਾਉਣਾ ਚਾਹੀਦਾ ਹੈ।

—ਬਰਜਿੰਦਰ ਸਿੰਘ ਹਮਦਰਦ

(ਪੰਜਾਬੀ ਟ੍ਰਿਬਿਊਨ ਜਲੰਧਰ, ਸ਼ੁਕਰਵਾਰ,੧੯ ਦਸੰਬਰ ੨੦੦੮ ਦਾ ਮੁਖ ਸੰਪਾਦਕੀ ਲੇਖ)

ਸਾਕਾ ਜਲ੍ਹਿਆਂਵਾਲਾ ਤੇ ਕੂਕਾ ਲਹਿਰ ਜੰਗ-ਏ-ਆਜ਼ਾਦੀ ਦਾ ਹਿੱਸਾ

ਇਤਿਹਾਸਕ ਉਕਾਈ ਦੀ ਸੁਧਾਈ

ਭਾਵੇਂ ਆਜ਼ਾਦੀ ਮਿਲਣ ਤੋਂ ਛੇ ਦਹਾਕੇ ਬਾਅਦ ਹੀ ਸਹੀ, ਕੇਂਦਰ ਸਰਕਾਰ ਨੇ ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਤੇ ਨਾਮਧਾਰੀ (ਕੂਕਾ) ਲਹਿਰ ਨੂੰ ਕੌਮੀ ਆਜ਼ਾਦੀ ਲਹਿਰ ਦਾ ਹਿੱਸਾ ਮੰਨ ਕੇ ਇਕ ਇਤਿਹਾਸਕ ਉਕਾਈ ਦੀ ਸੁਧਾਈ ਕਰ ਦਿੱਤੀ ਹੈ। ਕਿਸੇ ਵੀ ਕੌਮ ਲਈ ਆਪਣੇ ਕੌਮੀ ਸ਼ਹੀਦਾਂ ਨੂੰ ਦੇਸ਼ ਦੀ ਤਵਾਰੀਖ ਵਿਚ ਸਤਿਕਾਰਯੋਗ ਥਾਂ ਦੇ ਕੇ ਯਾਦ ਰੱਖਣਾ ਉਸ ਦੇ ਜਿਉਂਦੇ ਹੋਣ ਦੀ ਨਿਸ਼ਾਨੀ ਹੁੰਦੀ ਹੈ। ਭਾਰਤ ਦੀ ਜੰਗ-ਏ-ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਜਾਂਬਾਜ਼ਾਂ ਦੇ ਸੱਭਿਆਚਾਰਕ ਪਿਛੋਕੜ ਤੇ ਧਾਰਮਿਕ ਅਕੀਦੇ ਦੇ ਭਿੰਨ ਭਿੰਨ ਹੋਣ ਕਾਰਨ ਇਨ੍ਹਾਂ ਦੇ ਸੁਤੰਤਰਤਾ ਸੰਗਰਾਮ ਵਿਚ ਕੁੱਦਣ ਦੇ ਕਾਰਨ ਤੇ ਰਸਤੇ ਵੀ ਭਾਵੇਂ ਭਿੰਨ ਭਿੰਨ ਰਹੇ ਹਨ ਪਰ ਨਿਸ਼ਾਨਾ ਇਕੋ ਵਿਦੇਸ਼ੀ ਸਰਕਾਰ ਦੇ ਜੂਲੇ ਹੇਠੋਂ ਦੇਸ ਨੂੰ ਆਜ਼ਾਦ ਕਰਵਾਉਣਾ ਹੀ ਸੀ। ਇਸੇ ਲਈ ਆਜ਼ਾਦੀ ਸੰਗਰਾਮ ਦੀ ਮੁੱਖ ਧਾਰਾ ਦੇ ਨਾਲ ਨਾਲ ਵੱਖਰੇ ਤੇ ਛੋਟੇ ਗਰੁੱਪ ਵੀ ਆਪੋ-ਆਪਣੇ ਢੰਗ ਨਾਲ ਆਜ਼ਾਦੀ ਸੰਗਰਾਮ 'ਚ ਆਪਣਾ ਹਿੱਸਾ ਪਾਉਂਦੇ ਰਹੇ। ਇਸੇ ਲਈ ਸਰਕਾਰੀ ਰਿਕਾਰਡ ਵਿਚ ਇਨ੍ਹਾਂ ਵਿਚੋਂ ਕਈਆਂ ਨੂੰ ਭਾਵੇਂ ਸ਼ਹੀਦ ਤਾਂ ਮੰਨ ਲਿਆ ਗਿਆ ਪਰ ਉਨ੍ਹਾਂ ਨੂੰ "ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਸਕੀਮ-੧੯੮੦" ਦੀ ਸੂਚੀ ਵਿਚ ਦਰਜ ਨਹੀਂ ਕੀਤਾ ਗਿਆ। ਇਨ੍ਹਾਂ ਵਿਚੋਂ ਕਈ ਅਜਿਹੇ ਪਛਾਣ ਵਾਲੇ ਤੇ ਗੁੰਮਨਾਮ ਸੁਤੰਤਰਤਾ ਸੰਗਰਾਮੀ ਹਨ ਜੋ ਸਰਕਾਰੀ ਲਾਲਫੀਤਾਸ਼ਾਹੀ ਜਾਂ ਕੁਝ ਹੋਰ ਕਾਰਨਾਂ ਕਰਕੇ ਆਪਣੀ ਕੁਰਬਾਨੀ ਦੇ ਬਾਵਜੂਦ ਸਰਕਾਰੀ ਤੌਰ 'ਤੇ ਸੁਤੰਤਰਤਾ ਸੰਗਰਾਮੀਆਂ ਦੀ ਉਕਤ ਰਾਸ਼ਟਰੀ ਸੂਚੀ ਵਿਚ ਸ਼ਾਮਲ ਨਹੀਂ ਕੀਤੇ ਗਏ। ੧੮੭੧ ਦੀ ਕੂਕਾ (ਨਾਮਧਾਰੀ) ਲਹਿਰ ਦੇ ਸ਼ਹੀਦ ਅਤੇ ੧੯੧੯ ਵਿਚ ਵਾਪਰੇ ਸਾਕਾ ਜਲ੍ਹਿਆਂਵਾਲਾ ਬਾਗ ਦੇ ਸ਼ਹੀਦ ਵੀ ਇਸੇ ਸਰਕਾਰੀ ਵਰਤਾਓ ਦਾ ਸ਼ਿਕਾਰ ਹੋਏ ਰਹੇ ਹਨ। ਇਤਿਹਾਸਕ ਹਵਾਲਿਆਂ ਅਨੁਸਾਰ ਬਰਤਾਨਵੀ ਹਾਕਮਾਂ ਦੇ ਖਿਲਾਫ਼ ਲੜੀ ਗਈ ਨਾਮਧਾਰੀ (ਕੂਕਾ) ਲਹਿਰ ਵਿਚ ੭੪ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਜਾਨ ਨਿਛਾਵਰ ਕੀਤੀ। ਇਨ੍ਹਾਂ ਵਿਚ ੬੬ ਉਹ ਨਾਮਧਾਰੀ ਸਿੱਖ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਵੇਲੇ ਦੀ ਜਾਬਰ ਗੋਰੀ ਸਰਕਾਰ ਵਿਰੁੱਧ ਬਗਾਵਤ ਕਰਨ ਕਰਕੇ ਮਾਲੇਰਕੋਟਲਾ ਵਿਖੇ ਤੋਪਾਂ ਨਾਲ ਬੰਨ੍ਹ ਕੇ ਉੱਡਾ ਦਿੱਤਾ ਗਿਆ ਸੀ। ਜਲ੍ਹਿਆਂਵਾਲਾ ਬਾਗ ਦਾ ਸਾਕਾ ਤੇ ਇਸ ਦੀ ਕੌਮੀ ਸੁਤੰਤਰਤਾ ਵਿਚ ਇਤਿਹਾਸਕ ਅਹਿਮੀਅਤ ਲੋਕ-ਮਨਾਂ ਤੇ ਕਿਤਾਬਾਂ ਵਿਚ ਦਰਜ ਹੈ। ਇਸ ਸਾਕੇ ਦੇ ਕਾਰਨ ਕੌਮੀ ਆਜ਼ਾਦੀ ਲਹਿਰ ਕਿਵੇਂ ਤੇ ਕਿੰਨੀ ਤਿੱਖੀ ਹੋਈ, ਇਹ ਵੀ ਤਵਾਰੀਖ ਦੇ ਪੱਤਰਿਆਂ 'ਤੇ ਅੰਕਿਤ ਹੈ। ਫੇਰ ਵੀ ਦੇਸ਼ ਦੇ ਆਜ਼ਾਦ ਹੋਣ ਪਿੱਛੋਂ ਵੀ ੬੧ ਸਾਲ ਇਸ ਖ਼ੂਨੀ ਸਾਕੇ 'ਚ ਜਾਨ ਨਿਛਾਵਰ ਕਰਨ ਵਾਲਿਆਂ ਨੂੰ ਸਰਕਾਰ ਵੱਲੋਂ ਕੌਮੀ ਸ਼ਹੀਦ ਮੰਨਣ ਪਿਛੋਂ ਵੀ "ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਸਕੀਮ-੧੯੮੦" ਦੀ ਸੂਚੀ 'ਚੋਂ ਬਾਹਰ ਰੱਖਣਾ ਵੱਡੀ ਸਰਕਾਰੀ ਅਣਗਹਿਲੀ ਸੀ।

ਉਂਜ ਦੇਸ਼ ਦੇ ਸਰਕਾਰੀ ਰਿਕਾਰਡ ਵਿਚ ਚਲਦੀ ਆ ਰਹੀ ਉਕਤ ਉਕਾਈ ਦੀ ਸ਼ਾਇਦ ਹਾਲੀ ਵੀ ਸੁਧਾਈ ਨਾ ਹੁੰਦੀ ਜੇਕਰ ਸਮਾਜ ਸੇਵੀ ਤੇ ਇਤਿਹਾਸਕ ਖੋਜੀ ਮਲਵਿੰਦਰਜੀਤ ਸਿੰਘ ਵੜੈਚ ਤੇ ਕੁਝ ਹੋਰ ਸਮਾਜ ਸੇਵੀ ਸੰਸਥਾਵਾਂ ਇਸ ਮੁੱਦੇ ਨੂੰ ਇਕ ਜਨਹਿਤ ਪਟੀਸ਼ਨ ਦੇ ਤੌਰ 'ਤੇ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਨਾ ਲਿਜਾਂਦੀਆਂ। ਇਸੇ ਪਟੀਸ਼ਨ ਕਰਕੇ ਪਹਿਲੀ ਵਾਰ ਇਹ ਤੱਥ ਉਜਾਗਰ ਹੋਇਆ ਕਿ ਕੇਂਦਰ ਸਰਕਾਰ ਦੀਆਂ ਫਾਈਲਾਂ ਵਿਚ ਗਲਤੀ ਨਾਲ ਨਾਮਧਾਰੀ (ਕੂਕਾ) ਲਹਿਰ ਨੂੰ ਆਜ਼ਾਦੀ ਲਹਿਰ ਦੀ ਥਾਂ ਧਾਰਮਿਕ ਲਹਿਰ ਵਜੋਂ ਦਰਜ ਕੀਤਾ ਹੋਇਆ ਸੀ। ਸਰਕਾਰੀ ਕਾਗਜ਼ਾਂ ਵਿਚ ਹੋਈ ਇਸ ਉਕਾਈ ਦੇ ਉਜਾਗਰ ਹੋਣ 'ਤੇ ਆਜ਼ਾਦੀ ਸੰਗਰਾਮੀਆਂ ਤੇ ਉਨ੍ਹਾਂ ਦੇ ਵਾਰਸਾਂ ਵਿਚ ਰੋਸ ਪੈਦਾ ਹੋਣਾ ਕੁਦਰਤੀ ਸੀ। ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਵੀ ਭਾਵੇਂ ਸਰਕਾਰੀ ਰਿਕਾਰਡ ਵਿਚ ਸੁਤੰਤਰਤਾ ਸੰਗਰਾਮੀ ਤਾਂ ਮੰਨ ਲਿਆ ਗਿਆ ਸੀ ਪਰ ਉਨ੍ਹਾਂ ਨੂੰ ਵੀ "ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਸਕੀਮ-੧੯੮੦" ਦੀ ਸੂਚੀ ਵਿਚ ਦਰਜ ਨਹੀਂ ਸੀ ਕੀਤਾ ਗਿਆ। ਜਲ੍ਹਿਆਂਵਾਲਾ ਬਾਗ ਦੇ ਸ਼ਹੀਦ ਪਰਿਵਾਰਾਂ ਦੀ ਸੰਸਥਾ ਸਰਕਾਰੀ ਰਿਕਾਰਡ ਵਿਚ ਸ਼ਹੀਦਾਂ ਨੂੰ ਉਕਤ ਸੂਚੀ ਵਿਚ ਦਰਜ ਕਰਵਾਉਣ ਲਈ ਕਈ ਵਰ੍ਹੇ ਸਰਕਾਰੇ ਦਰਬਾਰੇ ਭਟਕਦੀ ਰਹੀ। ਪਰ ਕੇਂਦਰ ਸਰਕਾਰ ਦਾ ਸਬੰਧਤ ਮਹਿਕਮਾ ਇਸ ਇਤਿਹਾਸਕ ਗਲਤੀ ਨੂੰ ਦਰੁਸਤ ਕਰਨ ਦਾ ਕੰਮ ਟਾਲਦਾ ਰਿਹਾ। ਨਿਰਸੰਦੇਹ ਦੇਸ਼ ਦੇ ਆਜ਼ਾਦੀ ਸੰਗਰਾਮ ਦੇ ਇਕ ਮਹਾਨ ਤੀਰਥ ਅਸਥਾਨ ਵਜੋਂ ਜਾਣੇ ਜਾਂਦੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨਾਲ ਸਬੰਧਤ ਮਾਮਲੇ ਨੂੰ ਗੈਰ-ਸੰਜੀਦਾ ਢੰਗ ਨਾਲ ਲਿਆ ਗਿਆ। ਇਥੇ ਇਹ ਵਰਨਣਯੋਗ ਹੈ ਕਿ ਸਰਕਾਰੀ ਤੌਰ 'ਤੇ ਜਲ੍ਹਿਆਂਵਾਲਾ ਬਾਗ ਵਿਚ ਜਨਰਲ ਡਾਇਰ ਦੀਆਂ ਗੋਲੀਆਂ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਸ਼ਹੀਦ ਤਾਂ ਮੰਨ ਲਿਆ ਗਿਆ ਸੀ ਪਰ ਇਸ ਘਟਨਾ ਨੂੰ "ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਸਕੀਮ-੧੯੮੦" ਦੀ ਸੂਚੀ ਵਿਚ ਦਰਜ ਨਹੀਂ ਸੀ ਕੀਤਾ ਗਿਆ। ਸੋ ਸਰਕਾਰ ਵਲੋਂ ੬੧ ਸਾਲਾਂ ਬਾਅਦ ਪਛੜ ਕੇ ਚੁੱਕੇ ਗਏ ਇਸ ਕਦਮ ਨੂੰ 'ਦੇਰ ਆਇਦ ਦਰੁਸਤ ਆਇਦ' ਦੇ ਮੁਹਾਵਰੇ ਅਨੁਸਾਰ ਹੀ ਲਿਆ ਜਾ ਸਕਦਾ ਹੈ।

ਹਜ਼ੂਰੀ ਸੂਬਾ ਹੁਕਮਾ ਸਿੰਘ 'ਪਿੱਥੋ'

—ਸੁਵਰਨ ਸਿੰਘ ਵਿਰਕ

ਜਿਹਨਾਂ ਜਲਾਵਤਨ ਸੂਬਿਆਂ ਬਾਰੇ ਸਾਡੇ ਇਤਿਹਾਸ ਦੇ ਮੂਲ ਸਰੋਤਾਂ "ਸਤਿਗੁਰੂ ਬਿਲਾਸ" ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਵਿਚੋਂ ਉੱਕਾ ਹੀ ਕੋਈ ਜਾਣਕਾਰੀ ਨਹੀਂ ਮਿਲਦੀ ਉਹ ਦੋ ਸੂਬੇ ਹਨ ਸੂਬਾ ਹੁਕਮਾ ਸਿੰਘ ਅਤੇ ਸੂਬਾ ਰੂੜ ਸਿੰਘ ਜੀ। "ਸਤਿਗੁਰੂ ਬਿਲਾਸ" ਜੋ ਭਾਈ ਧਿਆਨ ਸਿੰਘ ਕਾਦਰਾਬਾਦੀ ਦੁਆਰਾ ਛੰਦਾ ਬੰਦੀ ਅਤੇ ਬ੍ਰਿਜ ਭਾਸ਼ਾ ਵਿਚ ਲਿਖਿਆ ਹੈ, ਉਸ ਵਿਚ ਪ੍ਰਦੇਸ ਗਵਨ ਵਾਲੇ ਸਾਕੇ ਵਿਚ ਸੰਖੇਪ ਜਿਹਾ ਹੀ ਵੇਰਵਾ ਹੈ ਪਰ ਉਹ ਸੂਬਾ ਹੁਕਮਾ ਸਿੰਘ ਹੋਰਾਂ ਦਾ ਜਿਹਨਾਂ ਹੋਰ ਤਿੰਨ ਸੂਬਿਆਂ ਸਮੇਤ ਜ਼ਿਕਰ ਕਰਦਾ ਹੈ, ਇਥੋਂ ਪਤਾ ਲੱਗਦਾ ਹੈ ਕਿ ਸੂਬਾ ਹੁਕਮਾ ਸਿੰਘ ਕੋਈ ਘੱਟ ਮਹੱਤਵਪੂਰਨ ਸੂਬੇ ਨਹੀਂ ਸਨ ਜਿਹਾ ਕਿ ਸਰਕਾਰੀ ਰੀਕਾਰਡ ਵਿਚ ਦਰਜ ਹੈ। ਉਹ ਸੋਲਾਂ ਸੂਬਿਆਂ ਨੂੰ ਕਮਰ ਕੱਸ ਕੇ ਸਤਿਗੁਰਾਂ ਨਾਲ ਜਾਂਦੇ ਲਿਖਦਾ ਹੈ। ਪ੍ਰੰਤੂ ਇਹਨਾਂ ਵਿਚੋਂ ਤਿੰਨ ਸੂਬੇ ਜੋਗਾ ਸਿੰਘ, ਗੋਪਾਲ ਸਿੰਘ ਅਤੇ ਖਜ਼ਾਨ ਸਿੰਘ ਨੂੰ ਇਕ ਅੱਧਾ ਦਿਨ ਲੁਧਿਆਣੇ ਹੀ ਰੱਖ ਕੇ ਫਿਰ ਛੱਡ ਦਿੱਤਾ ਗਿਆ। ਸਤਿਗੁਰੂ ਜੀ, ਸੇਵਕ ਨਾਨੂੰ ਸਿੰਘ ਅਤੇ ਇਹ ਤਿੰਨ ਪਾ ਕੇ ਕੁੱਲ ਚੌਦਾਂ ਸੂਬੇ, ਇਉਂ ਗਿਣਤੀ ਸੋਲਾਂ ਹੋ ਜਾਂਦੀ ਹੈ। ਜਿਸ ਦਾ ਸਾਡਾ ਕਵੀ ਇਤਿਹਾਸਕਾਰ ਇਉਂ ਜ਼ਿਕਰ ਕਰਦਾ ਹੈ :-

"ਔਰ ਸਿੰਘ ਸੂਬੇ ਪੁਨ ਆਇ।
ਬਾਂਧ ਕਮਰ ਗੁਰ ਸੰਗ ਸਿਧਾਏ।੨੬।
ਸਾਹਿਬ ਸਿੰਘ ਜਵਾਹਰ ਸਿੰਘ ਨਾਨੂੰ।
ਹੁਕਮਾ ਸਿੰਘ ਬ੍ਰਹਮਾ ਸਿੰਘ ਜਾਨੂੰ।
ਏਤੇ ਆਦਿ ਖੋੜਸ ਕਟ ਕਸੈ।
ਸਤਿਗੁਰ ਸੰਗਨ ਸੋ ਦਿਨ ਬਸੈ।੨੭।
ਗਿਆਰਾਂ ਸੁਣੇ ਹਟਾਏ ਪਿਛਾਰੇ।
ਪਾਂਚ ਲਿਖੇ ਸੋ ਸੰਗ ਸਿਧਾਰੇ।
ਟਾਪੂ ਮੇ ਲੈ ਗਏ ਗੁਰ ਰਾਇ।
ਸਿੰਘਨ ਕੋ ਕਿਤਪ੍ਰਿਥਕ ਥਿਰਾਇ।੨੮।
ਕੇਹਰ ਨਾਨੂੰ ਏਕਲ ਸੰਗ।
ਗੁਰ ਟਹਿਲੇ ਮੇ ਰਹੇ ਅਭੰਗ।
ਸ੍ਰੀ ਗੁਰ ਭਾਣਾ ਇਤ ਬਿਧ ਮਾਨਿਓ।
ਸ੍ਰੋਤ ਕੀਆ ਜਿਮ ਤਿਵੈ ਬਖਾਨਿਓ।੨੯।"[1]

ਕਵੀ ਜੀ ਕਹਿ ਰਹੇ ਹਨ ਕਿ ਉਹਨਾਂ ਨੇ ਜਿਵੇਂ ਸੁਣਿਆ ਹੈ ਉਵੇਂ ਲਿਖ ਰਹੇ ਹਨ। ਵੈਸੇ ਕਵੀ ਜੀ ਕੋਈ ਗਲਤ ਵੀ ਨਹੀਂ ਲਿਖ ਰਹੇ। ਸੇਵਕ ਨਾਨੂੰ ਸਿੰਘ, (ਉਪਰ ਵਰਣਿਤ ਤਿੰਨ ਸੂਬੇ ਜੋ ਦੂਜੇ ਦਿਨ ਛੱਡ ਦਿੱਤੇ ਗਏ ਸਨ), ਛੇ ਹੋਰ ਸੂਬੇ ਮੰਗਲ ਸਿੰਘ, ਕਾਹਨ ਸਿੰਘ, ਮਲੂਕ ਸਿੰਘ, ਹੁਕਮਾ ਸਿੰਘ, ਮਾਨ ਸਿੰਘ ਅਤੇ ਬ੍ਰਹਮਾ ਸਿੰਘ ਵੱਖ ਵੱਖ ਸਮਿਆਂ ਤੇ ਪੰਜਾਬ ਭੇਜ ਦਿੱਤੇ ਗਏ ਸਨ ਅਤੇ ਸਤਿਗੁਰੂ ਜੀ ਆਪਣੀ ਰਜ਼ਾ ਵਿਚ ਹੀ ਮਰਗੋਈ ਤੋਂ ਅਲੋਪ ਹੋ ਗਏ। ਬਾਕੀ ਪੰਜ ਸੂਬੇ ਹੀ ਬਚਦੇ ਹਨ, ਸਾਹਿਬ ਸਿੰਘ, ਪਹਾੜਾ ਸਿੰਘ, ਰੂੜ ਸਿੰਘ, ਜਵਾਹਰ ਸਿੰਘ ਅਤੇ ਲੱਖਾ ਸਿੰਘ, ਜੋ ਪੰਜੇ ਹੀ ਜਲਾਵਤਨੀ ਦੇ ਵਿਚ ਹੀ ਬਸਤੀਵਾਦੀ ਸਰਕਾਰ ਦੇ ਸਿਰ ਆਪੋ ਆਪਣੇ ਦੇਹ-ਰੂਪੀ ਠੀਕਰੇ ਭੰਨ ਕੇ ਸਦਾ ਲਈ ਆਪਣੇ ਸਤਿਗੁਰੂ ਦੇ ਸੰਗ ਵਿਚ ਜਾ ਸਮਾਏ ਸਨ।

ਸੂਬਾ ਹੁਕਮਾ ਸਿੰਘ ਜੀ, ਪਹਿਲੇ ਪੰਜਾਂ ਤੋਂ ਬਾਅਦ, ਜਦੋਂ ਹੋਰ ਸਤਾਰਾਂ ਸੂਬੇ ਸਤਿਗੁਰੂ ਜੀ ਨੇ ਥਾਪੇ ਸਨ, ਉਸ ਸਮੇਂ ਸੂਬੇ ਬਣਾਏ ਗਏ ਸਨ। ਮੈਕਨੇਬ ਸਾਹਮਣੇ ਅਲਾਹਾਬਾਦ ਕਿਲੇ ਵਿਖੇ ਦਿੱਤੇ ਬਿਆਨਾਂ ਵਿਚ ਉਹ ਆਪਣੇ ਬਾਰੇ ਇਹ ਜਾਣਕਾਰੀ ਦਰਜ ਕਰਵਾਉਂਦੇ ਹਨ :

"ਹੁਕਮਾ ਸਿੰਘ ਪਿੰਡ ਪਿੱਥੋਕੇ, ਰਿਆਸਤ ਨਾਭਾ, ਉਮਰ ੩੫ ਸਾਲ, ਜਾਤ ਜੱਟ।"

"ਮੈਨੂੰ (ਸਤਿਗੁਰੂ) ਰਾਮ ਸਿੰਘ ਨੇ ਸੰਬਤ ੧੯੧੪ (੧੮੫੭-੫੮ ਈ.) ਵਿਚ, ਭੈਣੀ (ਸਾਹਿਬ) ਵਿਖੇ ਕੂਕਾ ਬਣਾਇਆ ਸੀ ਅਤੇ ਸੰਬਤ ੧੯੨੩ (੧੮੬੬-੬੮ ਈ.) ਵਿਚ ਮੈਨੂੰ ਸੂਬਾ ਬਣਾ ਦਿੱਤਾ ਗਿਆ ਸੀ। ਕੂਕਾ ਬਨਣ ਤੋਂ ਪਹਿਲਾਂ ਮੈਂ ਨਿਰਮਲਾ ਸਾਧ ਹੁੰਦਾ ਸਾਂ ਅਤੇ ਪਿਛਲੇ ੨੦ ਸਾਲਾਂ ਵਿਚ ਮੈਂ ਕਦੇ ਕਦਾਈ ਹੀ ਆਪਣੇ ਪਿੰਡ ਗਿਆ ਹੋਵਾਂਗਾ। ਮੈਂ ਘਰ ਪਰਿਵਾਰ ਨਹੀਂ ਵਸਾਇਆ ਹੈ। ਮੈਂ ਭੈਣੀ (ਸਾਹਿਬ) ਵਿਖੇ ਹੀ ਰਹਿੰਦਾ ਹਾਂ ਅਤੇ ਪਵਿੱਤਰ ਪੁਸਤਕਾਂ (ਪੋਥੀਆਂ) ਦੇ ਉਤਾਰੇ ਕਰਦਾ ਹਾਂ। ਅਤੇ ਜੇ ਕੋਈ ਨਾਮ ਅਭਿਲਾਖੀ ਯਾਚਨਾ ਕਰਦਾ ਹੈ ਤਾਂ ਮੈਂ ਉਹਨੂੰ "ਨਾਮ" ਦੇ ਦਿੰਦਾ ਹਾਂ।"

ਗਵਾਹੀਆਂ ਦੇ ਸਾਰ ਵਿਚੋਂ ਟਿੱਪਣੀ :

"ਇਕ ਜੋਸ਼ੀਲਾ-(ਉਤਸ਼ਾਹੀ) ਸੂਬਾ, ਹਮੇਸ਼ਾ (ਸਤਿਗੁਰੂ) ਰਾਮ ਸਿੰਘ ਦੇ ਨਾਲ.....ਅਕਸਰ ਬਗਾਵਤ ਦਾ ਪਰਚਾਰ ਕਰਦਾ ਹੈ।"

੨੩ ਅਪਰੈਲ, ੧੮੭੨ (ਦਸਤਖਤ) *ਜੇ. ਡਬਲਯੂ, ਮੈਕਨੇਬ*

ਰਾਇ — "ਹੁਕਮਾ ਸਿੰਘ ਕੋਈ ਗਿਣਤੀ ਵਿਚ ਆਉਣ ਵਾਲਾ ਮਹੱਤਵਪੂਰਨ ਵਿਅਕਤੀ ਮਾਲੂਮ ਨਹੀਂ ਹੁੰਦਾ.... ਉਹ ਕਈ ਵਰ੍ਹਿਆਂ ਤੋਂ (ਸਤਿਗੁਰੂ) ਰਾਮ ਸਿੰਘ ਦਾ ਨਿਕਟਵਰਤੀ ਨਿਜੀ ਸੇਵਕ ਚੱਲਿਆ ਆ ਰਿਹਾ ਹੈ ਅਤੇ ਉਸ ਨੂੰ ਪੋਥੀਆਂ ਦੇ

ਉਤਾਰੇ ਜਾਂ ਨਕਲਾਂ ਕਰਨ ਤੇ ਲਾਇਆ ਗਿਆ ਹੈ। ਅਤੇ ਜਿਹੜੀਆਂ ਪੋਥੀਆਂ ਕੂਕਿਆਂ ਪਾਸੋਂ ਮਿਲਦੀਆਂ ਹਨ ਉਹ ਆਪਣੇ ਰੁਝਾਨ ਵਿਚ ਬਾਗੀਆਨਾ ਲਿਖਤਾਂ ਹਨ.... ਮੈਂ ਸਮਝਦਾ ਹਾਂ ਕਿ ਜੇ ਸਭ ਠੀਕ ਠਾਕ ਰਹੇ ਤਾਂ ਉਸਨੂੰ ਇਕ ਸਾਲ ਦੇ ਵਕਫੇ ਬਾਅਦ ਵਾਪਸ ਭੇਜਿਆ ਜਾ ਸਕਦਾ ਹੈ। ਇਸ ਤੋਂ ਬਾਅਦ ਉਹ ਨਾਭੇ ਦੇ ਰਾਜੇ ਦੇ ਹਵਾਲੇ ਕੀਤਾ ਜਾ ਸਕਦਾ ਹੈ ਅਤੇ ਜਿਹੜਾ ਇਸ ਗੱਲ ਦੀ ਖਾਹਿਸ਼ ਕਰੇਗਾ ਕਿ ਇਹ (ਹੁਕਮਾ ਸਿੰਘ) ਪੁਲੀਸ ਨਿਗਰਾਨੀ ਹੇਠ ਆਪਣੇ ਪਿੰਡ ਪਿੱਥੋਕੇ ਵਿਚ ਚੁੱਪ-ਚਾਪ ਦਿਨ ਕਟੀ ਕਰੇਗਾ, ਨਾ ਕੋਈ ਸਭਾ ਜਾਂ ਦੀਵਾਨ ਆਯੋਜਿਤ ਕਰੇਗਾ ਅਤੇ ਨਾ ਮੇਲਿਆਂ ਵਿਚ ਹਿੱਸਾ ਲਏਗਾ।" *(ਦਸਤਖਤ) ਜੇ. ਡਬਲਯੂ. ਮੈਕਨੇਬ* [2]

ਇਸ ਤੋਂ ਸਾਬਤ ਹੁੰਦਾ ਹੈ ਕਿ ਹੁਕਮਾ ਸਿੰਘ ਦਾ ਜਨਮ ੧੮੩੭ ਈ. ਵਿਚ ਪਿੱਥੋਕੇ ਦੇ ਇਕ ਕਿਸਾਨ ਪਰਿਵਾਰ ਵਿਚ ਹੋਇਆ। ਉਹ ਮਾਨ ਗੋਤ ਦਾ ਜੱਟ ਸੀ ਜਿਸ ਦਾ ਜ਼ਿਕਰ ਵੀ ਸਰਕਾਰੀ ਰੀਕਾਰਡ ਵਿਚ ਹੈ। ਪਿੱਥੋ ਇਕ ਪੁਰਾਣਾ ਤੇ ਵੱਡਾ ਪਿੰਡ ਸੀ ਜਿਸ ਵਿਚ ਹੋਰ ਜਾਤੀਆਂ ਤੋਂ ਇਲਾਵਾ ਜੱਟਾਂ ਦੇ ਵੀ ਕਈ ਗੋਤ ਵੱਸਦੇ ਸਨ। ਰਾਇਕੋਟ ਸਾਕੇ ਦੇ ਦੋ ਨਾਮਧਾਰੀ ਸ਼ਹੀਦ ਮੰਗਲ ਸਿੰਘ, ਮਸਤਾਨ ਸਿੰਘ ਭੁੱਲਰ ਅਤੇ ਤੀਜਾ ਇਸੇ ਪਿੰਡ ਦਾ ਸ਼ਹੀਦ ਗੁਰਮੁਖ ਸਿੰਘ ਮੁਹਾਰ ਗੋਤ ਦਾ ਸੀ। ਪ੍ਰਸਿੱਧ ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਦੇ ਪੁਰਖੇ ਵੀ ਇਸੇ ਪਿੰਡ ਨਾਲ ਸਬੰਧਿਤ ਢਿੱਲੋਂ ਗੋਤ ਦੇ ਜੱਟ ਸਨ। ਮਲੇਰਕੋਟਲੇ ਸਾਕੇ ਵਿਚ ੧੮ ਜਨਵਰੀ ੧੮੭੨ ਈ. ਨੂੰ ਸ਼ਹੀਦ ਹੋਣ ਵਾਲਾ ਹੀਰਾ ਸਿੰਘ ਸਪੁੱਤਰ ਵੀਰ ਸਿੰਘ ਵੀ ਪਿੱਥੋ ਦੇ ਇਕ ਜੱਟ-ਜ਼ਿਮੀਦਾਰ ਪਰਿਵਾਰ ਵਿਚੋਂ ਹੀ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਇਸ ਪਿੰਡ ਦਾ ਨਾਮਧਾਰੀ ਇਤਿਹਾਸ ਵਿਚ ਕਿੰਨਾ ਮਹੱਤਵਪੂਰਨ ਸਥਾਨ ਸੀ—ਚਾਰ ਸ਼ਹੀਦਾਂ ਅਤੇ ਪੰਜਵੇਂ ਜਲਾਵਤਨ ਸੂਬਾ ਹੁਕਮਾ ਸਿੰਘ ਹੋਰਾਂ ਦੀ ਜਨਮ ਭੂਮੀ ਹੋਣ ਦਾ ਮਾਣ ਜਿਸਨੂੰ ਮਿਲਿਆ।

ਸੂਬਾ ਜੀ ਵੀਹ ਇੱਕੀ ਵਰ੍ਹਿਆਂ ਦੀ ਉਮਰ ਵਿਚ ਕੂਕੇ ਬਣ ਕੇ ਸਤਿਗੁਰੂ ਦੀ ਸ਼ਰਨ ਵਿਚ ਆ ਗਏ ਸਨ। ਇਸ ਤੋਂ ਪਹਿਲਾਂ ਉਹ ਨਿਰਮਲੇ ਸਾਧ ਸਨ। ਉਹ ਲਾਜ਼ਮੀ ਦਸਾਂ ਸਾਲਾਂ ਦੀ ਉਮਰ ਤੋਂ ਪਹਿਲਾਂ ਪਹਿਲਾਂ ਹੀ ਕਿਸੇ ਮਹਾਂਪੁਰਖ ਸਾਧੂ ਦੇ ਡੇਰੇ ਤੇ ਪੁੱਜ ਗਏ ਹੋਣਗੇ। ਸਿੱਖ ਰਾਜ ਦੀ ਖਾਨਾ ਜੰਗੀ ਉਹਨਾਂ ਦੇ ਬਾਲ ਕਾਲ ਵਿਚ ਹੀ ਵਾਪਰ ਗਈ ਸੀ। ਫਿਰ ਇਸੇ ਡੇਰੇ ਤੋਂ ਹੀ ਉਹਨਾਂ ਨਾਮ ਬਾਣੀ ਅਤੇ ਗੁਰਮਤ ਜੀਵਨ ਜਾਚ ਗ੍ਰਹਿਣ ਕੀਤੀ ਹੋਵੇਗੀ। ਪਰ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ-ਸੰਗਤਾਂ ਵਿਚ ਵਧਦਾ ਪ੍ਰਭਾਵ ਅਤੇ ਪੰਜਾਬੀ ਸੱਤਾ ਦੇ ਗੁਆਚੇ ਗੌਰਵ ਨੂੰ ਮੁੜ ਬਹਾਲ ਕਰਨ ਦੀ ਉਹਨਾਂ ਦੀ ਲੋਚਾ ਨੇ ਹੋਰ ਬਹੁਤ ਸਾਰੇ ਉਦਾਸੀ-ਨਿਰਮਲੇ-ਬੈਰਾਗੀ ਸਾਧੂਆਂ ਜਿਉਂ ਹੁਕਮਾ ਸਿੰਘ ਹੋਰਾਂ ਨੂੰ ਵੀ ਆਪ ਵੱਲ ਆਕਰਸ਼ਿਤ ਕਰ ਲਿਆ ਹੋਵੇਗਾ। ਨਿਰਮਲੇ ਸਾਧੂ ਗੁਰਮੁਖੀ ਲਿਪੀ ਵਿਚ ਗੁਰਬਾਣੀ ਲਿਖਣ ਪੜ੍ਹਨ ਅਤੇ ਪਾਠ ਬੋਧ ਕਰਾਉਣ ਵਿਚ ਵਿਖਿਆਤ ਸਨ। ਅਤੇ ਹੁਕਮਾ ਸਿੰਘ ਦਾ ਇਹ ਗੁਣ ਜਾਣ ਕੇ ਹੀ ਸਤਿਗੁਰੂ ਜੀ ਨੇ ਉਸਨੂੰ ਆਪਣੀ ਸੇਵਾ ਵਿਚ ਰੱਖਣ ਦਾ ਫੈਸਲਾ ਲਿਆ ਅਤੇ ਆਪਣੇ ਰਾਜਨੀਤਕ ਮਨੋਰਥਾਂ ਵਿਚ ਸਹਾਈ ਹੋਣ ਵਾਲੀਆਂ ਦਸਵੇਂ ਪਾਤਸ਼ਾਹ ਦੀ ਬੀਰ-ਰਸੀ ਬਾਣੀ, ਸੌ-ਸਾਖੀ, ਕਰਨੀ-ਨਾਮਾ ਅਤੇ ਹੋਰ ਅਜੇਹੀਆਂ ਭਵਿੱਖ ਬਾਣੀਆਂ ਵਾਲੀਆਂ ਪੋਥੀਆਂ ਲੋਕ-ਮਾਨਸਿਕਤਾ ਨੂੰ ਜੂਝਣ ਦੀ ਪਾਹ ਲਾਉਣ ਲਈ ਹੁਕਮਾ ਸਿੰਘ ਹੋਰਾਂ ਤੋਂ ਲਿਖਵਾਉਣ ਲੱਗ ਪਏ। ਹੋ ਸਕਦਾ ਹੈ ਕਿ ਉਸ ਦੀ ਵੇਖਾ ਵੇਖੀ ਕੁਝ ਹੋਰ ਯੁਵਾ-ਜਨ ਵੀ ਇਸ ਕਾਰਜ ਵਿਚ ਸਹਾਈ ਹੋ ਗਏ ਹੋਣਗੇ। ਇਹ ਸਮਾਂ ਦੀਵਾਨ ਬੂਟਾ ਸਿੰਘ ਦੇ ਲਾਹੌਰ ਵਿਚ ਛਾਪਾਖਾਨਾ ਸਥਾਪਿਤ ਕਰਨ ਤੋਂ ਪਹਿਲਾਂ ਦਾ ਸਮਾਂ ਹੈ।

ਭਾਵੇਂ ਉਸਨੂੰ ਉਹ ਘੱਟ ਮਹੱਤਵਪੂਰਨ ਸੂਬਾ ਲਿਖਦੇ ਹਨ ਪਰ ਪੂਰੇ ਪੰਦਰਾਂ ਸਾਲ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬਿਤਾਉਣ ਵਾਲੇ, ਹਜ਼ੂਰੀ ਸੇਵਕ ਦਾ, ਕੂਕਾ ਮਾਨਸਿਕਤਾ ਤੇ ਕਿੰਨਾ ਗਹਿਰਾ ਪ੍ਰਭਾਵ ਹੋ ਸਕਦਾ ਹੈ ਅਤੇ ਉਸਦੇ ਗਿਰਦੇ ਜੁੜਨ ਲਈ ਨਾਮਧਾਰੀ ਸੰਗਤਾਂ ਨੂੰ ਉਹ ਇਕ ਕੇਂਦਰ ਬਿੰਦੂ ਦਾ ਕੰਮ ਦੇ ਸਕਦਾ ਹੈ, ਇਸੇ ਲਈ ਜਲਾਵਤਨ ਸੂਬਿਆਂ ਦੀ ਸੂਚੀ ਵਿਚ ਹੁਕਮਾ ਸਿੰਘ ਹੋਰਾਂ ਦਾ ਨਾਮ ਆਉਣਾ ਜ਼ਰੂਰੀ ਹੋ ਗਿਆ ਸੀ। ਜਦੋਂ ਤੋਂ ਸਰਕਾਰ ਅੰਗਰੇਜ਼ੀ ਨੇ ਸਤਿਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬਿਆਂ ਅਤੇ ਸਰਗਰਮ ਕੂਕਿਆਂ ਤੇ ਖੁਫੀਆ ਨਿਗਰਾਨੀ ਰੱਖਣੀ ਸ਼ੁਰੂ ਕੀਤੀ, ਹੁਕਮਾ ਸਿੰਘ ਹੋਰਾਂ ਬਾਰੇ ਵੀ ਗਾਹੇ-ਬਗਾਹੇ ਸਰਕਾਰੀ ਦਸਤਾਵੇਜ਼ ਵਿਚ ਬਾਤਾਂ ਪੈਂਦੀਆਂ ਸੁਣੀਦੀਆਂ ਹਨ।

੧੮੬੭ ਈ. ਦੀ ਅੰਮ੍ਰਿਤਸਰ ਦੀ ਦੀਵਾਲੀ ਦੇ ਪੁਰਬ ਤੇ ਜਿਹਨਾਂ ੨੨ ਸੂਬਿਆਂ ਦਾ ਸਰਕਾਰੀ ਰੀਕਾਰਡ ਵਿਚ ਸਤਿਗੁਰੂ ਜੀ ਦੇ ਨਾਲ ਜਾਣਾ ਲਿਖਿਆ ਹੈ, ਉਸ ਵਿਚ, ਸੂਬਾ ਜੀ ਬਾਰੇ ਇਉਂ ਇੰਦਰਾਜ ਹੈ :

"ਸੱਤਵਾਂ ਹੁਕਮਾ ਸਿੰਘ ਸਪੁੱਤਰ ਮੋਹਰ ਸਿੰਘ ਜਾਤ ਵਾਹੀਵਾਨ ("ਮਾਨ") ਨਿਵਾਸੀ ਨਾਭਾ ਰਿਆਸਤ ਦਾ ਪਿੰਡ ਪਿੱਥੋ ਉਮਰ ੨੫ ਸਾਲ, ਉਹ (ਧਰਮ) ਪਰਚਾਰ ਲੁਧਿਆਣਾ ਅਤੇ ਮਾਝੇ ਦੇ ਇਲਾਕੇ ਵਿਚ ਕਰਦਾ ਹੈ।"[3]

ਇਸ ਇੰਦਰਾਜ ਦੁਆਰਾ ਮਗਰਲੇ ਹਵਾਲਿਆਂ ਨਾਲੋਂ ਸੂਬਾ ਜੀ ਦੀ ਉਮਰ ੫ ਸਾਲ ਘੱਟ ਬਣਦੀ ਹੈ। ਪਰ ਇਹ ਉਮਰ ਤਾਂ ਸੁਣ ਸੁਣਾ ਕੇ ਲਿਖੀ ਗਈ ਹੈ। ਇਸ ਲਈ ਮੈਕਨੇਬ ਦੇ ਸਾਹਮਣੇ ਦਿੱਤੇ ਬਿਆਨਾਂ ਵਿਚਲੀ ਸੂਬਾ ਜੀ ਦੀ ਉਮਰ ਨੂੰ ਹੀ ਪ੍ਰਮਾਣਿਕ ਮੰਨਿਆ ਜਾਵੇਗਾ। ਜਿਸ ਵਿਚ ਵਾਧੇ ਘਾਟੇ ਦੀ ਕੋਈ ਗੁੰਜਾਇਸ਼

ਨਹੀਂ ਹੋ ਸਕਦੀ। ਸੂਬਾ ਜੀ ਦੇ ਪਿਤਾ ਦੇ ਨਾਮ ਦਾ ਵੀ ਇੱਥੋਂ ਹੀ ਪਤਾ ਲੱਗਦਾ ਹੈ। ਉਹਨਾਂ ਦਾ ਕਾਰਜ ਖੇਤਰ ਵੀ ਮਿਥਿਆ ਗਿਆ ਹੈ। ਭਾਵੇਂ ਉਹਨਾਂ ਦਾ ਨਿਵਾਸ ਲਗਾਤਾਰ ਭੈਣੀ ਸਾਹਿਬ ਵਿਖੇ ਹੀ ਰਿਹਾ।

ਇਸੇ ਸਾਲ ਦੇ ਮਾਰਚ ਮਹੀਨੇ ਵਿਚ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਜਿਹਨਾਂ ਸੂਬਿਆਂ ਸਮੇਤ ਭਾਗ ਲਿਆ ਉਹਨਾਂ ਵਿਚੋਂ ਹੁਕਮਾ ਸਿੰਘ ਜੀ ਦਾ ਨਾਮ ਛੇਵੇਂ ਨੰਬਰ ਤੇ ਆਉਂਦਾ ਹੈ। ਕੁੱਲ ਸੂਬੇ ੨੨ ਲਿਖੇ ਹਨ ਇੱਥੇ ਵੀ। ਇਹਨਾਂ ਵਿਚੋਂ ਜੋਤਾ ਸਿੰਘ ਢਪਈ ਤੋਂ ਬਿਨਾਂ ਬਾਕੀ ੨੧ ਸਤਿਗੁਰੂ ਜੀ ਦੇ ਨਾਲ ਹਾਜ਼ਰ ਦੱਸੇ ਗਏ ਹਨ।[4] ੧੮੬੭ ਈ. ਦਾ ਸਾਲ ਕੂਕਾ ਅੰਦੋਲਨ ਵਿਚ ਬਹੁਤ ਮਹੱਤਵਪੂਰਨ ਹੈ। ੧੮੬੩ ਈ. ਦੇ ਜੂਨ ਮਹੀਨੇ ਤੋਂ ਲੈ ਕੇ ੧੮੬੬ ਈ. ਦੇ ਅੰਤ ਤੱਕ ਸਤਿਗੁਰੂ ਜੀ ਤੇ ਪ੍ਰਮੁੱਖ ਸੂਬਿਆਂ ਦੇ ਖੁਲ੍ਹਮ ਖੁੱਲ੍ਹਾ ਪਰਚਾਰ ਦੌਰਿਆਂ ਤੇ ਪਾਬੰਦੀਆਂ ਆਇਦ ਸਨ। ਅਨੰਦਪੁਰ ਸਾਹਿਬ ਦਾ ਮਾਰਚ ੧੮੬੭ ਈ. ਦਾ ਹੋਲਾ ਮਹੱਲਾ, ਸੰਤ ਨਿਧਾਨ ਸਿੰਘ 'ਆਲਿਮ' ਦੀ ਲਿਖਤ ਮੁਤਾਬਿਕ ਸਤਿਗੁਰੂ ਜੀ ਨੇ ਬਿਨਾਂ ਸਰਕਾਰੀ ਮਨਜ਼ੂਰੀ ਹਾਸਲ ਕੀਤਿਆਂ, ਸੱਤਿਆਗ੍ਰਹਿ ਦੇ ਤੌਰ ਤੇ ਪਾਬੰਦੀਆਂ ਤੋੜ ਕੇ, ਜਾ ਮਨਾਇਆ ਸੀ।[5]

ਅਨੰਦਪੁਰ ਸਾਹਿਬ ਵਿਖੇ, ਖਾਲਸੇ ਦਾ ਜਨਮ ਸਥਾਨ 'ਤਖਤ ਸ੍ਰੀ ਕੇਸਗੜ੍ਹ ਸਾਹਿਬ' ਅਤੇ ਅੰਮ੍ਰਿਤਸਰ ਜੀ ਵਿਖੇ ਮੀਰੀ ਪੀਰੀ ਦੇ ਵਾਲੀ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸਥਾਪਿਤ "ਸ੍ਰੀ ਅਕਾਲ ਤਖਤ ਸਾਹਿਬ" ਹਰਿਮੰਦਰ ਸਾਹਿਬ ਦੇ ਸਾਂਹਵੇਂ ਸਥਿਤ ਹੈ। ਇਹਨਾਂ ਦੋਹਾਂ ਸਿੱਖ ਤਖਤਾਂ ਨੂੰ, ਜੋ ਉਸ ਸਮੇਂ ਸਰਕਾਰ ਅੰਗਰੇਜ਼ੀ ਦੇ ਖ਼ੈਰ ਖਾਹ ਸਿੱਖ ਪੁਜਾਰੀਆਂ ਦੇ ਪ੍ਰਬੰਧ ਵਿਚ ਸਨ, ਕੂਕਾ ਅਤੇ ਸਿੱਖ ਭਾਈਚਾਰੇ ਦੇ ਵਿਚਾਲੇ ਤਫਰਕਾ ਪੈਦਾ ਕਰਨ ਲਈ, ਸਰਕਾਰ ਨੇ ਭਲੀ ਭਾਂਤ ਵਰਤਿਆ ਸੀ। ਸਤਿਗੁਰੂ ਜੀ ਨੇ ਇੱਥੇ ਬੇਖੌਫ ਹੋ ਕੇ ਸਿੱਖ ਮੱਤ ਅਤੇ ਗੁਰਬਾਣੀ ਆਸ਼ੇ ਅਨੁਸਾਰ, ਆਪਣੀ ਜੀਵਨ ਜਾਂਚ ਤੇ ਰਹਿਣੀ ਬਹਿਣੀ ਨੂੰ ਦਰੁਸਤ ਸਿੱਧ ਕਰਦਿਆਂ, ਨਾਮਧਾਰੀਆਂ ਨੂੰ ਟਕਸਾਲੀ ਸਿੱਖੀ ਦੇ ਅੰਗ ਸਾਬਤ ਕੀਤਾ ਸੀ। ਅਜੇਹੇ ਇਤਿਹਾਸਕ ਅਵਸਰਾਂ ਤੇ ਸੂਬਾ ਹੁਕਮਾ ਸਿੰਘ ਹੋਰਾਂ ਦੀ ਮੌਜੂਦਗੀ ਉਹਨਾਂ ਦੀ ਅਧਿਆਤਮਕ ਜੀਵਨ ਜਾਚ ਦੇ ਉਚੇ ਪਰਮਾਣ ਵਜੋਂ ਪੇਸ਼ ਕੀਤੀ ਜਾ ਸਕਦੀ ਹੈ।

ਕੂਕਾ ਜਥੇਬੰਦੀ ਬਾਰੇ ਪ੍ਰੋਫੈਸਰ ਰੁਚੀ ਰਾਮ ਜੀ ਸਾਹਨੀ, ਲਾਹੌਰ ਲਿਖਦੇ ਹਨ ਕਿ "ਉਨ੍ਹਾਂ (ਭਾਵ ਸਤਿਗੁਰੂ ਰਾਮ ਸਿੰਘ ਜੀ) ਨੇ ਹਰ ਜ਼ਿਲੇ ਵਿਚ ਇਕ ਸੂਬਾ ਨੀਯਤ ਕੀਤਾ। ਹਰ ਤਸੀਲ ਵਿਚ ਦੋ ਜਥੇਦਾਰ ਅਤੇ ਹਰ ਇਕ ਪਿੰਡ ਵਿਚ ਇਕ ਗਰੰਥੀ ਟਿਕਿਆ। ਮੁੱਢਲੀ ਪੜ੍ਹਾਈ ਲਈ ਕੌਮੀ ਆਸ਼ਰਮ ਖੋਹਲੇ ਗਏ ਅਤੇ ਜਿੱਥੇ ਗਏ ਉੱਥੇ ਮੁਫਤ ਲੰਗਰ (ਫਰੀ ਕਿਚਨ) ਜਾਰੀ ਕੀਤਾ। ਆਪਣੇ ਸਿੱਖਾਂ ਨੂੰ ਸਾਦਾ ਜੀਵਨ ਵਿਤੀਤ ਕਰਨ ਅਤੇ ਆਪਣੇ ਆਸ਼ਰਮਾਂ ਦੀ ਸਹਾਇਤਾ ਕਰਨ ਦੀ ਨਸੀਹਤ ਕੀਤੀ। ਆਪਨੇ ਵੇਖਿਆ ਕਿ ਪੱਛਮੀ ਸੱਭਿਅਤਾ ਜੀਵਨ ਦੀ ਸਾਦਗੀ ਅਤੇ ਸਦਾਚਾਰਕ ਸ਼ਕਤੀ ਨੂੰ ਫਰੇਬ ਨਾਲ ਨਸ਼ਟ ਕਰ ਰਹੀ ਹੈ, ਏਸ ਲਈ ਆਪਨੇ ਪੱਛਮੀ ਸਿੱਖਿਆ ਤੇ ਮੁਲਾਮਤ ਪਾਈ, ਅਤੇ ਸਰਕਾਰੀ ਨੌਕਰੀਆਂ ਤੇ ਕਚੈਹਰੀਆਂ ਵਿਚ ਜਾਣ ਦੀ ਮਨਾਹੀ ਕੀਤੀ। ਆਪਦੇ ਪਰਚਾਰ ਨੇ ਦੇਸ਼ ਨੂੰ ਚੁਕੰਨਿਆਂ ਕਰ ਦਿੱਤਾ। ਪੁਜਾਰੀ ਸਮਾਜ ਉਹਨਾਂ ਦੀ ਨੁਕਤਾਚੀਨੀ ਤੇ ਬਹੁਤ ਚਿੜ੍ਹ ਗਿਆ। ਆਪ ਤੇ ਆਪ ਦੇ ਸਿੱਖਾਂ ਲਈ ਗੁਰਦੁਆਰਿਆਂ ਦੇ ਬੂਹੇ ਬੰਦ ਕਰ ਦਿੱਤੇ ਗਏ। ਗਵਰਨਮੈਂਟ ਨੇ ਆਪਦੀਆਂ ਸਰਗਰਮੀਆਂ ਨੂੰ ਰੋਕਣ ਲਈ ਕਨੂੰਨ ਦਾ ਸਹਾਰਾ ਲਿਆ। (ਗੁਰਦਵਾਰਾ ਰੀਫਾਰਮ ਮੂਵਮੈਂਟ ਪੰਨਾ ੩੪)"[6]

ਆਲਿਮ ਜੀ ਨੇ ਆਪਣੀ ਪੁਸਤਕ ਵਿਚ ਸੂਬਾ ਹੁਕਮਾ ਸਿੰਘ ਦੇ ਪਿਤਾ ਦਾ ਨਾਮ ਮੋਹਰ ਸਿੰਘ ਦੀ ਬਜਾਏ ਮੇਹਰ ਸਿੰਘ ਲਿਖਿਆ ਹੈ। ਇਹ ਅੰਗਰੇਜ਼ੀ ਸ਼ਬਦ-ਜੋੜਾਂ ਦੀ ਪੰਜਾਬੀ ਨਾਵਾਂ ਬਾਰੇ ਸਮੱਸਿਆ ਕਰਕੇ ਵੀ ਹੋ ਸਕਦਾ ਹੈ। ਸਰਕਾਰੀ ਰੀਕਾਰਡ ਵਿਚ ਮੈਕਨੇਬ ਸਾਂਹਵੇਂ ਬਿਆਨ ਵਿਚ ਸੂਬਾ ਜੀ ਦੇ ਪਿਤਾ ਜੀ ਦਾ ਨਾਮ ਵੀ ਦਰਜ ਨਹੀਂ। ਹੋ ਸਕਦਾ ਹੈ ਸੂਬਾ ਜੀ ਪਿਤਾ ਵਾਲੇ ਖਾਨੇ ਵਿਚ ਆਮ ਨਾਮਧਾਰੀ ਸਿੰਘਾਂ ਵਿਚ ਪ੍ਰਚਲਿਤ ਧਾਰਨਾ ਸਦਕੇ ਪਿਤਾ ਸਤਿਗੁਰੂ ਰਾਮ ਸਿੰਘ ਲਿਖਵਾਉਂਦੇ ਹੋਣਗੇ ਜੋ ਹਾਕਮਾਂ ਨੇ ਨਾ ਲਿਖਿਆ ਹੋਵੇਗਾ। ਕਿਉਂਕਿ ਅਨੰਦਪੁਰ ਦੇ ਉਪਰੋਕਤ ਹੋਲੇ ਸਮੇਂ ਇਕ ਪੁਲਿਸ ਇਨਸਪੈਕਟਰ ਫ਼ਜ਼ਲ ਹੁਸੈਨ ਦੀ ੨੦ ਮਾਰਚ ੧੮੬੭ ਈ. ਦੀ ਰੀਪੋਰਟ ਵਿਚ ਦਰਜ ਹੈ "ਸੂਬਿਆਂ ਦਾ ਵਰਣਨ ਕਰਦਾ ਹੋਇਆ ਮੀਆਂ ਫ਼ਜ਼ਲ ਹੁਸੈਨ ਲਿਖਦਾ ਹੈ ਕਿ- "ਮੈਂ ਇਨ੍ਹਾਂ ਦੇ ਰਿਹਾਇਸ਼ੀ ਪਿੰਡਾਂ ਦਾ ਪਤਾ ਕਰਨ ਲਈ ਕਈ ਵਾਰ ਜਤਨ ਕੀਤਾ ਪਰ ਸਫਲਤਾ ਨਾ ਹੋਈ। ਇਸ ਬਾਬਤ ਮੈਨੂੰ ਹਰ ਇਕ ਨੇ ਇਹੀ ਉੱਤਰ ਦਿੱਤਾ ਕਿ "ਜਦ ਤੋਂ ਅਸੀਂ ਕੂਕੇ ਹੋਏ ਹਾਂ ਸਾਨੂੰ ਆਪਣੇ ਪਿੰਡਾਂ ਦਾ ਚੇਤਾ ਵਿਸਰ ਗਿਆ ਹੈ। ਹੁਣ ਤਾਂ ਕੇਵਲ ਏਨਾਂ ਹੀ ਜਾਣਦੇ ਹਾਂ ਕਿ ਸਾਡਾ ਪਿੰਡ ਭੈਣੀ ਸਾਹਿਬ ਅਤੇ ਪਿਤਾ ਸਤਿਗੁਰੂ ਰਾਮ ਸਿੰਘ ਜੀ ਹਨ।"

ਮਿਸਟਰ ਟੀ. ਏ. ਓ. ਕੂਨਰ ਕਾਰਜਕਾਰੀ ਪੁਲਿਸ ਕਪਤਾਨ ਹੁਸ਼ਿਆਰਪੁਰ ਦੀ ਉੱਥੋਂ ੨੨ ਨਵੰਬਰ ੧੮੭੧ ਨੂੰ ਪੰਜਾਬ ਪੁਲੀਸ ਦੇ ਕਾਰਜਕਾਰੀ ਇੰਨਸਪੈਕਟਰ ਜਨਰਲ ਪੁਲੀਸ ਨੂੰ ਭੇਜੀ ਰੀਪੋਰਟ ਵਿਚ, ਜਿਸ ਵਿਚ ਉਹ ਕੂਕਾ ਮੱਤ ਦੇ ਮੁਖੀਆਂ ਦਾ ਨਾਮ ਪਤਾ ਲਿਖਦਾ ਹੈ, ਹੁਕਮਾ ਸਿੰਘ ਪੁੱਤਰ ਮੋਹਰ ਸਿੰਘ ਜੱਟ ਅਤੇ ਉਸਨੂੰ ਹੁਕਮਾ ਸਿੰਘ ਉਰਫ ਗਰੰਥੀ ਕਰਕੇ ੫੦ ਨੰਬਰ ਤੇ ਦਰਜ ਕੀਤਾ ਹੈ ਅਤੇ ਪਿੰਡ ਰਿਆਸਤ ਨਾਭਾ ਵਿਚ. ਲੁਭਾਰ ਲਿਖਿਆ ਹੈ। ਇਹ ਵੀ ਛਾਪੇ ਦੀ ਗਲਤੀ ਜਾਪਦੀ ਹੈ। ਉਸਦਾ ਰੁਤਬਾ ਸੂਬੇ ਦਾ ਬਿਆਨ ਕੀਤਾ ਹੈ ਅਤੇ ਉਸਦੇ ਸੈਨਿਕ ਜੀਵਨ

ਬਾਰੇ ਵੇਰਵੇ ਵਾਲੇ ਖਾਨੇ ਵਿਚ, ਨਾ ਮਲੂਮ ਲਿਖਿਆ ਹੈ। ਗਰੰਥੀ ਲਿਖਣ ਤੋਂ ਭਾਵ ਹੈ ਕਿ ਸੂਬਾ ਜੀ ਆਪਣਾ ਜ਼ਿਆਦਾ ਸਮਾਂ ਸ੍ਰੀ ਆਦਿ ਗਰੰਥ ਸਾਹਿਬ ਦੀ ਬਾਣੀ ਦੇ ਪਠਨ ਪਾਠਨ ਵਿਚ ਬਿਤਾਉਂਦੇ ਹੋਣਗੇ।[8] ਇਉਂ ਉਹ ਧਾਰਮਿਕ ਬਿਰਤੀ ਵਾਲੇ ਸੰਤ ਮਹਾਂਪੁਰਖ ਸਿੱਧ ਹੁੰਦੇ ਹਨ, ਜੋ ਬੜੇ ਸਾਧੂ ਸੁਭਾਉ ਵਿਚ ਵਿਚਰਦੇ ਸਨ ਅਤੇ ਅੱਠੇ ਪਹਿਰ, ਆਪਣੇ ਸਤਿਗੁਰੂ ਦੀ ਨਿਕਟਤਾ ਮਾਂਣ ਕੇ, ਪਰਸੰਨ ਚਿੱਤ ਰਹਿੰਦੇ ਸਨ ਅਤੇ ਹੋਰ ਹਰ ਤਰ੍ਹਾਂ ਦੇ ਆਪਣੇ ਫੁਰਨਿਆਂ ਨੂੰ ਕਾਬੂ ਵਿਚ ਕਰਕੇ, ਸੰਜਮੀ ਜੀਵਨ ਬਿਤਾ ਰਹੇ ਸਨ।

ਵੈਸੇ ਤਾਂ ਮਲੇਰਕੋਟਲੇ ਸਾਕੇ ਤੋਂ ਪਹਿਲਾਂ ਹੀ, ਸਰਕਾਰ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਨੂੰ ਦੇਸ਼ ਨਿਕਾਲਾ ਦੇਣ ਬਾਰੇ ਸੋਚ ਚੁੱਕੀ ਸੀ, ਪਰ ਵੱਡੀ ਪੱਧਰ ਤੇ ਹੋਈ ਇਸ ਘਟਨਾ ਤੋਂ ਬਾਦ ਇਹ ਸਭ ਕੁਝ ਤੁਰਤ ਫੁਰਤ ਕਰ ਦਿੱਤਾ ਗਿਆ। ਕਿਉਂਕਿ ਹੇਠਲੇ ਅਧਿਕਾਰੀਆਂ ਨੇ ਉਪਰਲਿਆਂ ਨੂੰ, ਪੰਜਾਬ ਦੀ ਸਥਿਤੀ ਬਾਰੇ ਲਿਖ ਦਿੱਤਾ ਸੀ ਕਿ ਦੇਸ਼ ਸੁਰੱਖਿਅਤ ਨਹੀਂ ਸਮਝਿਆ ਜਾ ਸਕਦਾ, ਜਦੋਂ ਤਕ ਕੂਕਾ ਅੰਦੋਲਨ ਦੇ ਆਗੂ ਭਾਵ ਸੂਬੇ ਖੁੱਲ੍ਹਮ ਖੁੱਲ੍ਹੇ ਵਿਚਰ ਰਹੇ ਹੋਣ। ਲੁਧਿਆਣੇ ਦੇ ਮੈਜਿਸਟਰੇਟ ਸੀ. ਬੀਦਨ ਦੇ ਸਾਹਮਣੇ ਭੈਣੀ ਸਾਹਿਬ ਅਤੇ ਆਸੇ ਪਾਸੇ ਦੇ ਪਿੰਡਾਂ ਦੇ ਲੰਬੜਦਾਰਾਂ, ਸਪੈਦਪੋਸ਼ਾਂ ਅਤੇ ਹੋਰਨਾਂ ਵਿਅਕਤੀਆਂ ਦੀਆਂ ਗਵਾਹੀਆਂ ਵਿਚ, ਜਨਵਰੀ ੧੮੭੨ ਈ. ਵਿਚ ਭੈਣੀ ਸਾਹਿਬ ਵਿਖੇ ਹੋਏ, ਮਾਘੀ ਦੇ ਮੇਲੇ ਸਮੇਂ, ਜਿਹਨਾਂ ਪ੍ਰਮੁੱਖ ਸੂਬਿਆਂ ਨੂੰ ਉੱਥੇ ਹਾਜ਼ਰ ਵੇਖਿਆ ਗਿਆ ਸੀ, ਉਹਨਾਂ ਵਿਚੋਂ ਤਕਰੀਬਨ ਹਰ ਗਵਾਹੀ ਵਿਚ ਸੂਬਾ ਹੁਕਮਾ ਸਿੰਘ ਹੋਰਾਂ ਦੀ ਹਾਜਰੀ ਉੱਥੇ ਮੰਨੀ ਗਈ ਸੀ। ਕਈ ਗਵਾਹ ਇਹ ਕਹਿੰਦੇ ਸਨ ਕਿ ਅਸੀਂ ਭਾਵੇਂ ਨਿਜੀ ਤੌਰ ਤੇ ਲੱਖਾ ਸਿੰਘ, ਬ੍ਰਹਮਾ ਸਿੰਘ, ਸਾਹਿਬ ਸਿੰਘ, ਜਵਾਹਰ ਸਿੰਘ, ਕਾਹਨ ਸਿੰਘ ਆਦਿ ਜ਼ਿਆਦਾ ਪ੍ਰਸਿੱਧ ਸੂਬਿਆਂ ਨੂੰ ਜਾਣਦੇ ਸਾਂ, ਪ੍ਰੰਤੂ ਬਾਕੀ ਜਿਹਨਾਂ ਵਿਚ ਹੁਕਮਾ ਸਿੰਘ ਹੋਰੀਂ ਵੀ ਆਉਂਦੇ ਸਨ ਉਹਨਾਂ ਦੇ ਨਾਂਵਾਂ ਤੋਂ, ਉਹਨਾਂ ਦੀ ਪੰਥ ਵਿਚ ਹੋ ਰਹੀ ਮਸ਼ਹੂਰੀ ਤੋਂ ਜ਼ਰੂਰ ਜਾਣਦੇ ਸਾਂ। ਫਿਰ ਸੂਬਾ ਹੁਕਮਾ ਸਿੰਘ ਤਾਂ ਰਹਿੰਦੇ ਹੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਨ ਅਤੇ ਹਜ਼ੂਰੀ ਸੇਵਕ ਦੀ ਪ੍ਰਸਿੱਧੀ ਵਾਲੇ ਸੂਬੇ ਨੂੰ ਇਸ ਧਰ ਪਕੜ ਵਿਚ ਸੁੱਕਾ ਛੱਡ ਦੇਣਾ, ਜਿਹਾ ਕਿ ਉਪਰ ਲਿਖ ਆਏ ਹਾਂ ਸਰਕਾਰ ਨੂੰ ਉੱਕਾ ਹੀ ਗਵਾਰਾ ਨਹੀਂ ਹੋ ਸਕਦਾ ਸੀ। ਫਿਰ ਭਾਵੇਂ ਸੂਬਾ ਜੀ ਪਿਛਲੇ ਸਮੇਂ ਵਿਚ ਪਿੰਡ ਪਿੱਥੋ, ਬਹੁਤ ਘੱਟ ਜਾਣ ਦੀ ਗੱਲ, ਮੈਕਨੇਬ ਸਾਂਹਵੇਂ ਦਿੱਤੇ ਬਿਆਨ ਵਿਚ ਕਰਦੇ ਹਨ, ਪਰ ਇਹ ਪਿੰਡ ਪਿੱਥੋ ਹੀ ਸੀ, ਜਿਸ ਦੇ ਤਿੰਨ ਸਿੰਘ ਰਾਇਕੋਟ ਸਾਕੇ ਦੇ ਮੁੱਖ ਮੁਜਰਿਮ ਗਰਦਾਨ ਕੇ, ੫ ਅਗਸਤ ੧੮੭੧ ਈ. ਨੂੰ ਬੱਸੀਆਂ ਦੀ ਕੋਠੀ (ਰਾਇਕੋਟ ਦੇ ਸਮੀਪ) ਵਿਚ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ ਸਨ। ਇਹਨਾਂ ਰਾਇਕੋਟ ਦੇ ਸ਼ਹੀਦਾਂ ਨੂੰ ਉਕਸਾਉਣ ਦੇ ਦੋਸ਼ ਹੇਠ ਹੀ, ੨੬ ਨਵੰਬਰ ੧੮੭੧ ਨੂੰ ਪੁਰਾਣੀ ਲੁਧਿਆਣਾ ਜਿਹਲ ਦੇ ਪਾਸ, ਦੋ ਪ੍ਰਮੁੱਖ ਕੂਕੇ ਸੂਬੇ ਗਿਆਨੀ ਸਿੰਘ ਉਰਫ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲਾ ਨੂੰ ਫਾਂਸੀ ਦਿੱਤੀ ਗਈ ਸੀ। ਅਤੇ ਸੂਬਾ ਗਿਆਨੀ ਸਿੰਘ ਹੋਰਾਂ ਦੇ ਹੋਏ, ਬਦਲੇ ਦੀ ਭਾਵਨਾ ਨਾਲ ਸਰਕਾਰ ਹੱਥੋਂ ਕਾਨੂੰਨੀ ਕਤਲ ਸਦਕਾ ਹੀ, ਹੋਰਨਾਂ ਕਾਰਨਾਂ ਤੋਂ ਇਲਾਵਾ ਮਲੇਰਕੋਟਲੇ ਸਾਕੇ ਦਾ ਮੁੱਢ ਬੱਝਾ ਸੀ। ਇਉਂ ਖਾਮੋਸ਼ ਵਿਚਰਨ ਵਾਲੇ, ਆਪਾ ਨਾ ਜਨਾਉਣ ਵਾਲੀ, ਸ਼ਖਸੀਅਤ ਹੋਣ ਸਦਕਾ ਵੀ, ਸੂਬਾ ਹੁਕਮਾ ਸਿੰਘ ਹੋਰਾਂ ਦਾ ਪਰਛਾਵਾਂ ਸਰਕਾਰ ਅੰਗਰੇਜ਼ੀ ਨੂੰ ਇਸ ਮਹਾਂ-ਸੰਗਰਾਮ ਦੀਆਂ, ਸਾਰੀਆਂ ਘਟਨਾਵਾਂ ਤੇ ਫੈਲਿਆ ਮਾਲੂਮ ਹੁੰਦਾ ਸੀ। ਇਸੇ ਵਾਸਤੇ ਭਾਵੇਂ ਉਹਨਾਂ ਨੂੰ ਸਤਿਗੁਰੂ ਜੀ ਤੋਂ ਬਾਅਦ ਵਾਲੀ, ਅਲਾਹਾਬਾਦ ਜਾਣ ਵਾਲੀ ਦੂਸਰੀ ਗੱਡੀ ਵਿਚ ਹੀ, ੧੮ ਜਨਵਰੀ ੧੮੭੨ ਈ. ਨੂੰ ਹੀ ਭੈਣੀ ਸਾਹਿਬ ਤੋਂ ਗਰਿਫਤਾਰ ਕਰਕੇ ਭੇਜ ਦਿੱਤਾ ਗਿਆ ਸੀ। ਅਤੇ ਭਾਵੇਂ ਮੈਕਨੇਬ ਦੀ ਰਾਇ ਮੁੱਢ ਵਿਚ ਆਪ ਨੂੰ ਸਭ ਤੋਂ ਘੱਟ ਸਮਾਂ ਇਕ ਸਾਲ ਹੀ ਨਜ਼ਰਬੰਦ ਰੱਖਣ ਲਈ ਮਿਥਿਆ ਗਿਆ ਸੀ ਪਰ ਇਹ ਇਕ ਸਾਲ ਵੀ, ਡੇਢ ਦਹਾਕੇ ਤੋਂ ਵੱਧ ਸਾਲਾਂ ਜਿੱਡਾ ਲੰਮਾ ਹੋ ਗਿਆ ਸੀ। ਇਸੇ ਵਿਚ ਛੁਪਿਆ ਸੀ ਸੂਬਾ ਹੁਕਮਾ ਸਿੰਘ ਹੋਰਾਂ ਦੀ ਅਬੋਲ ਸ਼ਖਸੀਅਤ ਦੀ ਮਹੱਤਤਾ ਦਾ ਰਾਜ਼, ਜੋ ਚੁੱਪ ਰਹਿ ਕੇ ਬਹੁਤ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਦੀਆਂ ਨੀਂਹਾਂ ਹਿਲਾਉਣ ਦੀ ਸਮਰੱਥਾ, ਆਪਣੇ ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ, ਹਿਰਦੇ ਵਿਚ ਸਮੋਈ ਬੈਠੇ ਸਨ।

ਆਰ. ਐਚ. ਵਾਲ ਮੇਜਰ, ਜ਼ਿਲ੍ਹਾ ਪੁਲਿਸ ਕਪਤਾਨ ਫੀਰੋਜ਼ਪੁਰ ਦੀ, ੩੦ ਮਾਰਚ ੧੮੭੨ ਦੀ, ਨਿਰਵਾਸਤ ੧੧ ਸੂਬਿਆਂ ਵਾਲੀ ਸੂਚੀ ਵਿਚ, ਹੁਕਮਾ ਸਿੰਘ ਹੋਰਾਂ ਦਾ ਜ਼ਿਕਰ ਨੌਵੇਂ ਸਥਾਨ ਤੇ ਆਉਂਦਾ ਹੈ ਅਤੇ ਉਹਨਾਂ ਨੂੰ ਵਾਸੀ ਪਿੱਥੋ ਥਾਣਾ ਭਿੱਖੀ (ਹੁਣ ਥਾਣਾ ਤੇ ਤਸੀਲ 'ਰਾਮਪੁਰਾ-ਫੂਲ'-ਜ਼ਿਲ੍ਹਾ ਬਠਿੰਡਾ) ਰਿਆਸਤ ਪਟਿਆਲਾ ਲਿਖਿਆ ਹੈ। ਜਦੋਂ ਕਿ ਕੁਝ ਹੋਰਨਾਂ ਥਾਂਵਾਂ ਤੇ ਰਿਆਸਤ ਨਾਭਾ ਹੀ ਲਿਖਿਆ ਮਿਲਦਾ ਹੈ। ਉਹਨਾਂ ਦੇ ਧੰਦੇ ਵਾਲੇ ਖਾਨੇ ਵਿਚ, ਮਹੰਤ ਲਿਖਿਆ ਹੈ। ਜਿਸ ਦਾ ਭਾਵ ਇਹ ਹੈ ਕਿ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਹੋਣ ਵਾਲੇ ਗੁਰਬਾਣੀ ਦੇ ਪਾਠਾਂ ਵਗੈਰਾ ਦੇ ਉਹ ਇੰਚਾਰਜ ਸਨ। ਕੁਝ ਥਾਂਵਾਂ ਤੇ ਉਹਨਾਂ ਦੇ ਨਾਮ ਨਾਲ ਗਰੰਥੀ ਵੀ ਲਿਖਿਆ ਮਿਲਦਾ ਹੈ। ਜਦੋਂ ਕਿ ਇਸੇ ਗੁਰਦੁਆਰੇ ਦੇ ਹੈਡ ਗਰੰਥੀ ਸੂਬਾ ਜਵਾਹਰ ਸਿੰਘ ਸਨ। ਉੱਝ ਰੁਤਬੇ ਵਾਲੇ ੯ ਨੰਬਰ ਖਾਨੇ ਵਿਚ ਹੁਕਮਾ ਸਿੰਘ ਹੋਰਾਂ ਨੂੰ 'ਸੂਬਾ' ਹੀ ਲਿਖਿਆ ਮਿਲਦਾ

ਹੈ। ਉਹਨਾਂ ਦੇ ਖਿਲਾਫ ਸਰਕਾਰ ਅੰਗਰੇਜ਼ੀ ਵਿਰੁੱਧ ਬਗਾਵਤੀ ਪਰਚਾਰ ਕਰਨ ਵਾਲੀ, ਸਰਕਾਰੀ ਸ਼ਬਦਾਂ ਵਿਚ 'ਸ਼ਰਾਰਤੀ ਕਾਰਵਾਈ' ਦੀ ਸ਼ਾਹਦੀ, ਰੀਕਾਰਡ ਵਿਚ, ਸੂਬਾ ਜੀ ਦੇ ਖਿਲਾਫ, ਗੁਲਾਬ ਸਿੰਘ, ਰਾਮ ਸਿੰਘ ਅਤੇ ਦਿਆਲ ਸਿੰਘ ਜੋ ਸਾਰੇ ਸੈਦੋਕੀ, (ਤਦੋਕਾ ਜ਼ਿਲ੍ਹਾ ਫੀਰੋਜ਼ਪੁਰ) ਦੇ ਲੰਬੜਦਾਰ ਸਨ, ਭਰਦੇ ਹਨ। ਸੂਬਾ ਜੀ ਦੇ ਕਾਰਜ ਖੇਤਰ ਵਿਚ ਪਿੱਥੋ ਦਾ ਆਲਾ ਦੁਆਲਾ ਅਤੇ ਪਟਿਆਲਾ ਰਿਆਸਤ ਸ਼ਾਮਲ ਹਨ। ਇਉਂ ਅਸੀਂ ਵੇਖਦੇ ਹਾਂ ਕਿ ਮਾਝੇ ਅਤੇ ਮਾਲਵੇ ਦਾ ਵੱਡਾ ਹਿੱਸਾ, ਜਿਸ ਬਾਰੇ ਉਪਰ ਜ਼ਿਕਰ ਆ ਚੁੱਕਾ ਹੈ, ਸੂਬਾ ਜੀ ਦੁਆਰਾ ਕੀਤੇ ਜਾਣ ਵਾਲੇ ਪਰਚਾਰ ਦੇ ਖਿਤੇ ਵਿਚ ਸ਼ਾਮਲ ਸੀ। ਉਹਨਾਂ ਬਾਰੇ ਆਮ ਟਿੱਪਣੀ ਵਾਲੇ ਖਾਨੇ ਵਿਚ ਲਿਖਿਆ ਹੈ "ਇਹ ਆਦਮੀ ਹਰ ਸਮੇਂ (ਸਤਿਗੁਰੂ) ਰਾਮ ਸਿੰਘ (ਜੀ) ਦੇ ਨਾਲ ਹੀ ਰਹਿੰਦਾ ਹੈ।" ਇਹਨਾਂ ਦੇ ਸਾਥੀ ਬਾਕੀ ੧੦ ਜਲਾਵਤਨ ਸੂਬਿਆਂ ਵਿਚੋਂ, ਹਰ ਸਮੇਂ ਸਤਿਗੁਰੂ ਜੀ ਦੇ ਨਾਲ ਰਹਿਣ ਦਾ ਵਰਣਨ, ਕਿਸੇ ਵੀ ਸੂਬਾ ਜੀ ਬਾਰੇ ਨਹੀਂ ਮਿਲਦਾ। ਇਉਂ ਅਸੀਂ ਸੂਬਾ ਹੁਕਮਾ ਸਿੰਘ ਜੀ ਨੂੰ 'ਹਜ਼ੂਰੀ-ਸੂਬੇ' ਦੇ ਲਕਬ ਨਾਲ ਪੁਕਾਰ ਸਕਦੇ ਹਾਂ। ਇਉਂ ਉਹਨਾਂ ਦੀ ਮਹਾਨ ਪਰਾਪਤੀ ਅਤੇ ਵਿਲੱਖਣਤਾ ਹੈ ਕਿ ੧੮੫੭ ਈ. ਤੋਂ ਲੈ ਕੇ ਮਾਰਚ ੧੮੭੨ ਈ. ਤੱਕ, ਪੂਰੇ ਪੰਦਰਾਂ ਵਰ੍ਹੇ, ਲਗਾਤਾਰ ਉਸ ਜੁੱਗ-ਪਲਟਾਊ ਸਤਿਗੁਰੂ ਦੀ ਹਜ਼ੂਰੀ ਵਿਚ ਰਹਿ ਕੇ, ਗੁਰਸਿੱਖੀ ਪਰਚਾਰ ਅਤੇ ਕੌਮੀ ਸੁਤੰਤਰਤਾ ਸੰਗਰਾਮ ਦੀ ਜੁਆਲਾ ਪਰਚੰਡ ਕਰਨ ਦਾ ਸ਼ਰਫ, ਆਪ ਨੂੰ ਹਾਸਲ ਹੋਇਆ।

ਨਜ਼ਰਬੰਦੀ ਦੇ ਸਥਾਨ ਦੀ ਚੋਣ ਕਰਦਿਆਂ, ਅੰਗਰੇਜ਼ ਸਰਕਾਰ ਨੇ ਇਹ ਵਿਸ਼ੇਸ਼ ਧਿਆਨ ਰੱਖਿਆ ਕਿ ਸੂਬਾ ਹੁਕਮਾ ਸਿੰਘ ਅਤੇ ਸੂਬਾ ਮਾਨ ਸਿੰਘ ਹੋਰਾਂ ਨੂੰ ਇਹਨਾਂ ਦੇ ਇਲਾਕੇ ਦੇ ਹੀ ਤੀਸਰੇ ਪ੍ਰਸਿੱਧ ਸੂਬੇ, ਮਲੂਕ ਸਿੰਘ ਹੋਰਾਂ ਤੋਂ ਅਲੱਗ ਰੱਖਿਆ ਜਾਵੇ। ਅਤੇ ਪੰਜਾਬ ਦੇ ਸਭ ਤੋਂ ਨੇੜਲੇ ਸਥਾਨ, ਅਲਾਹਬਾਦ ਲਾਗੇ ਚੁਨਾਰ ਫੋਰਟ ਵਿਚ ਹੀ ਆਪ ਦੋਹਾਂ ਨੂੰ ੩੧ ਅਕਤੂਬਰ, ੧੮੭੨ ਨੂੰ ਭਾਰਤ ਦੇ ਗਵਰਨਰ-ਜਨਰਲ-ਇਨ ਕੌਂਸਿਲ ਦੇ ਹੁਕਮ ਨਾਲ, ਗ੍ਰਹਿ ਵਿਭਾਗ ਦੇ ਸਕੱਤਰ ਦੇ ਦਸਤਖਤਾਂ ਹੇਠ, ਬੰਗਾਲ ਰੈਗੂਲੇਸ਼ਨ ਐਕਟ ੧੮੧੮ ਧਾਰਾ ਤਿੰਨ ਦੇ ਤਹਿਤ ਜਾਰੀ ਵਾਰੰਟਾਂ ਦੁਆਰਾ, ਮਿਤੀ ੧ ਦਿਸੰਬਰ ੧੮੭੨ ਈ. ਦੀ ਰਾਤ ਨੂੰ ਚੁਨਾਰ ਕਿਲੇ ਵਿਚ ਪੁਚਾ ਦਿੱਤਾ ਗਿਆ ਸੀ।

ਈ. ਸੀ. ਬੇਲੀ, ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੇ, ਮੈਕਨੇਬ ਦੀ ਰੀਪੋਰਟ ਤੇ ਟਿੱਪਣੀ ਕਰਦਿਆਂ ਮਾਨ ਸਿੰਘ, ਮਲੂਕ ਸਿੰਘ, ਪਹਾੜਾ ਸਿੰਘ ਅਤੇ ਹੁਕਮਾ ਸਿੰਘ ਨੂੰ ਮਹੱਤਵਪੂਰਨ ਵਿਅਕਤੀ, ਗਵਾਹੀਆਂ ਦੇ ਆਧਾਰ ਤੇ ਮੰਨਦਿਆਂ ਅਤੇ ਉਹਨਾਂ ਦੁਆਰਾ ਨਿਭਾਈ ਗਈ ਭੂਮਿਕਾ ਨੂੰ ਭਾਵੇਂ ਦੂਜਿਆਂ ਸੂਬਿਆਂ ਤੋਂ ਘੱਟ ਯੋਗ ਸਥਾਨ ਤੇ ਰੱਖਿਆ ਪਰ ਇਹ ਵੀ ਮੰਨਦਾ ਹੈ ਕਿ ਉਹ ਦੂਜੇ ਯੋਗ ਆਗੂਆਂ ਨਾਲੋਂ ਵੱਧ "ਉਤਸ਼ਾਹੀ ਔਜਾਰ" ਹਨ ਅਤੇ ਆਪਣੇ ਮੰਤਵ ਦੀ ਪੂਰਤੀ ਲਈ ਉਹਨਾਂ ਦੀ ਬਜਾਏ "ਬੇ ਅਸੂਲੇ" ਵੀ ਹੋ ਸਕਦੇ ਹਨ। ਇਸ ਦੇ ਬਾਵਜੂਦ ਉਹਨਾਂ ਨੇ ਆਪਣੀਆਂ ਕਾਰਵਾਈਆਂ ਨਾਲ ਬੜੇ ਗਹਿਰੇ ਟਿਕਾਣੇ ਤੇ ਜਾਣਬੁਝ ਕੇ ਖੁਦ ਨੂੰ ਜੋੜਿਆ ਹੈ।...

"ਹੁਕਮਾ ਸਿੰਘ ਹੋਰਾਂ ਬਾਰੇ ਬੇਲੀ ਦੀ ਰਾਇ ਹੈ : ਉਸਦੀ ਪ੍ਰਸਿਧੀ ਨਾ ਸਿਰਫ (ਸਤਿਗੁਰੂ) ਰਾਮ ਸਿੰਘ ਦੇ ਭਰੋਸੇਯੋਗ ਗੁਪਤ ਸਲਾਹਕਾਰ ਦੇ ਤੌਰ ਤੇ ਜਾਂ ਉਹਨਾਂ ਦੇ ਹਜ਼ੂਰੀ-ਸੇਵਕ ਹੋਣ ਕਰਕੇ ਹੈ, ਅਤੇ ਨਾ ਹੀ ਇਸ ਲਈ ਕਿ ਫਿਰਕੇ ਦੀਆਂ ਕਾਰਵਾਈਆਂ ਵਿਚ, ਉਸ ਦੁਆਰਾ ਲਏ ਭਾਗ ਦੀ, ਕਿਆਸ-ਅਰਾਈ ਕੀਤੀ ਜਾ ਸਕੇ, ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਇਹਨਾਂ ਬਾਰੇ ਜਾਣਦਾ ਨਹੀਂ ਸੀ ਜਾਂ ਉਹ ਇਹਨਾਂ ਦਾ ਵਿਰੋਧੀ ਸੀ ਅਤੇ ਨਾ ਹੀ ਉਹ ਆਪਣਾ ਵਰਤਿਆ ਜਾ ਸਕਣ ਵਾਲਾ ਪ੍ਰਭਾਵ (ਸਤਿਗੁਰੂ) ਰਾਮ ਸਿੰਘ ਤੇ ਵਰਤ ਕੇ ਇਹਨਾਂ ਘਟਨਾਵਾਂ ਨੂੰ ਘਟਿਤ ਹੋਣ ਤੋਂ ਰੋਕਣ ਵਿਚ ਹਿੱਸਾ ਪਾ ਸਕਿਆ ਹੈ।"

"ਇਹ ਚਾਰੇ ਬੰਦੇ ਰੂੜ ਸਿੰਘ ਵਾਲੇ ਵਰਗ ਵਿਚ ਹੀ ਲਿਆਂਦੇ ਜਾਣ ਅਤੇ ਉਦੋਂ ਤੱਕ ਨਜ਼ਰਬੰਦ ਰੱਖੇ ਜਾਣ, ਜਦੋਂ ਤੱਕ ਲਹਿਰ ਆਪਣੀ ਜੀਵੰਤਤਾ ਸਮਾਪਤ ਨਹੀਂ ਕਰ ਲੈਂਦੀ ਅਤੇ ਨਾ ਹੀ ਇਸ ਦੇ ਮੁੜ ਉੱਭਰਨ ਦੇ, ਸਾਰੇ ਮੌਕੇ ਸਮਾਪਤ ਹੋ ਜਾਣ।"[9]

ਇਉਂ ਅਸੀਂ ਵੇਖਦੇ ਹਾਂ ਕਿ ਕਮਿਸ਼ਨਰ ਅੰਬਾਲਾ, ਮੈਕਨੇਬ ਦੀਆਂ ਸਿਫਾਰਸ਼ਾਂ ਤੋਂ ਵੀ ਕਿਤੇ ਕਰੜਾ ਰੁਖ, ਪੰਜਾਬ ਸਰਕਾਰ ਨੇ ਧਾਰਨ ਕਰਕੇ, ਕੂਕਾ ਸੰਗਰਾਮੀਆਂ ਪ੍ਰਤੀ ਆਪਣੀ ਵੱਡੀ ਦੁਸ਼ਮਣੀ ਦਾ ਸਬੂਤ ਦਿੱਤਾ। ਦਰਅਸਲ ੧੮੫੭ ਈ. ਤੋਂ ੧੯੦੭ ਈ. ਦੇ ਪੂਰੇ ਅੱਧੀ ਸਦੀ ਲੰਮੇ ਸਮੇਂ ਤੱਕ, ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰਨ ਵਾਲੀ, ਪੰਜ ਦਰਿਆਵਾਂ ਦੀ ਧਰਤੀ ਤੇ ਚੱਲਣ ਵਾਲੀ, ਅਟਕ ਤੋਂ ਜਮਨਾ ਦਰਿਆ ਤੱਕ ਵਿਚਲੇ ਖਿੱਤੇ ਨੂੰ, ਆਪਣੇ ਕਲਾਵੇ ਵਿਚ ਲੈਣ ਵਾਲੀ, ਇਹੋ ਅਵਾਮੀ ਲਹਿਰ ਸੀ, ਜਿਸਨੂੰ 'ਕੂਕਾ ਅੰਦੋਲਨ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਜਿਸ ਦੇ ਮਹਾਂ ਨਾਇਕ ਤਾਂ ਸਤਿਗੁਰੂ ਸਾਹਿਬਾਨ ਸਨ ਪਰ ਨਾਇਕਾਂ ਵਾਲਾ ਦਰਜਾ, ਸਾਡੇ ਕੂਕਾ ਸੂਬਿਆਂ ਨੇ ਗ੍ਰਹਿਣ ਕਰ ਲਿਆ। ਜਿਹਨਾਂ ਦੀਆਂ ਜਲਾਵਤਨੀਆਂ ਦੇ ਸਮੇਂ ਦਾ ਇਤਿਹਾਸ ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਵੀ ਸੁਨਹਿਰੀ-ਅੱਖਰਾਂ ਵਿਚ ਲਿਖਿਆ ਜਾਣਾ ਸਮੇਂ ਦੀ ਵੱਡੀ ਲੋੜ ਹੈ ਤਾਂਕਿ ਅੱਜ ਵੀ ਭੂਤਰੀਆਂ ਵਿਸ਼ਵ ਸਾਮਰਾਜੀ ਸ਼ਕਤੀਆਂ ਨੂੰ, ਇਹਨਾਂ ਮਹਾਨ ਲੋਕ-ਲਹਿਰਾਂ ਦੇ ਸਬਕ ਤੋਂ ਪ੍ਰੇਰਣਾ ਲੈ ਕੇ, ਨੱਥ ਪਾਈ ਜਾ ਸੱਕੇ

ਅਤੇ ਹਰ ਬਸ਼ਰ ਦੇ ਵਧਣ ਫੁੱਲਣ ਦੇ ਮੌਕੇ ਸਿਰਜਣ ਵਾਲਾ, ਚੰਗੇਰਾ ਮਾਨਵੀ ਸਮਾਜ ਸਿਰਜਿਆ ਜਾ ਸੱਕੇ।

ਸੂਬਾ ਹੁਕਮਾ ਸਿੰਘ ਜਿਹਨਾਂ ਨੂੰ ਮੈਕਨੋਬ ਸਿਰਫ ੧ ਸਾਲ ਨਜ਼ਰਬੰਦੀ ਵਿਚ ਰੱਖਣ ਦੀ ਸਿਫਾਰਸ਼ ਕਰਦਾ ਸੀ, ਉਹਨਾਂ ਨੂੰ ਪੂਰੇ ੧੫ ਸਾਲ ੧ ਮਹੀਨਾ ਬੰਦੀ ਜੀਵਨ ਵਿਚ ਵਤਨ ਤੋਂ ਦੁਰਾਡੇ ਰਹਿਣਾ ਪਿਆ। ੧੭ ਫਰਵਰੀ ੧੮੮੭ ਈ. ਨੂੰ ਉਹਨਾਂ ਅਤੇ ਸੂਬਾ ਮਾਨ ਸਿੰਘ ਹੋਰਾਂ ਨੂੰ, ਚੁਨਾਰ ਕਿਲੇ ਦੇ ਕਮਾਂਡਰ ਨੇ ਰਿਹਾ ਕਰਕੇ ਪੰਜਾਬ ਵਾਲੀ ਰੇਲ ਤੇ ਚੜ੍ਹਾ ਦਿੱਤਾ ਨਾਲ ਹੀ ਇਹ ਸ਼ਰਤ ਵੀ ਲਾ ਦਿੱਤੀ ਗਈ ਕਿ ਉਹ ਆਪਣੇ ਦੁਆਰਾ ਦੱਸੇ ਕਿਸੇ ਇਕ ਪਿੰਡ ਦੀ ਜੂਹ ਵਿਚ ਹੀ ਰਹਿ ਸੱਕਣਗੇ। ਉਸ ਤੋਂ ਬਾਹਰ ਉਹ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜਾਂ ਪੁਲਿਸ ਕਪਤਾਨ ਦੀ ਲਿਖਤੀ ਆਗਿਆ ਬਿਨਾਂ ਨਹੀਂ ਜਾਣਗੇ। ਮਾਲੂਮ ਹੁੰਦਾ ਹੈ ਕਿ ਸੂਬਾ ਹੁਕਮਾ ਸਿੰਘ ਜੀ ਨੇ ਆਪਣੇ ਲਈ ਫੀਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਗਦਾਂ ਡੋਬ (ਗੁਰੂ ਸਰ) ਦੀ ਚੋਣ ਕੀਤੀ ਸੀ, ਜਿੱਥੋਂ ਦੇ ਪ੍ਰਸਿੱਧ ਨਾਮਧਾਰੀ ਸ. ਸੁੰਦਰ ਸਿੰਘ ਸੋਰੂ (ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਨਾ ਜੀ) ਅਤੇ ਉਹਨਾਂ ਦੇ ਘਰੋਂ ਮਾਤਾ ਰਾਮ ਕੌਰ, ਆਪ ਜੀ ਦੇ ਪਰਮ ਸ਼ਰਧਾਲੂ ਸਨ। ਸੂਬਾ ਜੀ ਦਾ ਅਕਾਲ ਚਲਾਣਾ ਇਸੇ ਨਗਰ ਵਿਚ ਹੀ ਹੋਇਆ ਜਿੱਥੇ ਆਪ ਦੀ ਸਮਾਧ ਬਣੀ ਹੋਈ ਹੈ। ਜਿਸ ਦੀ ਹਿੰਦੂਆਂ ਅਤੇ ਸਿੱਖਾਂ ਇਲਾਕੇ ਭਰਦਿਆਂ ਵਿਚ ਕਾਫੀ ਮਾਨਤਾ ਹੈ।[10] ਸੂਬਾ ਜੀ ਦਾ ਅਕਾਲ ਚਲਾਣਾ ੧੯੧੦ ਈ. ਦੇ ਲਾਗੇ ਚਾਗੇ ਹੋਇਆ ਮਾਲੂਮ ਹੁੰਦਾ ਹੈ। ਸੂਬਾ ਜੀ ਦੇ ਇਸ ਨਗਰ ਵਿਚ ਟਿਕੇ ਹੋਣ ਕਾਰਨ ਹੀ, ਗੁਰੂ ਹਰੀ ਸਿੰਘ ਜੀ ਮੁਕਤਸਰ ਇਲਾਕੇ ਦੇ ਦੌਰੇ ਸਮੇਂ, ਇਥੇ ਦਰਸ਼ਨ ਦਿਆ ਕਰਦੇ ਸਨ।

ਪੰਜਾਬ ਸਰਕਾਰ ਨੂੰ ਸੂਬਾ ਜੀ ਦੀ ਜਨਮ-ਨਗਰੀ ਪਿੱਥੋ ਅਤੇ ਪਰਲੋਕ ਗਮਨ-ਨਗਰੀ ਗੁਰੂਸਰ ਵਿਚ, ਸੂਬਾ ਜੀ ਦੀਆਂ ਢੁੱਕਵੀਆਂ ਯਾਦਗਾਰਾਂ ਬਣਾ ਕੇ ਆਪਣੇ ਅਣਖੀਲੇ ਸੂਰਬੀਰਾਂ ਦੇ ਵਿਰਸੇ ਦੀ ਸੰਭਾਲ ਕਰਨੀ ਚਾਹੀਦੀ ਹੈ।

ਫੁੱਟ ਨੋਟ :-

1) ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ-ਸ੍ਰੀ ਭੈਣੀ ਸਾਹਿਬ-ਤੀਜੀ ਵਾਰ-੧੯੯੮ ਈ. ਸਫਾ ੧੩੫
2) ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰਪਾਦਕ ਭਾਈ ਨਾਹਰ ਸਿੰਘ ਭਾਈ ਕਿਰਪਾਲ ਸਿੰਘ) ੧੯੮੯ ਈ. ਨਵੀਂ ਦਿੱਲੀ ਸਫਾ ੫੧੭-੧੮
3) ਉਹੀ-ਸਫਾ ੮੨
4) ਉਹੀ-ਸਫਾ ੬੦
5) ਜੁੱਗ ਪਲਟਾਊ ਸਤਿਗੁਰੂ-ਸੰਤ ਨਿਧਾਨ ਸਿੰਘ ਆਲਮ-ਦਿੱਲੀ-੧੯੪੭ ਈ. ਸਫਾ ੯੦
6) ਉਹੀ-ਆਲਿਮ ਜੀ ਦੁਆਰਾ ਉਦਰਿਤ-ਸਫਾ ੮੧
7) ਉਹੀ-ਸਫਾ ੯੯
8) ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸਫਾ ੧੬੪-੧੬੫
9) ਉਹੀ ਸਫ਼ਾ, ੫੨੭-੫੨੮
10) ਬਾਬਾਣੀਆਂ ਕਹਾਣੀਆਂ-ਰਾਜਿੰਦਰ ਸਿੰਘ ਗੁਰੂਸਰ-ਸ੍ਰੀ ਭੈਣੀ ਸਾਹਿਬ-(ਹੋਲਾ ੨੦੫੬ ਬਿਕ੍ਰਮੀ)-ਸਫਾ ੨੯

ਕਰੀਵਾਲਾ (ਸਿਰਸਾ), ੧੨੫੦੭੫
ਫੋਨ-੦੧੬੬੮-੨੭੪੫੬੨

ਵਰਿਆਮ : ਸਤਿਗੁਰੂ ਜਗਜੀਤ ਸਿੰਘ 'ਤੇ ਕੇਂਦਰਿਤ

'ਵਰਿਆਮ' ਨੇ ਆਪਣਾ ਤਾਜ਼ਾ ਅੰਕ ਨਾਮਧਾਰੀ ਲਹਿਰ ਦੇ ਅਜੋਕੇ ਮੁਖੀ ਸਤਿਗੁਰੂ ਜਗਜੀਤ ਸਿੰਘ 'ਤੇ ਕੇਂਦਰਿਤ ਕੀਤਾ ਹੈ। ਸੰਪਾਦਕੀ ਅਨੁਸਾਰ, "ਇਹ ਸਮਰਪਣ ਹੈ, ਅਕੀਦਤ ਦੀ ਪੇਸ਼ਕਾਰੀ ਹੈ..ਮੁਲਾਂਕਣ ਨਹੀਂ। ਸਾਡੇ ਕੋਲ ਭਾਵਨਾ ਜ਼ਰੂਰ ਹੈ ਸੱਚੀ ਤੇ ਸੁੱਚੀ ਵੀ...।" ਤੇ ਇਸ ਹੀ ਭਾਵਨਾ ਨੂੰ ਪ੍ਰਗਟਾਉਂਦੀਆਂ ਲਿਖਤਾਂ, ਜਿਨ੍ਹਾਂ 'ਚੋਂ ਮੁੱਖ ਹਨ ਸੰਤੋਖ ਸਿੰਘ ਧੀਰ, ਲਖਵਿੰਦਰ ਸਿੰਘ ਬਾਜਵਾ, ਸੁਵਰਨ ਸਿੰਘ ਵਿਰਕ, ਵਰਿਆਮ ਸਿੰਘ ਸੰਧੂ, ਸੁਰਜੀਤ ਪਾਤਰ, ਪ੍ਰੀਤਮ ਸਿੰਘ ਕਵੀ, ਕਿਰਪਾਲ ਸਿੰਘ ਕਸੇਲ, ਲਖਵਿੰਦਰ ਜੌਹਲ, ਤਿਰਲੋਚਨ ਸਿੰਘ, ਉਸਤਦ ਅਮਜਦ ਅਲੀ, ਡਾ. ਤਾਰਾ ਸਿੰਘ ਸੰਧੂ, ਸ੍ਰੀ ਜਗਦੀਸ਼ ਸਿੰਘ ਵਰਿਆਮ ਦੀਆਂ। ਕੁਝ ਅਹਿਮ ਵਿਅਕਤੀਆਂ/ਸਾਹਿਤਕਾਰਾਂ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ੫੦ ਤੋਂ ਵਧੇਰੇ ਤਸਵੀਰਾਂ ਵੀ ਹਨ ਜਿਹੜੀਆਂ ਇਸ ਅੰਕ ਨੂੰ ਦਸਤਾਵੇਜ਼ ਦੇ ਦਰਜੇ ਤੱਕ ਪਹੁੰਚਾ ਦੇਂਦੀਆਂ ਹਨ। ਅੰਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਜ਼ਿੰਦਗੀ ਦੇ ਨਾਲ ਨਾਲ, ਨਾਮਧਾਰੀ ਲਹਿਰ ਉੱਪਰ ਵੀ ਬੜੀ ਨੇੜਿਓਂ ਝਾਤ ਪੁਆਉਂਦਾ ਹੈ। ਇਸ ਸਾਂਭਣਯੋਗ ਅੰਕ ਦੇ ਸਫ਼ੇ ੯੬, ਮੁੱਲ ੫੦ ਰੁਪਏ ਤੇ ਸੰਪਰਕ ਪਤਾ— ਲਾਡੋਵਾਲੀ ਰੋਡ (ਸਾਹਮਣੇ ਸੈਂਟਰਲ ਟਾਊਨ), ਜਲੰਧਰ-੧੪੪੦੦੧, ਪਰਚੇ ਦੇ ਸੰਪਾਦਕ ਸ੍ਰੀ ਜਗਦੀਸ਼ ਸਿੰਘ ਵਰਿਆਮ ਹਨ। ਸ਼ਾਨਦਾਰ ਜਾਣਕਾਰੀ ਭਰਪੂਰ ਅੰਕ ਛਾਪਣ ਲਈ 'ਵਰਿਆਮ' ਨੂੰ ਮੁਬਾਰਕਵਾਦ।

—ਬਲਬੀਰ ਪਰਵਾਨਾ
ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ

ਕੂਕਾ ਅਮਰ ਕਹਾਣੀ/ *ਇੰਦਰਜੀਤ ਸਿੰਘ ਕਾਜਲ*

ਸਾਹਿਤ ਸਭਾ ਦਸੂਹਾ-ਗੜ੍ਹਦੀਵਾਲਾ ਰਜਿ. ਦੇ ਇਕ ਮੈਂਬਰ ਨੇ ਭੈਣੀ ਸਾਹਿਬ ਤੋਂ ਪ੍ਰਾਪਤ ਪੁਸਤਕਾਂ ਪੜ੍ਹ ਕੇ, ਆਪਣੇ ਪ੍ਰਭਾਵ "ਕੂਕਾ ਅਮਰ ਕਹਾਣੀ" ਨਾਮੀ ਕਵਿਤਾ ਵਿਚ ਅੰਕਿਤ ਕੀਤੇ ਹਨ। ਉਮੀਦ ਹੈ 'ਵਰਿਆਮ' ਪੱਤਰਕਾ ਵਿਚ ਹਾਜ਼ਰੀ ਲਵਾਉਣ ਦੇ ਯੋਗ ਹਨ। ਲੇਖਕ ਲੱਤਾਂ ਤੋਂ ਪੂਰੀ ਤਰਾਂ ਅਪੰਗ ਹੈ। ਉਸਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਬਾਹਰ ਜਾ ਕੇ ਪੜ੍ਹਾਈ ਕਰਨ ਦਾ ਵੀ ਮੌਕਾ ਨਹੀਂ ਮਿਲਿਆ। —*ਲਾਲ ਸਿੰਘ ਦਸੂਹਾ*

ਇਕ ਅੰਗਰੇਜ਼ ਰੇਲਵੇ ਕਰਮਚਾਰੀ ਮਿਸਟਰ ਡੌਵਨ ਮਿਸਟਰ ਲਾਰਡ ਲਾਰਸ ਨੂੰ ਇਕ ਚਿੱਠੀ ਵਿਚ ਕੂਕਾ ਕ੍ਰਾਂਤੀਕਾਰੀਆਂ ਖਿਲਾਫ ਜਾਣਕਾਰੀ ਦਿੰਦਾ ਹੋਇਆ ਲਿਖਦਾ ਹੈ, ਕਿ ਦੇਸ਼ ਵਿਚ ਇਕ ਭਿਅੰਕਰ ਲਾਵਾ ਉੱਬਲ ਰਿਹਾ ਹੈ। ਇਕ ਸੱਜਣ ਸਤਿਗੁਰੂ ਰਾਮ ਸਿੰਘ ਨੇ ਮਾਲਵੇ ਵਿਚ ਦੋ ਲੱਖ ਜਵਾਨ ਸਾਡੇ ਖਿਲਾਫ ਤਿਆਰ ਕਰ ਲਏ ਹਨ। ਹੁਣ ਗੜਬੜ ਕਿਸੇ ਵੇਲੇ ਵੀ ਵਾਪਰ ਸਕਦੀ ਹੈ। ਆਓ ਕਿਸੇ ਗੜਬੜ ਤੋਂ ਪਹਿਲਾਂ ਹੀ ਇਨ੍ਹਾਂ ਬਾਗੀਆਂ ਨੂੰ ਕੁਚਲ ਦੇਈਏ।

ਅੰਗਰੇਜ਼ ਅਫਸਰਾਂ ਨੂੰ
ਡੌਵਨ ਨੇ ਡਾਕ ਪਾਈ।
ਮੈਨੂੰ ਕਿਸੇ ਦੇ ਕੋਲੋਂ
ਲਿਖਦਾ, ਖ਼ਬਰ ਹੈ ਆਈ।
ਪੰਜਾਬ ਪ੍ਰਦੇਸ਼ ਅੰਦਰ
ਸੁਣਿਆ ਮੈਂ, ਗੜਬੜੀ ਹੈ।
ਮੁਡੀਰ ਕਾਫਰਾਂ ਦੀ
ਇਕ ਹੋਰ ਉਠ ਖੜੀ ਹੈ।
ਲੀਡਰ ਉਨਾਂ ਦਾ ਸੁਣਿਆ
ਗੁਰੂ ਰਾਮ ਸਿਉਂ ਕਹਾਏ।
ਦੋ ਲੱਖ ਜਵਾਨ ਜਿਸਨੇ
ਸਾਡੇ ਵਿਰੁੱਧ ਉਠਾਏ।
ਭੈਣੀ ਸਾਹਿਬ ਦੀ ਧਰਤੀ
ਕਹਿੰਦੇ ਆ ਘਰ ਖੁਦਾਈ।
ਸਾਡੇ ਖਿਲਾਫ ਜਿਥੇ
ਕਰਦਾ ਉਹ ਕਾਰਵਾਈ।
ਚਿਹਰੇ ਤੇ ਮੇਰੇ ਸੁਣਕੇ
ਪ੍ਰੇਸ਼ਾਨਗੀ ਸੀ ਆਈ।
ਸਾਡੇ ਖਿਲਾਫ ਉਸਦੀ
ਵੱਖਰੀ ਜਹੀ ਲੜਾਈ।
ਲੜਨਾ ਏ ਕਹਿੰਦਾ ਲੇਕਿਨ
ਹਥਿਆਰ ਨਹੀਂ ਉਠਾਉਣੇ
ਗੋਰੇ ਬੰਦੂਕ ਵਾਲੇ
ਹੈ ਫੇਰ ਵੀ ਹਰਾਉਣੇ।
ਵਿਸ਼ਵਾਸ ਕਰਕੇ ਕਹਿੰਦਾ :
ਸੱਭ ਨਾਲ ਮੇਰੇ ਆਵੋ।
ਸੰਗ ਨਾਲ ਗੋਰਿਆਂ ਦੇ
ਸੌਹ 'ਨਾ-ਮਿਲਣ' ਦੀ ਪਾਵੋ।
ਐਸੀ ਖਬਰ ਨੇ ਗੋਰੀ
ਸਰਕਾਰ ਨੂੰ ਹਿਲਾਇਆ।
ਸ਼ੇਰਾਂ ਨੂੰ ਫੜਨ ਖਾਤਿਰ
ਗਿੱਦੜਾਂ ਨੇ ਜਾਲ ਪਾਇਆ।
ਜ਼ਾਲਮ ਲਹੂ ਦੇ ਐੱਥਰੂ
ਪੰਜਾਬ ਨੂੰ ਰੁਵਾਇਆ।
ਮੰਦਰ ਹਰੀ ਦੇ ਨੇੜੇ
ਗਊ ਮਾਸ ਜਦ ਵਿਕਾਇਆ।
ਬੰਦੇ ਗੁਰੂ ਦੇ ਅਣਖੀ,
ਜ਼ੁਲਮਾਤ ਜ਼ਰ 'ਨਾ' ਪਾਏ।
ਸਿਰ ਨੂੰ ਵਤਨ ਦੀ ਖਾਤਿਰ
ਲੈ ਕੇ ਤਲੀ ਤੇ ਆਏ।
ਚਲ ਪਈ ਸ਼ਹਾਦਤਾਂ ਦੀ
ਕੂਕਾ ਅਮਰ ਕਹਾਣੀ।
ਸੁਣਕੇ ਕਲੇਜਾ ਫੱਟਦਾ
ਨੈਣਾਂ 'ਚੋਂ ਡੁੱਲਦਾ ਪਾਣੀ।
ਜਦ ਚੌਹਟ ਕੂਕਿਆਂ ਦੀ
ਹੋ ਗਈ ਗਿਰਫ਼ਤਾਰੀ।
ਜਿਥੋਂ ਸ਼ਹਾਦਤਾਂ ਦੀ
ਗਾਥਾ ਬਣੀ ਨਿਆਰੀ।
ਗੋਰੇ ਫਰੰਗੀਆਂ ਨੂੰ
ਕਾਵਨ ਦਾ ਹੁਕਮ ਆਇਆ।
ਜਾਏਗਾ ਇਨ ਸਭੀ ਕੋ
ਤੋਪੋਂ ਕੇ ਸੰਗ ਉਡਾਇਆ।
ਸੋਹਲ ਜਿਹਾ ਮੈ ਸੁਣਿਆ
ਚੌਹਟਾਂ 'ਚ ਇਕ ਜੁਆਂ ਸੀ।
ਚੜ੍ਹਦੀ ਜਵਾਨੀ ਜਿਸਨੇ
ਲਿੱਖਤੀ ਵਤਨ ਦੇ ਨਾਂ ਸੀ।
ਛੋਟੀ ਉਮਰ ਦਾ ਕਰਕੇ
ਛੋਟੀ ਅਜੇ ਸੀ ਕਾਇਆ।
ਤੋਪਾਂ ਦੀ ਮਾਰ ਹੇਠਾਂ
ਇਸ ਲੀ ਨਾ ਪਹੁੰਚ ਪਾਇਆ।
ਕਾਵਨ ਦੀ ਮੇਮ ਨੇ ਸੀ
ਕਾਵਨ ਤੇ ਜ਼ੋਰ ਪਾ ਕੇ।
ਉਸਨੂੰ ਛੁਡਾ ਲਿਆ ਸੀ
ਗੋਰੀ ਨੇ ਤਰਸ ਖਾ ਕੇ।
ਗੋਰੀ ਨੇ ਉਸ ਜਵਾਂ ਨੂੰ
ਕਿੰਨਾਂ ਹੀ ਵਰਗਲਾਇਆ।
ਬੇਟਾ ਗੁਰੂ ਦਾ ਲੇਕਿਨ
ਭੋਰਾ ਨੀ ਡਗ-ਮਗਾਇਆ।
ਗੋਬਿੰਦ ਗੁਰੂ ਦਾ ਬੇਟਾ
ਚੜ੍ਹਦੀ ਕਲਾ 'ਚ ਰਹਿਣਾ।
ਮਰਨਾ ਏ ਦੇਸ਼ ਖਾਤਿਰ
ਲੇਕਿਨ ਜ਼ਬਰ ਨੀ ਸਹਿਣਾ।
ਹੁੰਦਾ ਕਦੇ ਨੀ ਸੌਖਾ
ਤੋਪਾਂ ਦੀ ਮਾਰ ਜ਼ਰਨਾ।
ਇਸ ਤਰਾਂ ਮੁਸਕਰਾਕੇ
ਖਾਤਿਰ ਵਤਨ ਦੀ ਮਰਨਾ।
ਜੱਦ ਵੀ ਖਿਆਲ ਆਵੇ
ਨੈਣਾਂ 'ਚ ਨੀਰ ਭਰਨਾਂ।
ਕੂਕਾ ਸ਼ਹਾਦਤਾਂ ਨੂੰ
ਸਿਜਦਾ ਜ਼ਰੂਰ ਕਰਨਾ।
ਸਿਜਦਾ ਜ਼ਰੂਰ ਕਰਨਾ।

ਪਿੰਡ ਤੇ ਡਾਕ. ਜੰਡੋਰ ਤਹਿ. ਦਸੂਹਾ ੧੪੪੨੦੫
ਜ਼ਿਲ੍ਹਾ ਹੁਸ਼ਿਆਰਪੁਰ
ਫੋਨ - 98152-71610



ਚੋਣਵੇਂ ਪੰਜਾਬੀ ਸ਼ਿਅਰ

ਜਗੀਰ ਸੱਧਰ

* ਚਿੰਤਨ ਨੂੰ ਕਾਗਜ਼ਾਂ ਤੇ ਹਰਫ਼ਾਂ ਦਾ ਰੂਪ ਦੇਣਾ;
ਸ਼ਾਇਰ ਨੂੰ ਜ਼ਿੰਦਗੀ ਨੇ ਦਿੱਤੀ ਸਜ਼ਾ ਯਾਰਾ।

* ਜਿਹੜੀ ਭਾਸ਼ਨਾਂ 'ਚ ਭੇਜਦੀ ਗਰੀਬਾਂ ਲਈ ਰੋਟੀ,
ਲੋਕੀਂ ਸੁਣ ਸੁਣ ਅੱਕੇ ਸਰਕਾਰ ਦੀਆਂ ਗੱਲਾਂ।

* ਸਿਰ ਤੇ ਰਹੀ ਹੈ ਮੇਲ੍ਹਦੀ ਯਾਰੋ ਕਜ਼ਾ ਜਿਹੀ,
ਕੱਟੀ ਅਸਾਂ ਇਹ ਜ਼ਿੰਦਗੀ ਹੁਣ ਤੱਕ ਸਜ਼ਾ ਜਿਹੀ।

* ਕੌਣ ਸੁਣਦੈ ਤਾਰਿਆਂ ਦੀ ਦਾਸਤਾਂ ਤੇਰੇ ਬਗੈਰ।
ਕੌਣ ਸਮਝੇ ਬੇ-ਜ਼ੁਬਾਨਾਂ ਦੀ ਜ਼ੁਬਾਂ ਤੇਰੇ ਬਗੈਰ।

ਕ੍ਰਿਸ਼ਨ ਅਦੀਬ

ਤੇਰੇ ਕਮਰੇ ਵਿਚ ਉਦਾਸੀ ਤੇਰੇ ਦਿਲ ਦੀ ਹੈ ਅਦੀਬ,
ਖੋਲ੍ਹ ਬੂਹੇ ਬਾਰੀਆਂ ਨੂੰ ਬਾਹਰਲਾ ਮੌਸਮ ਵੀ ਦੇਖ।

* ਸ਼ਹਿਰ ਸਾਰਾ ਸੌਂ ਗਿਆ ਹੈ ਮੈਂ ਇਕੱਲਾ ਜਾਗਦਾਂ,
ਮੇਰੀਆਂ ਬੇਖ਼ਾਬ ਰਾਤਾਂ ਦਾ ਕਦੇ ਆਲਮ ਵੀ ਦੇਖ।

ਸਾਧੂ ਸਿੰਘ ਬੇਦਿਲ

* ਗੱਲਾਂ ਜੱਗ ਉਤੇ ਅਸੀਂ ਰਹਿਣ ਦੇਣੀਆਂ ਨਾ ਦੋ,
ਇਕ ਹੌਲਿਆਂ ਦੀ ਗੱਲ, ਇਕ ਭਾਰਿਆਂ ਦੀ ਗੱਲ।

* ਆਰਜ਼ੂ ਫੁੱਲਾਂ ਦੀ ਰੱਖਣ ਵਾਲੀਏ!
ਇਹ ਨਿਰਾ ਸਾਹਿਰਾ ਹੈ ਬਿੰਦਰਾਬਨ ਨਹੀਂ।

ਜਿੱਥੇ ਬੁਲਬੁਲ ਚਹਿਕ ਸਕੇ, ਗਾ ਸਕੇ,
ਐਸਾ ਕੋਈ ਗੁਲਸ਼ਨ ਨਹੀਂ।

ਮੁਰਸ਼ਦ ਬੁਟਰਵੀ

* ਤਾਰਿਆਂ ਦੀ ਰੌਸ਼ਨੀ ਇਹ ਆਖਦੀ ਹੈ ਬਾਰ ਬਾਰ,
ਤਾਰਿਆਂ ਦੀ ਛਾਵੇਂ ਬਹਿ ਕੇ ਸੂਰਜਾਂ ਦੀ ਬਾਤ ਪਾ।

* ਰੱਜੇ ਲੋਕਾਂ ਰੱਜ ਕੇ ਭੁੱਖ ਖਿਲਾਰੀ ਹੈ,
ਭੁੱਖੇ ਲੋਕਾਂ ਰੱਜ ਕੇ ਸਿਦਕ ਨਿਭਾਇਆ ਹੈ।

ਡਾ. ਲੋਕ ਰਾਜ

* ਇਨ੍ਹਾਂ ਦਾ ਸਾਥ ਜਿੰਨਾਂ ਹੋ ਸਕੇ ਹੱਸ ਕੇ ਨਿਭਾ ਲਈਏ,
ਮੁਸਾਫਿਰ, ਵਕਤ ਤੇ ਪਾਣੀ ਕਦੇ ਮੁੜਕੇ ਨਹੀਂ ਆਉਂਦੇ।

* ਇਸ ਦੁਨੀਆ ਵਿਚ ਯਾਰੋ ਸਾਨੂੰ ਕੁਝ ਵੀ ਰਾਸ ਨਾ ਆਇਆ।
ਸੱਤ ਸਮੁੰਦਰ ਪੀ ਕੇ ਵੀ ਮਨ ਅਜੇ ਤੀਕ ਤਿਹਾਇਆ।

* ਕੱਚੀਆਂ ਨੀਹਾਂ 'ਤੇ ਨਾ ਮਹਿਲ ਉਸਾਰੇ ਜਾਂਦੇ,
ਰੇਤੇ ਦੀ ਦੀਵਾਰ ਤਾਂ ਇਕ ਦਿਨ ਢਹਿ ਜਾਂਦੀ ਹੈ।

ਕੰਡਾ ਵੀ ਜੇ ਚੁੱਭੇ ਅੱਥਰੂ ਵਹਿ ਤੁਰਦੇ ਨੇ,
ਇਕ ਪਾਸੇ ਧਰਤੀ ਹੈ, ਸਭ ਕੁਝ ਸਹਿ ਜਾਂਦੀ ਹੈ।

ਮੋਦਨ ਸਿੰਘ ਲੋਹੀਆਂ

* ਨਜ਼ਰ ਨੂੰ ਹੋਰ ਕੁਝ ਤੇਰੇ ਬਿਨਾ ਜਚਦਾ ਨਹੀਂ ਅਜ ਕਲ,
ਤਿਰਾ ਜਲਵਾ ਨਜ਼ਰ ਆਉਂਦਾ ਹੈ ਹਰ ਆਪਣੇ ਬਿਗ਼ਾਨੇ 'ਚੋਂ।

ਰਾਮ ਲਾਲ ਪ੍ਰੇਮੀ

* ਦਿਨ ਹੈ ਜਾਂ ਕਿ ਰਾਤ ਪਤਾ ਕੁਝ ਲੱਗੇ ਨਾ,
ਢੂੰਡਦਾ ਰਵੀ ਸਵੇਰਾ ਬਣਿਆ ਫਿਰਦਾ ਹੈ।

ਕਿਉਂ ਕਾਮੇ ਦੇ ਢਿੱਡ ਅਤੇ ਰੋਟੀ ਵਿਚਕਾਰ,
ਏਨਾ ਪੰਧ ਲੰਮੇਰਾ ਬਣਿਆ ਫਿਰਦਾ ਹੈ।

ਕੋਈ ਵੀ ਸਿਰ ਆਪਣੇ ਪੈਰਾਂ ਵਾਲਾ ਨਹੀਂ,
ਕੋਈ ਮੇਰਾ ਕੋਈ ਤੇਰਾ ਬਣਿਆ ਫਿਰਦਾ ਹੈ।

ਦੇਵ ਰਾਊਕੇ

* ਵਿਛੜ ਗਿਆ ਹੈ ਯਾਰ ਮੈਂ ਜਾਵਾਂ ਕਿੱਧਰ ਨੂੰ।
ਦਿਲ ਤੇ ਗ਼ਮ ਦਾ ਭਾਰ ਮੈਂ ਜਾਵਾਂ ਕਿੱਧਰ ਨੂੰ।

ਤੂੰ ਕੱਲਾ ਹਮਦਰਦ ਦੇਵ ਇਕ ਮੇਰਾ ਏਂ,
ਦਿਲ ਵਿਚ ਦਰਦ ਹਜ਼ਾਰ ਮੈਂ ਜਾਵਾਂ ਕਿੱਧਰ ਨੂੰ।

ਭਜਨ ਆਦੀ

* ਮਕਤਲ ਕਿਵੇਂ ਹੈ ਬਣਿਆ ਸੋਹਣਾ ਪੰਜਾਬ ਸੋਚੋ।
ਉਲਫ਼ਤ ਤੇ ਕਿਸਨੇ ਸੁਟਿਐ ਸੜਦਾ ਤੇਜ਼ਾਬ ਸੋਚੋ।

ਜੋ ਜ਼ਿੰਦਗੀ ਸੀ ਦੇਂਦਾ ਅੰਮ੍ਰਿਤ ਦੇ ਵਾਂਗ ਸਭ ਨੂੰ,
ਕੀਕਣ ਹੈ ਜ਼ਹਿਰ ਬਣਿਆ ਸਤਲੁਜ ਦਾ ਆਬ ਸੋਚੋ।

—ਚਰਨ ਸੀਚੇਵਾਲਵੀ
੪੨੮, ਗੁਰੂ ਨਾਨਕਪੁਰਾ (ਵੈਸਟ)
ਡਾਕ. ਚੌਗਿਟੀ, ਜਲੰਧਰ ੧੪੪੦੦੯
ਫੋਨ- ੦੧੮੧-੨੨੩੧੬੫੪

ਦੋ ਗ਼ਜ਼ਲਾਂ / ਪ੍ਰਿੰ. ਕਰਤਾਰ ਸਿੰਘ ਕਾਲੜਾ

ਬੜਾ ਜ਼ਰੂਰੀ ਹੈ, ਉੱਚ ਜੀਵਨ ਲਈ ਅੱਖ ਵਿਚ ਸੱਚ ਦਾ ਨੂਰ ਹੋਣਾ।
ਤੇ ਜ਼ਿੰਦਗੀ ਦੀ ਹਰਿਕ ਡਗਰ ਦਾ ਗਿਆਨ ਹੋਣਾ, ਸ਼ਊਰ ਹੋਣਾ।

ਭਰੂਣ ਹੱਤਿਆ ਦਾ ਠੋਸ ਕਾਰਨ ਜੇ ਜਾਣ ਲਈਏ ਤਾਂ ਸੋਚ ਸਕੀਏ,
ਇਹ ਦਾਜ ਵੇਲੇ ਜੋ ਜਾਗ ਪੈਂਦਾ ਹੈ, "ਪੁੱਤ ਦੇ ਪਿਉ ਦਾ ਫ਼ਤੂਰ" ਹੋਣਾ।

ਹੈ ਲੋਕ ਜੀਵਨ 'ਚ ਜਿਸ ਕਿਸੇ ਨੇ ਵੀ ਜ਼ਿੰਦਗਾਨੀ ਦੀ ਸਾਰ ਲੈਣੀ,
ਬੜਾ ਹੀ ਮਾਰੂ ਹੈ ਉਸ ਬਸ਼ਰ ਲਈ 'ਅੰਤ 'ਚ ਲਿਪਤੇ', ਗ਼ਰੂਰ ਹੋਣਾ।

ਵਿਵਸਥਾ ਸਾਰੀ ਵਿਗੜ ਗਈ ਹੈ, ਕਰੂਰ ਹੋਇਆ ਹੈ ਕੁੱਲ ਜ਼ਮਾਨਾ,
ਕੁਈ ਕਿਵੇਂ ਕਿਸ ਨੂੰ ਦੱਸੇ ਉਸਦਾ ਕਸੂਰ ਜਾਂ ਬੇ-ਕਸੂਰ ਹੋਣਾ।

ਵਪਾਰੀ ਮੁੰਡੇ ਵੀ ਵੇਚਦੇ ਨੇ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਹੈ,
ਪਿਆਰ ਦੇ ਰਾਹ ਦੇ ਨੇੜ ਹੋਣਾ ਜਾਂ ਮੋਹ ਦੇ ਰਿਸ਼ਤੇ ਤ੍ਰੋਂ ਦੂਰ ਹੋਣਾ।

ਪੁਆਏ ਤਲੀਆਂ 'ਚ ਹੱਸ ਕੇ ਛਾਲੇ ਤੇ ਰਸਤਿਆਂ ਦੇ ਵੀ ਨਾਜ਼ ਝੱਲੇ,
ਹੈ ਸਾਡੇ ਭਾਗੀਂ ਤਾਂ ਜ਼ਿੰਦਗੀ ਦੇ ਸਫ਼ਰ ਦੇ ਹੱਥੋਂ ਹੀ ਚੂਰ ਹੋਣਾ।

ਹੈ 'ਕਾਲੜਾ' ਬੇ-ਰੁਖੀ ਦਾ ਆਲਮ, ਹਨੇਰ ਛਾਇਆ ਹੈ ਲਾਲਚਾਂ ਨੇ,
ਬੜਾ ਹੀ ਮਾਰੂ ਹੈ ਆਦਮੀਅਤ ਦੀ ਭਾਵਨਾ ਦਾ ਮਨੂਰ ਹੋਣਾ।

ਰੁਕਨਬੰਦੀ : ਫ਼ਊਲ ਫ਼ਿਅਲੁਨ ਹਰ ਮਿਸਰੇ ਵਿਚ ਚਾਰ ਵਾਰ।

(੨)

ਜੀਅ ਕਰਦਾ ਹੈ ਜੀਵਨ ਭਰ ਹਰ ਵਾਰ ਚੜ੍ਹੇ।
ਅੱਜ ਵਰਗੇ ਚਾਵਾਂ ਦਾ ਰੰਗ ਅਪਾਰ ਚੜ੍ਹੇ।

ਮੋਹ ਦੀ ਕਿਸ਼ਤੀ ਲੈ ਕੇ ਜੋ ਪਤਵਾਰ ਚੜ੍ਹੇ,
ਉਸ ਦਾ ਬੇੜਾ ਸ਼ੁਭ ਮੰਜ਼ਿਲ ਹਿਤ ਪਾਰ ਚੜ੍ਹੇ।

ਲੈ ਕੇ ਜੋ ਆਦਰਸ਼ ਮੇਰਾ ਕਿਰਦਾਰ ਚੜ੍ਹੇ।
ਫਲੀਭੂਤ ਹੋਵੇ ਜਦ ਮਾਰੋ ਮਾਰ ਚੜ੍ਹੇ।

ਕਿਸ ਮਾਂ ਨੇ ਈਸਾ ਵਰਗਾ ਪੁੱਤ ਜੰਮਣਾ ਹੈ,
ਜੋ ਆਪਣੇ ਹੀ ਮੋਢੇ ਲੱਦੀ ਦਾਰ ਚੜ੍ਹੇ।

ਡੁੱਬਦਾ ਹੈ ਈਮਾਨ ਅਧਾਰਿਤ ਕੰਮ ਸਦਾ,
ਬੇਈਮਾਨੀ ਵਿਚ ਚਲਦਾ ਕਾਰੋਬਾਰ ਚੜ੍ਹੇ।

ਲੋਕਾਂ ਨੇ ਤਾਂ ਭੁੱਖਮਰੀ ਹੀ ਸਹਿਣੀ ਹੈ,
ਕੁਰਸੀ 'ਤੇ ਰਾਜਾ ਯਾ ਜ਼ਿਮੇਵਾਰ ਚੜ੍ਹੇ।

ਹੇ ਮਾਲਕ ਧਰਤੀ 'ਤੇ ਸੁਖ ਵਰਤਾਵੀਂ ਤੂੰ,
ਹਰ ਮਾਨ ਸੇਜਾ 'ਤੇ ਮੇਰਾ 'ਕਰਤਾਰ' ਚੜ੍ਹੇ!

੨੯ ਵਾਟਰਵੇਲ ਬੌਲੀਵਰਡ,
ਟੇਲਰਜ਼ ਹਿੱਲ-੩੦੩੭
ਵਿਕਟੋਰੀਆ-ਅਸਟ੍ਰੇਲੀਆ

ਦੋ ਗ਼ਜ਼ਲਾਂ / ਸਰਬਜੀਤ ਦਰਦੀ

ਮੈਂ ਜਦ ਵੀ ਮਿੱਤਰਾਂ ਤੋਂ ਪੁੱਛੇ ਫੁੱਲਾਂ ਦੇ ਸਿਰਨਾਵੇਂ।
ਅੱਗੋਂ ਉਹਨਾਂ ਦੱਸੇ ਮੈਨੂੰ ਕੰਡਿਆਂ ਦੇ ਸਿਰਨਾਵੇਂ।

ਪਾੜ ਹੀ ਦੇਣੇ ਮੈਂ ਅਜ ਉਹਨਾਂ ਯਾਰਾਂ ਦੇ ਸਿਰਨਾਵੇਂ।
ਮਤਲਬਖ਼ੋਰ ਤੇ ਧੋਖੇਬਾਜ਼ ਅਕਾਰਾਂ ਦੇ ਸਿਰਨਾਵੇਂ।

ਤੂੰ ਤਾਂ ਦਿਲੋਂ ਭੁਲਾ ਦਿੱਤੇ ਨੇ, ਯਾਦ ਅਜੇ ਨੇ ਮੈਨੂੰ,
ਤੇਰੇ ਮੇਰੇ ਮਿਲਣ ਵਾਲੀਆਂ ਥਾਵਾਂ ਦੇ ਸਿਰਨਾਵੇਂ।

ਨਾਲ ਰਕੀਬਾਂ ਫਿਰਦੇ ਨੇ ਜੋ, ਬਦਲਣ ਮੌਸਮ ਵਾਂਗੂੰ,
ਕੀ ਕਰਨੇ ਹਨ ਗਿਰਗਟ ਵਰਗੇ ਯਾਰਾਂ ਦੇ ਸਿਰਨਾਵੇਂ।

ਲੰਡਨ, ਪੈਰਿਸ, ਅਮਰੀਕਾ ਉਹ ਘੁੰਮ ਆਇਐ ਹੈ ਲੇਕਿਨ;
ਉਸ ਨੂੰ ਕਿਨਾ ਨਾ ਲੱਭੇ ਪਿੰਡ ਦੀਆਂ ਸੱਥਾਂ ਦੇ ਸਿਰਨਾਵੇਂ।

ਜਿਸ ਦੀ ਲਿਖਤ ਨਜ਼ਰ ਦਾ ਵੀ ਨਾ ਪੂਰਾ ਕਰੇ ਤਕਾਜ਼ਾ,
ਉਹ ਵੀ ਦੱਸਦਾ ਫਿਰਦੈ ਗੀਤਾਂ, ਗ਼ਜ਼ਲਾਂ ਦੇ ਸਿਰਨਾਵੇਂ।

ਪੁੱਛ ਉਨ੍ਹਾਂ ਤੋਂ ਜਾ ਕੇ "ਦਰਦੀ" ਘਰ ਜਿਹਨਾਂ ਦੇ ਚੋਵਣ,
ਕਿੰਝ ਪੁੱਛੀਦੇ ਗੜ੍ਹ-ਗੜ੍ਹ ਕਰਦੇ ਬੱਦਲਾਂ ਦੇ ਸਿਰਨਾਵੇਂ।

ਦਿੰਦੇ ਸੀ ਤੂੰ ਜਾਨ ਜਿਨ੍ਹਾਂ ਤੇ ਭੁੱਲ ਬੈਠੇ ਉਹ ਤੈਨੂੰ,
ਤੂੰ ਵੀ ਦਿਲੋਂ ਮਿਟਾ ਕੇ "ਦਰਦੀ" ਉਹਨਾਂ ਦੇ ਸਿਰਨਾਵੇਂ।

(੨)

ਕੀਕਣ ਦੱਸਾਂ ਸੱਜਣਾ ਤੈਨੂੰ, ਕਿੰਨਾ ਤੈਨੂੰ ਚਾਹਵਾਂ।
ਮੈਂ ਕੋਈ ਹਨੂੰਮਾਨ ਨਹੀਂ ਜੋ, ਸੀਨਾ ਚੀਰ ਵਿਖਾਵਾਂ।

ਓਸ ਗਲੀ ਵਿਚ ਦਿਲਬਰ ਮੇਰਾ, ਓਸ ਗਲੀ ਵਿਚ ਜੰਨਤ,
ਓਸ ਗਲੀ ਵਿਚ ਸ਼ਾਮ ਸਵੇਰੇ, ਕਿਉਂ ਨਾ ਆਵਾ ਜਾਵਾਂ।

ਅਜ-ਕਲ੍ਹ ਬਹੁਤੇ ਆਸ਼ਿਕ ਮਿਲਦੇ ਸੀਨੇ ਤੇ ਹੱਥ ਧਰਕੇ,
ਜਿੰਦ ਤਲੀ ਤੇ ਧਰਕੇ ਮਿਲਦੈ ਕੋਈ ਟਾਵਾਂ ਟਾਵਾਂ।

ਉਹ ਕਹਿੰਦੇ ਨੇ ਭੁੱਲ ਨਾ ਜਾਵੀਂ ਡਾਇਰੀ ਵਿਚ ਤੂੰ ਲਿਖ ਲੈ,
ਕਿੰਝ ਭੁੱਲਾਂਗੇ ਸਜਣਾਂ ਦਿਲ ਵਿਚ ਲਿਖਿਆ ਜੋ ਸਿਰਨਾਵਾਂ।

ਨੇਤਾ ਵਾਂਗਰ ਵਾਅਦੇ ਕਰਕੇ ਭੁਲ-ਭੁਲਾ ਗਏ ਸੱਜਣ,
ਮੈਨੂੰ ਹਾਲੀ ਤਕ ਯਾਦ ਨੇ ਉਹ ਵਾਅਦੇ ਉਹ ਥਾਵਾਂ।

ਅਜ ਤਕ ਨਾ ਜੋ ਬਹੁੜੇ, ਉਹਨਾਂ ਉਸ ਵੇਲੇ ਕੀ ਆਉਣੈ,
ਜਦ ਅਰਥੀ ਨੂੰ ਮੋਢਾ ਦਿੱਤਾ ਰਲਕੇ ਚਾਰ ਭਰਾਵਾਂ।

ਜਦ ਉਹ ਸੱਜਣ ਹਾਂ ਮੇਰੀ ਦਾ ਭਰਦਾ ਨਹੀਂ ਹੁੰਗਾਰਾ,
ਫਿਰ ਤੂੰ ਹੀ ਦਸ "ਦਰਦੀ ਦਿਲ ਦੀ ਬਾਤ ਮੈਂ ਕਿੱਦਾਂ ਪਾਵਾਂ"।

ਕੋਟਲੀ ਥਾਨ ਸਿੰਘ, ਜਲੰਧਰ
ਮੋ- ੯੮੭੨੧-੬੫੫੮੯

ਸਿਰ-ਭਾਰ/ ਡਾ. ਜੇ. ਐਸ. ਆਨੰਦ

ਨਾ ਹੀ ਇੰਜ ਤਰੇਲੀਆਂ ਆਉਂਦੀਆਂ
ਨਾ ਹੀ ਇਹ ਫਿਕਰਾਂ 'ਚ
ਗਲਤਾਨ ਰਾਤਾਂ

ਇਹ ਅੱਧੇ ਮਨ ਨਾਲ ਜੀਣਾ
ਤੇ ਉਸਤੋਂ ਵੀ ਅੱਧੇ ਨਾਲ ਮਰਣਾ
ਏਧਰੋਂ ਪੂਰਾ
ਨਾ ਓਧਰੋਂ ਪੂਰਾ

ਇਹ ਆਪਣੇ ਬਿਗਾਨੇ
ਇਹ ਪਾਪ ਇਹ ਪੁੰਨ
ਇਹ ਸਵਰਗ ਇਹ ਨਰਕ

ਇਹ ਸੁੱਖਾਂ ਤੇ ਦੁੱਖਾਂ ਦੇ
ਝੇੜੇ ਨਾ ਹੁੰਦੇ
ਜੇ ਇਸ ਬਦਨ ਵਿਚ
ਮਨ ਨਾ ਹੁੰਦਾ
ਤੇ ਮਨ ਵਿਚ ਸੋਚਾਂ ਦੇ
ਬਸੇਰੇ ਨਾ ਹੁੰਦੇ।

ਬੰਦ ਕਰਨ ਤੇ
ਬੰਦ ਹੋ ਜਾਂਦਾ
ਤੇ ਚਲਾਉਣ ਤੇ
ਚਲ ਪੈਂਦਾ
ਕਿਸੇ ਮਸ਼ੀਨ ਵਾਂਗ

ਜੇ ਮੈਂ
ਸਾਰੇ ਦਾ ਸਾਰਾ
ਸਰੀਰ ਹੀ ਹੁੰਦਾ
ਰੋਟੀ ਖਾਂਦਾ

ਤੇ ਕੰਮ ਕਰਦਾ ਰਹਿੰਦਾ
ਬਾਹਵਾਂ ਹੁੰਦੀਆਂ
ਲੱਤਾਂ ਹੁੰਦੀਆਂ

ਇਹ ਸਿਰ ਭਾਵੇਂ
ਹੁੰਦਾ ਨਾ ਹੁੰਦਾ।

ਨਾ ਸਿਰ ਹੁੰਦਾ
ਨਾ ਭਾਰ ਹੁੰਦੇ
ਨਾ ਹੀ ਬੰਦੇ ਸਿਰ-ਭਾਰ ਹੁੰਦੇ।

ਪ੍ਰਿੰਸੀਪਲ
ਡੀ. ਏ. ਵੀ. ਕਾਲਜ
ਦਇਆ ਨੰਦ ਨਗਰ, ਬਠਿੰਡਾ

ਨਜ਼ਮ/ ਜਰਨੈਲ ਸਿੰਘ ਬੱਧਣ

ਲੱਚਰ ਗੀਤਾਂ ਨੂੰ ਸੱਭਿਆਚਾਰ ਆਖੇ,
ਨੰਗੇ ਨਾਚ ਨੂੰ ਬਹੁਤ ਸਲਾਹੀ ਜਾਂਦਾ।
ਲੈ ਲਓ ਲੈ ਲਓ ਸਸਤਾ ਅਮੀਰ ਵਿਰਸਾ,
ਦੋਹੀਂ ਹੱਥੀਂ ਪਿਆ ਲੁਟਾਈ ਜਾਂਦਾ।
ਜਿਨ੍ਹਾਂ ਗੀਤਾਂ ਨੂੰ ਸੁਣਦਿਆਂ ਸ਼ਰਮ ਆਵੇ,
ਧੀਆਂ ਭੈਣਾਂ ਨੂੰ ਉਹ ਸੁਣਾਈ ਜਾਂਦਾ।
ਸੱਭਿਆਚਾਰ ਮੇਲੇ ਪਿੰਡ ਪਿੰਡ ਲਾ ਕੇ
ਹਰ ਥਾਂ ਮੁੱਖ ਮਹਿਮਾਨ ਕਹਾਈ ਜਾਂਦਾ।
ਬੇਸੁਰਿਆਂ ਨੂੰ ਗਾਇਕ ਸਿਰਮੌਰ ਆਖੇ
ਜਣੇ-ਖਣੇ ਨੂੰ ਸ਼ਾਇਰ ਬਣਾਈ ਜਾਂਦਾ।
ਰਕਮਾਂ ਮੋਟੀਆਂ ਬਟੋਰ ਕੇ ਭਰੇ ਜੇਬ੍ਹਾਂ
ਵੇਖੋ! ਘਰੇ ਬੈਠਾ ਕਬੂਤਰ ਉਡਾਈ ਜਾਂਦਾ।
ਕੋਈ ਸ਼ਹੀਦ ਹੋਵੇ, ਗੁਰੂ ਪੀਰ ਹੋਵੇ,
ਉੱਥੇ ਆਪਣਾ ਈ ਢੋਲ ਵਜਾਈ ਜਾਂਦਾ।
ਸੱਭਿਆਚਾਰ ਦਾ ਆਪੂੰ ਪ੍ਰਧਾਨ ਬਣਿਆ
ਲੋਕੋ! ਕੌਮ ਦਾ ਭੱਠਾ ਬਿਠਾਈ ਜਾਂਦਾ।

—੫੨੭, ਅਰਬਨ ਅਸਟੇਟ ਫੇਜ਼-੨, ਜਲੰਧਰ

ਗ਼ਜ਼ਲ/ ਮਹਿਮਾ ਸਿੰਘ ਤੂਰ

ਗੋਬਿੰਦ ਦਾ ਸਿੰਘ ਹਾਂ ਮੈਂ, ਨਾ ਰੋਕਿਆ ਰੁਕਾਂਗਾ,
ਮੈਂ ਤੋੜ ਕੇ ਲੰਘਾਂਗਾ ਹਰ ਚੱਕਰਵਿਊ ਦਾ ਘੇਰਾ।

ਸਾਡੇ ਲਈ ਨੇ ਜੱਗ 'ਤੇ ਸਭ ਤੋਂ ਵੱਧ ਸਲੀਬਾਂ,
ਸਾਡੇ ਹੀ ਅੱਗੇ ਕੁਫ਼ਰ ਦਾ ਸਭ ਤੋਂ ਵੱਧ ਹਨੇਰਾ।

ਅਸੀਂ ਚਰਖੜੀਆਂ 'ਤੇ ਚੜ੍ਹ ਗਏ, ਬੰਦ-ਬੰਦ ਕਟਵਾਏ,
ਦੁਨੀਆ ਸਭ ਜਾਣਦੀ ਹੈ ਕਿੰਨਾ ਕੁ ਸਾਡਾ ਜੇਰਾ।

ਨਾ ਇਨਕਲਾਬੀ ਕੋਈ ਗੋਬਿੰਦ ਗੁਰੂ ਤੋਂ ਵੱਡਾ,
ਖ਼ੁਦ ਬਲ ਕੇ ਕਰੇ ਨਾ ਚਾਨਣ, ਕਾਹਦਾ ਉਹ ਰਾਹ-ਦਸੇਰਾ।

ਸੱਚ ਦੇ ਅਭਿਲਾਖੀਆਂ ਨੂੰ ਖ਼ੁਦ ਢੂੰਡਣਾ ਹੈ ਪੈਂਦਾ,
ਕਿਹੜੇ ਦਿਲਾਂ ਵਿਚ ਹੁੰਦਾ ਹੈ 'ਤੂਰ' ਦਾ ਬਸੇਰਾ।

ਹਲਵਾਰਾ (ਲੁਧਿਆਣਾ)
ਪਿੰਨ- ੧੪੧੧੦੭
ਫੋਨ- ੦੧੬੨੪-੨੧੩੪੯੦

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ❖ ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

Pinoneer Manufacturer in India of

- ❖ Automatic machines for producing Biscuits
- ❖ Automatic machines for producing Wafers

and

Makers of High quality Biscuits


BBL FOODS PVT. LTD.

Santosh Nagar (X) Roads, Hyderabad-500 059 India

Ph.:— +91-40-4530680, 82,84 Fax :— +91-40--4530475

E-mail:amber @hd1.vsnl.net.in

Balvinder Pal Singh *Manging Director* *Ph.: 9391048734*	**Lakhbir Singh Muchhal** *Director* *Ph.: 9848050607*	**Sukhwinder Kaur** *Director* *Ph.: 9391046298*


TOP TRAK
new generation bikes
new range for all ages
new
new
new
new
ISO 9001:2000
UKAS
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

ਵਕਤ ਦਾ ਚੱਕਰ

—ਭੁਪਿੰਦਰ ਉਸਤਾਦ

ਜਸਪ੍ਰੀਤ ਪਿਛਲੇ ਤੇਰਾਂ ਸਾਲਾਂ ਤੋਂ ਇੰਗਲੈਂਡ ਵਿਚ ਸੀ। ਜਦੋਂ ਉਹ ਨਵਾਂ ਨਵਾਂ ਗਿਆ ਸੀ ਤਾਂ ਉਸਨੇ ਸਾਲ ਕੁ ਭਰ ਤਾਂ ਆਪਣੇ ਮਾਂ-ਬਾਪ ਨਾਲ ਰਾਬਤਾ ਰੱਖਿਆ। ਫਿਰ ਉਸਨੇ ਇੰਗਲੈਂਡ ਵਿਚ ਸੈਟਲ ਹੋਣ ਲਈ ਹੱਥ ਪੈਰ ਮਾਰਨੇ ਸ਼ੁਰੂ ਕੀਤੇ ਤੇ ਉਸ ਨੂੰ ਸਫਲਤਾ ਵੀ ਮਿਲੀ। ਉਸਨੇ ਉਥੋਂ ਦੀ ਸਿਟੀਜਨ ਇਕ ਕੁੜੀ ਨਾਲ ਸ਼ਾਦੀ ਕਰ ਲਈ। ਫਿਰ ਉਸਨੂੰ ਇਕ ਚੰਗੀ ਨੌਕਰੀ ਵੀ ਮਿਲ ਗਈ। ਬਸ ਫਿਰ ਕੀ ਸੀ, ਉਸ ਨੂੰ ਤਾਂ ਜਿਵੇਂ ਸਭ ਕੁਝ ਹੀ ਭੁੱਲ ਗਿਆ। ਇਥੋਂ ਤੱਕ ਕਿ ਉਸਨੂੰ ਆਪਣੇ ਮਾਂ ਬਾਪ ਵੀ ਭੁੱਲ ਗਏ। ਪਰ ਹੁਣ ਤੇਰਾਂ ਸਾਲਾਂ ਬਾਅਦ ਉਸ ਦੀ ਮਜ਼ਬੂਰੀ ਨੇ ਚੇਤਾ ਕਰਵਾਇਆ ਕਿ ਪੰਜਾਬ ਵਿਚ ਉਸਦੇ ਮਾਂ ਬਾਪ ਵੀ ਇਕੱਲੇ ਹੀ ਰਹਿ ਰਹੇ ਹਨ, ਕਿਉਂ ਨਾ ਉਨਾਂ ਨੂੰ ਇੰਗਲੈਂਡ ਸੱਦ ਲਿਆ ਜਾਏ।

ਜਸਪ੍ਰੀਤ ਆਪਣੇ ਮਾਂ ਬਾਪ ਦੀ ਇਕੋ ਇਕ ਉਲਾਦ ਸੀ। ਸੰਤਾ ਸਿੰਘ ਹੁਰਾਂ ਨੇ ਉਸ ਨੂੰ ਇਕੱਲੀ ਉਲਾਦ ਹੋਣ ਕਰਕੇ ਕਈ ਵਾਰ ਔਖਿਆਂ ਹੋ ਕੇ ਵੀ ਜਸਪ੍ਰੀਤ ਦੇ ਦਿਲ ਦੀ ਰੀਝ ਪੂਰੀ ਕੀਤੀ ਸੀ। ਜਸਪ੍ਰੀਤ ਨੇ ਜਦੋਂ ਵੀ, ਜੋ ਵੀ ਮੰਗਿਆ, ਬੇਸ਼ਕ ਸੰਤਾ ਸਿੰਘ ਹੁਰੀਂ ਮਾਇਕ ਤੌਰ ਤੇ ਔਖੇ ਵੀ ਹੋਏ, ਪਰ ਉਨਾਂ ਜਸਪ੍ਰੀਤ ਦਾ ਦਿਲ ਕਦੇ ਨਾ ਤੋੜਿਆ। ਜਸਪ੍ਰੀਤ ਨੂੰ ਉਸਦੇ ਪਸੰਦ ਦੀ ਚੀਜ਼ ਲੈ ਕੇ ਹੀ ਦਿੱਤੀ। ਚਾਹੇ ਉਨਾਂ ਕਰਜ਼ਾ ਚੁੱਕ ਕੇ ਹੀ ਉਹ ਚੀਜ਼ ਲਈ। ਉਹ ਸੋਚਦੇ ਸਨ ਕਿ ਮੁੰਡਾ ਪੜ੍ਹ ਲਿਖ ਕੇ ਕਿਸੇ ਚੰਗੀ ਨੌਕਰੀ ਤੇ ਲਗ ਜਾਏਗਾ, ਤਾਂ ਸਭ ਕੁਝ ਠੀਕ ਹੋ ਜਾਏਗਾ। ਏਸੇ ਸੋਚ ਅਧੀਨ ਹੀ ਉਨਾਂ ਨੇ ਜਸਪ੍ਰੀਤ ਨੂੰ ਬਾਹਰ ਜਾਣ ਦੇਣ ਲਈ ਰਾਜ਼ੀ ਹੋਏ ਸਨ, ਕਿ ਅਗਲੀ ਜ਼ਿੰਦਗੀ ਸੌਖੀ ਨਿਕਲ ਜਾਏਗੀ।

ਸੰਤਾ ਸਿੰਘ ਹੁਰਾਂ ਨੇ ਏਧਰੋਂ ਓਧਰੋਂ ਪੈਸੇ ਫੜ ਕੇ ਜਸਪ੍ਰੀਤ ਨੂੰ ਸੱਤ ਲੱਖ ਰੁਪਿਆ ਲਾ ਕੇ ਇੰਗਲੈਂਡ ਭੇਜ ਦਿੱਤਾ। ਉਸ ਦੀ ਕਿਸਮਤ ਕਿ ਉਸਨੂੰ ਉਥੇ ਜਾ ਕੇ ਕੋਈ ਜ਼ਿਆਦਾ ਪਰੇਸ਼ਾਨੀ ਨਹੀਂ ਝੱਲਣੀ ਪਈ। ਇਕ ਸੱਜਣ ਜੋ ਸੰਤਾ ਸਿੰਘ ਹੁਰਾਂ ਦਾ ਸ਼ਰਧਾਲੂ ਸੀ, ਉਸ ਨੇ ਜਸਪ੍ਰੀਤ ਨੂੰ ਕੰਮ ਉਤੇ ਲਗਵਾ ਦਿੱਤਾ ਤੇ ਹੌਲੀ ਹੌਲੀ ਜਸਪ੍ਰੀਤ ਦੀ ਗੱਡੀ ਰਿੜ੍ਹ ਪਈ। ਸਾਲ ਕੁ ਭਰ ਉਸ ਨੇ ਮਾਂ-ਬਾਪ ਨੂੰ ਪੈਸੇ ਘੱਲੇ, ਜਿਸ ਨਾਲ ਲਿਆ ਹੋਇਆ ਕਰਜ਼ ਤਾਂ ਲੱਥ ਗਿਆ ਪਰ ਪੈਸਾ ਜਮ੍ਹਾਂ ਕੁਝ ਨਾ ਹੋਇਆ। ਕਿਉਂਕਿ ਜਦੋਂ ਜੁੜਨ ਦੀ ਵਾਰੀ ਆਈ ਤਾਂ ਜਸਪ੍ਰੀਤ ਨੇ ਪੈਸੇ ਭੇਜਣੇ ਹੀ ਬੰਦ ਕਰ ਦਿੱਤੇ। ਸ਼ਾਇਦ ਉਸ ਨੇ ਹਿਸਾਬ ਲਾ ਲਿਆ ਸੀ ਕਿ ਜਿੰਨੇ ਕੁ ਪੈਸੇ ਮੇਰੇ ਤੇ ਲੱਗੇ ਹਨ ਉਨੇ ਕੁ ਮੈਂ ਭੇਜ ਦਿੱਤੇ ਹਨ। ਹੁਣ ਉਸ ਨੇ ਵਿਆਹ ਵੀ ਕਰਵਾ ਲਿਆ ਸੀ। ਇਕ ਗੁਜਰਾਤਣ ਕੁੜੀ ਉਸ ਨਾਲ ਹੀ ਆਫਿਸ 'ਚ ਕੰਮ ਕਰਦੀ ਸੀ, ਉਸਦਾ ਵੀ ਨੇੜੇ ਦਾ ਕੋਈ ਰਿਸ਼ਤੇਦਾਰ ਇੱਥੇ ਨਹੀਂ ਸੀ। ਆਪਸ ਵਿਚ ਗੱਲਬਾਤ ਹੋਈ ਤੇ ਸ਼ਾਦੀ ਹੋ ਗਈ।

ਕਿਉਂਕਿ ਸ਼ਾਦੀ ਤੋਂ ਬਾਅਦ ਘਰ ਵੀ ਚਾਹੀਦਾ ਤੇ ਗੱਡੀ ਵੀ। ਇਹ ਚੀਜ਼ਾਂ ਲੈਣ ਲਈ ਕਿਸ਼ਤਾਂ ਦੀ ਲਾਇਨ ਲੱਗ ਗਈ। ਤੇ ਇਸ ਲਾਇਨ ਨੂੰ ਛੋਟੀ ਕਰਨ ਲਈ ਉਨਾਂ ਨੇ ਮਾਂ ਬਾਪ ਨੂੰ ਪੈਸੇ ਭੇਜਣੇ ਬੰਦ ਕਰ ਦਿੱਤੇ। ਇਕ ਇਕ ਕਰਕੇ ਤੇਰਾਂ ਸਾਲ ਨਿਕਲ ਗਏ। ਕਿਤੇ ਭੁਲ ਭੁਲੇਖੇ ਫੋਨ ਕਰ ਛੱਡਦਾ, ਬਸ।

ਤੇਰਾਂ ਸਾਲਾਂ ਬਾਅਦ ਉਸਦੀ ਮਜ਼ਬੂਰੀ ਨੇ ਇਹ ਖਿਆਲ ਉਸਦੇ ਮਨ ਵਿਚ ਲਿਆਂਦਾ ਕਿ ਮਾਂ ਬਾਪ ਨੂੰ ਇੰਗਲੈਂਡ ਸੱਦ ਲਿਆ ਜਾਏ। ਕਿਉਂਕਿ ਉਹ ਤੇ ਸਵੀਤਾ ਦੋਵੇਂ ਕੰਮ ਕਰਦੇ ਸਨ, ਤੇ ਸਵੀਤਾ ਹੁਣ ਪ੍ਰੈਗਨੈਂਟ ਹੋ ਗਈ ਸੀ, ਇਸ ਕਰਕੇ ਉਨਾਂ ਨੂੰ ਇਕ ਸਹਾਇਕ ਦੀ ਜ਼ਰੂਰਤ ਸੀ। ਇੰਗਲੈਂਡ ਵਿਚ ਨੌਕਰ ਰੱਖਣਾ ਤਾਂ ਬਹੁਤ ਮੁਸ਼ਕਲ ਹੈ। ਇਸ ਮਜ਼ਬੂਰੀ ਨੇ ਉਨਾਂ ਨੂੰ ਮਾਂ ਬਾਪ ਦਾ ਚੇਤਾ ਕਰਵਾ ਦਿੱਤਾ। ਤੇ ਨਾਲ ਹੀ ਉਸਦੇ ਦਿਮਾਗ ਵਿਚ ਇਹ ਵੀ ਸਕੀਮ ਚਲ ਰਹੀ ਸੀ ਕਿ ਜਦੋਂ ਮਾਂ ਬਾਪ ਇੱਥੇ ਆ ਜਾਣਗੇ ਤਾਂ ਉਨਾਂ ਦੀ ਪੈਨਸ਼ਨ ਦਾ ਵੀ ਜੁਗਾੜ ਕਰ ਲਵਾਂਗਾ, ਜਿਸ ਨਾਲ ਉਨਾਂ ਦਾ ਕੋਈ ਬੋਝ ਵੀ ਮੇਰੇ ਤੇ ਨਹੀਂ ਪਏਗਾ। ਮੁਫਤ ਵਿਚ ਹੀ ਨਿਆਣਾ ਸਾਂਭਣ ਦਾ ਝੰਜਟ ਮੁੱਕ ਜਾਏਗਾ। ਜਸਪ੍ਰੀਤ ਇਕ ਤੀਰ ਨਾਲ ਕਈ ਸ਼ਿਕਾਰ ਖੇਡਣੇ ਚਾਹੁੰਦਾ ਸੀ।

ਜਸਪ੍ਰੀਤ ਨੇ ਸਾਰੀ ਸਕੀਮ ਲਾ ਕੇ ਇਕ ਦਿਨ ਘਰ ਫੋਨ ਕੀਤਾ। ਫੋਨ ਮਾਂ ਨੇ ਚੁੱਕਿਆ। ਸਭ ਤੋਂ ਪਹਿਲਾਂ ਜਸਪ੍ਰੀਤ ਨੇ ਦੇਰ ਬਾਅਦ ਫੋਨ ਕਰਨ ਦੀ ਮਾਂ ਕੋਲੋਂ ਮੁਆਫੀ ਮੰਗੀ ਤੇ ਆਪਣੀਆਂ ਮਜ਼ਬੂਰੀਆਂ ਦੀ ਲਿਸਟ ਮਾਂ ਅੱਗੇ ਰੱਖ ਦਿੱਤੀ। ਮਾਂ ਤਾਂ ਏਸੇ 'ਚ ਹੀ ਸਭ ਕੁਝ ਭੁੱਲ ਭੁਲਾ ਗਈ ਕਿ ਪੁੱਤਰ ਦਾ ਫੋਨ ਆ ਗਿਆ। ਉਹ ਰਾਜੀ ਖੁਸ਼ੀ ਹੈ, ਬਸ।

ਪੁੱਤਰ ਤੁਸੀਂ ਕਦੋਂ ਆ ਰਹੇ ਹੋ! ਤੁਹਾਨੂੰ ਦੇਖਣ ਨੂੰ ਤਾਂ ਅੱਖਾਂ ਤਰਸ ਗਈਆਂ ਹਨ। ਮਾਂ ਨੇ ਤਰਲਾ ਜਿਹਾ ਕੀਤਾ।

ਪੁੱਤਰ, ਨਾਲੇ ਤਾਂ ਵਹੁਟੀ ਨੂੰ ਆ ਕੇ ਮਿਲਾ ਜਾ ਤੇ ਉਸ ਨੂੰ ਪੰਜਾਬ ਵੀ ਦਿਖਾ ਜਾ, ਉਸਨੂੰ ਵੀ ਪਤਾ ਲੱਗੇ ਕਿ ਸਾਡਾ ਪੰਜਾਬ ਕਿੰਨਾਂ ਸੋਹਣਾ ਹੈ।

ਮਾਂ, ਮੈਂ ਅਜੇ ਨਹੀਂ ਆ ਸਕਦਾ; ਤੁਸੀਂ ਸਾਡੇ ਕੋਲ ਆ ਜਾਓ ਤੇ ਸਾਡੇ ਕੋਲ ਹੀ ਰਹੋ, ਬਹੁਤ ਚਿਰ ਹੋ ਗਿਆ ਇਕੱਲੇ ਇਕੱਲੇ ਰਹਿੰਦਿਆਂ। ਤੁਹਾਡੀ ਨੂੰਹ ਵੀ ਇਹੀ ਚਾਹੁੰਦੀ ਹੈ। ਮੈਂ ਤੁਹਾਨੂੰ ਰਾਹਦਾਰੀ ਭੇਜ ਰਿਹਾ ਹਾਂ ਤੇ ਪੈਸੇ ਵੀ। ਬਸ ਤੁਸੀਂ

ਸੁਝਾਅ ਦਿੱਤਾ।

ਬਾਪੂ ਇਹ ਗੱਲ ਸੁਣ ਕੇ ਕੁਝ ਹੌਸਲੇ 'ਚ ਹੋਇਆ, ਪਰ ਮਾਂ ਦੀ ਮਮਤਾ ਅਜੇ ਵੀ ਅਜਿਹਾ ਕੁਝ ਕਰਨ ਨੂੰ ਤਿਆਰ ਨਹੀਂ ਸੀ। ਪ੍ਰਸਿੰਨੀ ਦੀ ਜੱਕੋ ਤੱਕੋ ਦੇਖ ਕੇ ਸੰਤਾ ਸਿੰਘ ਕੋਲੋਂ ਰਹਿ ਨਾ ਹੋਇਆ :

ਜੇ ਤੈਨੂੰ ਅਜੇ ਵੀ ਮੁੰਡੇ ਨਾਲ ਹਮਦਰਦੀ ਹੈ ਤਾਂ ਤੂੰ ਉਸ ਕੋਲ ਰਹਿ ਕੇ ਦੇਖ ਲੈ। ਜੋ ਚਾਰ ਦਿਨ ਜ਼ਿੰਦਗੀ ਦੇ ਹਨ ਉਹ ਵੀ ਨਰਕ ਬਣਾ ਲੈ। ਪਰ ਮੈਂ ਨਹੀਂ ਹੁਣ ਇਹ ਸਭ ਸਹਿ ਸਕਦਾ। ਸੰਤਾ ਸਿੰਘ ਨੇ ਆਪਣਾ ਫੈਸਲਾ ਸੁਣਾ ਦਿੱਤਾ। ਪ੍ਰਸਿੰਨੀ ਨੂੰ ਦੋਵੇਂ ਪਾਸੇ ਰੱਖਣੇ ਹੁਣ ਔਖੇ ਜਾਪੇ ਤਾਂ ਉਹ ਵੀ ਪਤੀ ਨਾਲ ਹੋ ਤੁਰੀ।

ਤੂੰ ਮੁੰਡੇ ਨੂੰ ਕੋਈ ਗੱਲ ਨਹੀਂ ਦੱਸਣੀ। ਸੰਤਾ ਸਿੰਘ ਨੇ ਘਰਵਾਲੀ ਨੂੰ ਤਾੜਨਾ ਕੀਤੀ। ਬਸ ਆਪਣੀ ਜ਼ੁਬਾਨ ਬੰਦ ਰੱਖ ਕੇ ਦੇਖਦੀ ਰਹਿ। ਮੈਂ ਤੈਨੂੰ ਪਹਿਲਾਂ ਕਿਹਾ ਸੀ ਕਿ ਕੋਈ ਗੱਲ ਜ਼ਰੂਰ ਹੈ ਜੋ ਇਸਨੂੰ ਤੇਰਾਂ ਸਾਲਾਂ ਬਾਅਦ ਸਾਡਾ ਚੇਤਾ ਆਇਆ। ਉਹ ਗੱਲ ਸੀ, ਇਨ੍ਹਾਂ ਨੂੰ ਹਰਪ੍ਰੀਤ ਤੇ ਆਪਣੇ ਲਈ ਘਰ 'ਚ ਨੌਕਰ ਦੀ ਜ਼ਰੂਰਤ। ਤੇ ਉਤੋਂ ਸਾਡੀ ਪੈਨਸ਼ਨ ਤੇ ਹੱਕ। ਮੇਰਾ ਖਿਆਲ ਹੈ ਹੁਣ ਸਾਰੀ ਗੱਲ ਤੇਰੇ ਖਾਨੇ ਪੈ ਗਈ ਹੋਏਗੀ।

ਡਾਕਟਰ ਨੇ ਸੰਤਾ ਸਿੰਘ ਹੁਰਾਂ ਵਲੋਂ ਥਾਣੇ ਇਕ ਕੰਪਲੇਟ ਕਰਵਾ ਦਿੱਤੀ ਸੀ ਕਿ ਉਨ੍ਹਾਂ ਦਾ ਪੁੱਤਰ, ਉਨ੍ਹਾਂ ਨੂੰ ਤੰਗ ਕਰਦਾ ਹੈ ਤੇ ਨਾਲ ਹੀ ਕਾਉਂਸਲ 'ਚ ਵੀ ਘਰ ਵਾਸਤੇ ਐਪਲੀਕੇਸ਼ਨ ਦੇ ਦਿੱਤੀ ਗਈ। ਇਕ ਦਿਨ ਪੁਲਿਸ ਆਈ। ਇੰਸਪੈਕਟਰ ਨੇ ਜਸਪ੍ਰੀਤ ਕੋਲੋ ਪੁੱਛਿਆ ਕਿ ਉਹ ਇਨ੍ਹਾਂ ਨੂੰ ਤੰਗ ਕਿਉਂ ਕਰਦਾ ਹੈ, ਤਾਂ ਜਸਪ੍ਰੀਤ ਜੁਆਬ ਦਿੰਦਿਆਂ ਥਿੜਕ ਰਿਹਾ ਸੀ।

ਏ ਤਾ ਜੀ... ਏ ਤਾ ਜੀ, ਮੇਰੇ ਮਾਤਾ ਪਿਤਾ ਹਨ ਮੈਂ ਇਨ੍ਹਾਂ ਨੂੰ ਤੰਗ ਕਿਉਂ ਕਰਾਂਗਾ?

ਸਿਆਣਾ ਇੰਸਪੈਕਟਰ ਸਮਝ ਗਿਆ ਸਾਰੀ ਗੱਲ। ਉਸ ਕੋਲ ਕਿਹੜਾ ਇਹ ਕੋਈ ਨਵਾਂ ਕੇਸ ਸੀ। ਉਸ ਨੇ ਜਸਪ੍ਰੀਤ ਨੂੰ ਦੋ ਤਿੰਨ ਸਵਾਲ ਹੋਰ ਪੁੱਛੇ, ਪਰ ਜਸਪ੍ਰੀਤ ਉਨ੍ਹਾਂ ਦਾ ਤਸੱਲੀ ਬਖਸ਼ ਜੁਆਬ ਨਾ ਦੇ ਸਕਿਆ। ਕਾਉਂਸਲ ਵਾਲਿਆਂ ਵੀ ਆਪਣੇ ਤੌਰ ਤੇ ਇੰਨਕੁਆਇਰੀ ਕੀਤੀ ਤਾਂ ਉਨ੍ਹਾਂ ਵੀ ਪਾਇਆ ਕਿ ਜਸਪ੍ਰੀਤ ਦਾ ਵਿਹਾਰ ਉਨਾਂ ਨਾਲ ਚੰਗਾ ਨਹੀਂ। ਕਰ ਕਰਾ ਕੇ ਬਜ਼ੁਰਗ ਜੋੜੀ ਨੂੰ ਕਾਉਂਸਲ ਦਾ ਘਰ ਉਸ ਨੂੰ ਰਹਿਣ ਲਈ ਮਿਲ ਗਿਆ।

ਨੂੰਹ ਪੁੱਤ ਬਹੁਤ ਪਿੱਟੇ ਕਿ ਉਨ੍ਹਾਂ ਦੀ ਕੀਤੀ ਕਰਾਈ ਤੇ ਪਾਣੀ ਫਿਰ ਗਿਆ, ਉਨ੍ਹਾਂ ਤਾਂ ਸਭ ਕੁੱਝ ਆਪਣੇ ਸੁੱਖ ਵਾਸਤੇ ਕੀਤਾ ਸੀ, ਪਰ ਸੁਖੀ ਤਾਂ ਮੰਮੀ ਡੈਡੀ ਹੋ ਗਏ।

ਅਸੀਂ ਤੁਹਾਨੂੰ ਨਰਕ 'ਚੋਂ ਕੱਢ ਕੇ ਇੱਥੇ ਲਿਆਂਦਾ। ਇਕ ਬੱਚੀ ਕੀ ਸੰਭਾਲਣੀ ਪੈ ਗਈ, ਤੁਸੀਂ ਤਾਂ ਹਾਏ ਪਾਰ੍ਹਿਆ ਕਰਨ ਲੱਗ ਪਏ। ਘਰ ਵੀ ਤਾਂ ਆਪ ਹੀ ਪਕਾ ਕੇ ਖਾਂਦੇ ਸੀ ਜੇ ਨਾਲ ਸਾਡੀਆਂ ਚਾਰ ਰੋਟੀਆਂ ਪਕੌਣੀਆਂ ਪੈ ਗਈਆਂ ਤਾਂ ਤੁਹਾਨੂੰ ਬਹੁਤ ਤਕਲੀਫ ਹੋ ਗਈ। ਅਸੀਂ ਤੁਹਾਨੂੰ ਕੀ ਤੰਗ ਕਰ ਦਿੱਤਾ? ਨੂੰਹ ਪੁੱਤ ਲਾਲ ਪੀਲੇ ਹੋਈ ਜਾ ਰਹੇ ਸਨ।

ਤੁਹਾਨੂੰ ਖਾਣ ਨੂੰ ਨਹੀਂ ਦਿੰਦੇ ਜਾਂ ਪਹਿਨਣ ਨੂੰ ਨਹੀਂ ਦਿੰਦੇ।

ਬੁੱਢੇ ਮੀਆਂ ਬੀਵੀ ਦੋਵੇਂ ਚੁੱਪ ਕਰਕੇ ਨੂੰਹ ਪੁੱਤ ਦੀਆਂ ਸੁਣਦੇ ਰਹੇ। ਉਹ ਸੋਚ ਰਹੇ ਸਨ ਕਿ ਜੋ ਦੋ ਚਾਰ ਦਿਨ ਘਰ ਮਿਲਣ ਵਿਚ ਹਨ ਉਹ ਚੁੱਪ ਕਰਕੇ ਕੱਢ ਲਈਏ। ਕਿਤੇ ਐਸਾ ਨਾ ਹੋਵੇ ਕਿ ਇਹ ਅੱਜ ਹੀ ਸਾਨੂੰ ਘਰੋਂ ਬਾਹਰ ਕਰ ਦੇਣ ਤੇ ਸਾਨੂੰ ਵਕਤ ਕੱਟਣਾ ਔਖਾ ਹੋ ਜਾਏ।

ਨੂੰਹ ਪੁੱਤ ਇਸ ਗੱਲੋਂ ਅੰਦਰ ਬਹਿ ਕੇ ਗੱਲ ਕਰ ਰਹੇ ਸਨ ਕਿ ਸ਼ਾਇਦ ਇਹ ਅਜੇ ਵੀ ਸਾਡੇ ਨਾਲ ਰਹਿਣਾ ਮੰਨ ਜਾਣ। ਇਸ ਕੰਮ ਵਾਸਤੇ ਨੂੰਹ ਪੁੱਤ, ਹਰਪ੍ਰੀਤ ਨੂੰ ਵੀ ਵਰਤ ਰਹੇ ਸਨ। ਇਮੋਸ਼ਨਲ ਬਲੈਕਮੇਲ ਕਰਨ ਦੀ ਸੋਚ ਰਹੇ ਸਨ ਕਿ ਉਹ ਆਪਣੇ ਪਿਆਰ ਨਾਲ ਦਾਦਾ ਦਾਦੀ ਨੂੰ ਇੱਥੇ ਹੀ ਰਹਿਣ ਲਈ ਮਨਾ ਲਏ।

ਮਾਂ ਤਾਂ ਵਿਚ ਵਿਚਾਲੇ ਡੱਕੋ ਡੋਲੇ ਖਾ ਜਾਂਦੀ ਸੀ, ਪਰ ਬਾਪੂ ਚੁੱਕਿਆ ਹੋਇਆ ਕਦਮ, ਪਿਛੇ ਰੱਖਣ ਨੂੰ ਤਿਆਰ ਨਹੀਂ ਸੀ– ਇਹ ਕੁੱਤੇ ਦੀ ਪੂਛ ਬਣ ਗਏ ਹਨ ਪ੍ਰਸਿੰਨੀ, ਇਹ ਹੁਣ ਕਦੇ ਨਹੀਂ ਸੁਧਰ ਸਕਦੇ। ਮੇਰੇ ਕੋਲੋ ਲਿਖਾ ਲੈ।

ਫਿਰ ਇਕ ਦਿਨ ਸੰਤਾ ਸਿੰਘ ਨੂੰ ਕਾਉਂਸਲ ਵਾਲਿਆਂ ਦਾ ਲੈਟਰ ਮਿਲਿਆ ਜਿਸ ਵਿਚ ਉਨ੍ਹਾਂ ਨੇ ਸੰਤਾ ਸਿੰਘ ਤੇ ਪ੍ਰਸਿੰਨੀ ਨੂੰ ਘਰ ਦੇਣ ਬਾਰੇ ਲਿਖਿਆ ਹੋਇਆ ਸੀ। ਉਹ ਆਪਣਾ ਜੋ ਥੋਹੜਾ ਬਹੁਤ ਸਮਾਨ ਸੀ, ਇਕੱਠਾ ਕਰਨ ਲੱਗ ਪਏ। ਏਨੇ ਨੂੰ ਜਸਪ੍ਰੀਤ ਆ ਗਿਆ। ਇਸ ਤੋਂ ਪਹਿਲਾਂ ਕਿ ਉਹ ਕੁੱਝ ਬੋਲਦਾ, ਸੰਤਾ ਸਿੰਘ ਕਹਿ ਉਠਿਆ :

ਸਾਨੂੰ ਨਹੀਂ ਸੀ ਪਤਾ ਕਾਕਾ ਕਿ ਤੂੰ ਐਡਾ ਕਮੀਨਾ ਹੋ ਗਿਆਂ ਜੋ ਇਹ ਘਰ ਹੀ ਤੂੰ ਸਾਨੂੰ ਜੇਲ੍ਹ ਵਰਗਾ ਕਰ ਦਿੱਤਾ। ਪਿਆਰ ਨਾਲ ਤਾਂ ਭਾਵੇਂ ਤੂੰ ਸਾਡਾ ਚੰਮ ਵੀ ਲਾਹ ਲੈਂਦਾ, ਸਾਨੂੰ ਅਫਸੋਸ ਨਹੀਂ ਸੀ ਹੋਣਾ। ਇਸ ਤਰ੍ਹਾਂ ਸਾਡੇ ਤੇ ਬੰਦਸ਼ਾਂ ਲਾ ਕੇ ਤੂੰ ਸਾਡਾ ਜੀਉਣਾ ਹਰਾਮ ਕਰ ਦਿੱਤਾ। ਸਾਨੂੰ ਤੇਰੇ ਤੇ ਇਹ ਉਮੀਦ ਨਹੀਂ ਸੀ। ਤੂੰ ਪਤਾ ਨਹੀਂ ਤੇਰਾਂ ਸਾਲਾਂ 'ਚ ਇੱਥੇ ਆ ਕੇ ਅੰਗਰੇਜ਼ਾਂ ਕੋਲੋਂ ਕੀ ਸਿਖਿਆ। ਹੁਣ ਤੂੰ ਆਪਣੇ ਘਰ ਰਾਜੀ, ਅਸੀਂ ਆਪਣੇ ਘਰ ਰਾਜੀ। ਤੂੰ ਆਪਣੀ ਮਰਜ਼ੀ ਨਾਲ ਜੀਅ, ਅਸੀਂ ਆਪਣੀ ਮਰਜ਼ੀ ਨਾਲ ਜੀਵੀਏ। ਇਹੋ ਸਾਰਿਆਂ ਦਾ ਭਲਾ। ਤੂੰ ਜੋ ਵੀ ਸਾਡੇ ਨਾਲ ਕੀਤਾ, ਅਸੀਂ ਉਹ ਭੁਲਾਂਗੇ ਤਾਂ ਨਹੀਂ, ਫਿਰ ਵੀ ਤੁਹਾਡੇ ਲਈ ਸਾਡੇ ਘਰ ਦੇ ਦਰਵਾਜ਼ੇ ਹਮੇਸ਼ਾਂ ਖੁੱਲੇ ਰਹਿਣਗੇ। ਤੂੰ ਸਾਡਾ ਇਕੋ ਇਕ ਜੂ ਹੋਇਆ।

ਈ. ਜੀ. ੬੧੯ ਗੋਬਿੰਦਗੜ੍ਹ, ਜਲੰਧਰ
ਜੇਬ - ੯੮੭੬੨-੦੮੫੪੨



ਸੰਸਦ ਭਵਨ ਨਵੀਂ ਦਿੱਲੀ ਵਿੱਚ ਸਤਿਗੁਰੂ ਰਾਮ ਸਿੰਘ ਜੀ ਅਤੇ ਹੋਰ ਅਜ਼ਾਦੀ ਸੰਗਰਾਮੀਆਂ ਦੀਆਂ ਤਸਵੀਰਾਂ ਲਾਏ ਜਾਣ ਸਮੇਂ ਦੀ ਤਸਵੀਰ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਦਿਸ ਰਹੇ ਖਬਿਓ. ਸ੍ਰੀਮਤੀ ਅੰਬਿਕਾ ਸੋਨੀ, ਸ੍ਰੀ ਰਾਮ ਵਿਲਾਸ ਪਾਸਵਾਨ, ਡਾ. ਕਰਨ ਸਿੰਘ, ਸ. ਚਰਨਜੀਤ ਸਿੰਘ ਅਟਵਾਲ ਡਿਪਟੀ ਸਪੀਕਰ, ਉਪਰਾਸ਼ਟਰਪਤੀ ਹਾਮਿਦ ਅੰਨਸਾਰੀ, ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ, ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ, ਸ੍ਰੀ ਸੋਮਨਾਥ ਚੈਟਰਜੀ ਸਪੀਕਰ, ਸ੍ਰੀ ਐਲ. ਕੇ. ਅਡਵਾਨੀ, ਸ੍ਰੀ ਮਾਤਾ ਚੰਦ ਕੌਰ ਜੀ, ਸ. ਹਰਵਿੰਦਰ ਸਿੰਘ ਹੰਸਪਾਲ, ਸ. ਸੁਖਦੇਵ ਸਿੰਘ ਢੀਂਡਸਾ, ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਆਦਿਕ।



ਸ਼ਹੀਦੀ ਸਮਾਗਮ ਮਲੇਰਕੋਟਲਾ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਭਾਰਤ ਦੇ ਤਦਵਕਤੀ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ, ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸੰਤ ਸੁਰਿੰਦਰ ਸਿੰਘ ਲਾਇਲ (੧੯੯੯ ਈ:)



ਸ੍ਰੀ ਭੈਣੀ ਸਾਹਿਬ ਵਿਖੇ, ਸਵ. ਸੰਤ ਪ੍ਰੀਤਮ ਸਿੰਘ ਕਵੀ ਲਿਖਤ "ਬੀਤੇ ਦੀਆਂ ਪੈੜਾਂ" ਪੁਸਤਕ ਭਾਗ ੧੩, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਪਿਤ ਕਰਦੇ ਹੋਏ ਕਵੀ ਜੀ ਦੀ ਸਪੁੱਤਰੀ ਬੀਬੀ ਕੁਲਵੰਤ ਕੌਰ ਅਤੇ ਸਪੁਤਨੀ ਬੀਬੀ ਗੁਰਬਚਨ ਕੌਰ ਜੀ।



ਕਵਿਤਾ ਕੇਂਦਰ ਚੰਡੀਗੜ੍ਹ ਦੇ ਸਮਾਰੋਹ 'ਚ ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ 'ਨਾਮਧਾਰੀ ਸ਼ਹੀਦ' ਤੇ ਹੋਈ ਗੋਸ਼ਟੀ ਸਮੇਂ ਸ. ਕਰਮ ਸਿੰਘ ਵਕੀਲ, ਸੰਤ ਹਰਪਾਲ ਸਿੰਘ, ਕਾ. ਸੁਵਰਨ ਸਿੰਘ ਵਿਰਕ, ਸੂਬਾ ਸੁਰਿੰਦਰ ਕੌਰ ਖਰਲ, ਸ੍ਰੀਮਤੀ ਸ਼ੋਭਾ ਕੌਸਰ ਅਤੇ ਡਾ. ਬੀ. ਕੇ. ਪੰਨੂੰ।



ਹੰਸ ਰਾਜ ਮਹਿਲਾ ਮਹਾਂਵਿਦਿਆਲਾ ਜਲੰਧਰ ਵਿਚ 'ਭਾਰਤ ਦੀ ਆਜ਼ਾਦੀ ਵਿਚ ਕੂਕਾ ਅੰਦੋਲਨ ਦਾ ਯੋਗਦਾਨ" ਵਿਸ਼ੇ ਉੱਤੇ ਵਿਸ਼ੇਸ਼ ਭਾਸ਼ਣ ਦੇ ਰਹੇ ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ। ਮੰਚ ਤੇ ਬੈਠੇ ਹਨ ਇੰਚਾਰਜ ਪੰਜਾਬੀ ਐਸੋਸੀਏਸ਼ਨ ਪ੍ਰੋ. ਕੁਲਜੀਤ ਕੌਰ , ਹਿਸਟਰੀ ਐਸੋਸੀਏਸ਼ਨ ਦੀ ਪ੍ਰਧਾਨ ਪ੍ਰੋ. ਸਰੋਜ ਸ਼ਰਮਾ, ਸ. ਪਰਮਵੀਰ ਸਿੰਘ ਗੀਰ੍ਹ ਅਤੇ ਸਾਹਮਣੇ ਸ੍ਰੋਤਾ ਮੰਡਲ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਸੰਤ ਸਤਨਾਮ ਸਿੰਘ ਆਪ੍ਣੀ ਨਵੀਂ ਕਾਰ ਵਿਚ ਸਤਿਗੁਰੂ ਜੀ ਦੇ ਚਰਨ ਪਾਉਣ ਤੇ ਧੰਨਵਾਦ ਕਰਦੇ ਹੋਏ।

ਧੰਨ ਧੰਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਅਤੇ ਗੁਰਗਦੀ ਅਰਧ ਸ਼ਤਾਬਦੀ ਤੇ ਸਾਧ ਸੰਗਤ ਨੂੰ ਲੱਖ-ਲੱਖ ਵਧਾਈ।



ਗੁਰਮੇਲ ਸਿੰਘ



ਕਾਕਾ ਸਿੰਘ



ਸਵਰਣ ਸਿੰਘ



ਕੁਲਦੀਪ ਸਿੰਘ ਕਲਸੀ

ਨਾਮਧਾਰੀ ਸੰਗਤ ਪਿੰਡ ਸੈਦੋਕੇ, ਜ਼ਿਲ੍ਹਾ ਮੋਗਾ



ਪ੍ਰਸਿੱਧ ਪੱਤਰਕਾਰ ਅਤੇ ਸਾਹਿਤਕਾਰ ਸ. ਕੁਲਦੀਪ ਸਿੰਘ ਬੇਦੀ ਜਲੰਧਰ ਦੇ ਸਪੁੱਤਰ ਪ੍ਰਤੀਕ ਸਿੰਘ ਦਾ ਸ਼ੁਭ ਵਿਆਹ ਸ. ਸੁਖਵੰਤ ਸਿੰਘ ਪੱਟੀ ਦੀ ਸਪੁੱਤਰੀ ਬੀਬੀ ਮਨਪ੍ਰੀਤ ਕੌਰ ਨਾਲ ਪਿਛਲੇ ਦਿਨੀਂ ਹੋਇਆ। ਇਸ ਮੌਕੇ ਦੀ ਇਕ ਪਰਿਵਾਰਕ ਤਸਵੀਰ

ਸ. ਤਰਲੋਚਨ ਸਿੰਘ ਮੈਂਬਰ ਪਾਰਲੀਮੈਂਟ, ਕੌਮੀ ਘੱਟ ਗਿਣਤੀ ਕਮਿਸ਼ਨ ਭਾਰਤ ਦੇ ਸਾਬਕਾ ਚੇਅਰਮੈਨ ਵਲੋਂ ਸਪੀਕਰ ਲੋਕ ਸਭਾ ਨੂੰ ਲਿਖੀ ਚਿੱਠੀ ਅਤੇ ਪੰਜਾਬੀ ਉਲਥਾ

TARLOCHAN SINGH
Member of Parliament
Former Chairman, National
Commission for Minorities, INDIA

B-5, Dr. Zakir Hussain Marg,
New Delhi-110 003
Phone : 2338 4664
E-mail : tarlochan@sansad.nic.in

December 22, 2008

Hon'ble Speaker Sir

This morning in the Central Hall of the Parliament portraits of seven renowned personalities of India were unveiled and homage to them was paid by H.E. Vice President of India, Prime Minister of India, Yourself, Opposition Leader of Lok Sabha & large number of the invitees.

I am not happy to see that Sat Guru Ram Singh who initiated the Civil Disobedience movement in India long before Mahatma Gandhi has not been properly honoured. The role of Sat Guru Ram Singh is to be written in Gold letters for what he did & sacrificed against the British rule. The Non-Co-operation movement, wearing of Khadi & Movement against Cow slaughter were at his initiative. As you are aware that during the struggle dozens of his followers were blown to pieces with canons at Maler Kotla, which was the only such brutal act of the British Govt. The second one like this was the Jaliawalan Bagh.

The Parliament should have given a special tribute to Sat Guru Ram Singh to boost the morale of the youth of India. I do not deny the role of other six patriots who were honored today & they all have done great service in their lifetime.

Your's sincerely

Tarlochan Singh

Shri Somnath Chatterjee
Hon'ble Speaker,
Lok Sabha
New Delhi

ਸਤਿਕਾਰਤ ਸਪੀਕਰ ਸਾਹਿਬ,

ਅਜ ਸਵੇਰੇ ਪਾਰਲੀਮੈਂਟ ਦੇ ਕੇਂਦਰੀ ਹਾਲ ਵਿਚ ਭਾਰਤ ਦੀਆਂ ਸਤ ਪ੍ਰਸਿੱਧ ਹਸਤੀਆਂ ਦੀਆਂ ਤਸਵੀਰਾਂ ਤੋਂ ਪਰਦਾ ਚੁੱਕਿਆ ਗਿਆ ਅਤੇ ਭਾਰਤ ਦੇ ਸਤਿਕਾਰਤ ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਜੀ, ਤੁਹਾਡੇ ਵਲੋਂ, ਲੋਕ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਅਤੇ ਭਾਰੀ ਗਿਣਤੀ ਵਿਚ ਸਦੇ ਹੋਏ ਸਜਨਾਂ ਵਲੋਂ ਸਤਿਕਾਰ ਭੇਟ ਕੀਤਾ ਗਿਆ।

ਮੈਨੂੰ ਇਹ ਵੇਖ ਕੇ ਪ੍ਰਸੰਨਤਾ ਨਹੀਂ ਹੋਈ ਕਿ, ਸਤਿਗੁਰੂ ਰਾਮ ਸਿੰਘ, ਜਿਨਾਂ ਨੇ ਭਾਰਤ ਵਿਚ ਸਿਵਿਲ ਨਾ ਫੁਰਮਾਨੀ ਲਹਿਰ ਮਹਾਤਮਾ ਗਾਂਧੀ ਤੋਂ ਵੀ ਪਹਿਲਾਂ ਚਲਾਈ ਦਾ ਪੂਰੀ ਤਰ੍ਹਾਂ ਸਤਿਕਾਰ ਨਹੀਂ ਹੋਇਆ। ਬ੍ਰਿਟਿਸ਼ ਰਾਜ ਦੇ ਵਿਰੁੱਧ ਜੋ ਕਾਰਜ ਕੀਤਾ ਅਤੇ ਕੁਰਬਾਨੀ ਕੀਤੀ ਉਸ ਕਰਕੇ ਸਤਿਗੁਰੂ ਰਾਮ ਸਿੰਘ ਜੀ ਦਾ ਰੋਲ ਸਨਿਹਰੀ ਅੱਖਰਾਂ ਵਿਚ ਲਿਖਿਆ ਜਾਣਾ ਚਾਹੀਦਾ ਹੈ। ਨਾ ਮਿਲਵਰਤਨ ਦੀ ਲਹਿਰ, ਖਾਦੀ ਦਾ ਪਹਿਨਣਾ ਅਤੇ ਗਊ ਕਸ਼ੀ ਵਿਰੁੱਧ ਅੰਦੋਲਨ ਉਹਨਾਂ ਦੀ ਅਗਵਾਈ ਵਿਚ ਹੋਏ। ਜਿਵੇਂ ਤੁਸੀਂ ਜਾਣਦੇ ਹੋ ਸੰਘਰਸ਼ ਸਮੇਂ ਉਹਨਾਂ ਦੇ ਦਰਜਨਾਂ ਪੈਰੋਕਾਰ ਮਲੇਰਕੋਟਲਾਂ ਵਿਖੇ ਤੋਪਾਂ ਨਾਲ ਟੂੰਬਾ ਟੂੰਬਾ ਉੱਡਾ ਦਿੱਤੇ ਗਏ ਜੋ ਕਿ ਬ੍ਰਿਟਿਸ਼ ਸਰਕਾਰ ਦਾ ਅਜਿਹਾ ਇਕੋ ਇਕ ਕਾਰਾ ਸੀ। ਦੂਸਰਾ ਇਸ ਵਰਗਾ ਜਲ੍ਹਿਆਂ ਵਾਲਾ ਬਾਗ ਹੀ ਸੀ।

ਭਾਰਤ ਦੇ ਨੌਜਵਾਨਾਂ ਵਿਚ ਉਤਸ਼ਾਹ ਵਧਾਉਣ ਵਾਸਤੇ ਪਾਰਲੀਮੈਂਟ ਨੂੰ ਸਤਿਗੁਰੂ ਰਾਮ ਸਿੰਘ ਪ੍ਰਤੀ ਵਿਸ਼ੇਸ਼ ਸਤਿਕਾਰ ਦੇਣਾ ਚਾਹੀਦਾ ਸੀ। ਮੈਂ ਦੂਸਰੇ ਛੇ ਦੇਸ਼ ਭਗਤਾਂ ਦੇ ਰੋਲ ਤੋਂ ਇਨਕਾਰ ਨਹੀਂ ਕਰਦਾ ਜਿਨ੍ਹਾਂ ਨੂੰ ਅੱਜ ਸਤਿਕਾਰਿਆ ਗਿਆ ਅਤੇ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਬਹੁਤ ਸੇਵਾ ਕੀਤੀ।

ਆਪਦਾ
ਤਰਲੋਚਨ ਸਿੰਘ

ਕਹਾਣੀ ਮਾਲੇਰਕੋਟਲਾ ਦੀ

—ਡਾ. ਨਰੇਸ਼

ਕੂਕਿਆਂ ਦੀ ਸ਼ਹੀਦੀ ਨਾਲ ਜੁੜਿਆ ਹੋਣ ਕਾਰਨ ਮਲੇਰਕੋਟਲਾ ਨਾਮਧਾਰੀ ਇਤਿਹਾਸ ਵਿਚ ਮਹੱਤਵ ਸਥਾਨ ਰੱਖਦਾ ਹੈ। ਪੇਸ਼ ਹੈ ਇਸ ਸ਼ਹਿਰ ਦਾ ਇਤਿਹਾਸ, ਜਿਸ ਨੂੰ ਪ੍ਰਸਿਧ ਸਾਹਿਤਕਾਰ ਡਾ. ਨਰੇਸ਼ ਨੇ ਆਪਣੇ ਸੱਜਰੇ ਨਾਵਲ 'ਮਿੱਟੀ ਦਾ ਕਰਜ਼' ਵਿਚ ਬੜੀ ਖੂਬਸੂਰਤੀ ਨਾਲ ਪਰੋਇਆ ਹੈ— ਸੰਪਾਦਕ

ਸਾਰੀ ਉਮਰ ਦਿਨੇਸ਼ ਨੇ ਪਲਾਟ ਖਰੀਦਣ ਜਾਂ ਘਰ ਬਣਾਉਣ ਬਾਰੇ ਇਸ ਲਈ ਨਹੀਂ ਸੋਚਿਆ ਸੀ, ਕਿਉਂਕਿ ਪਿਓ-ਦਾਦੇ ਦੀ ਬਹੁਤ ਵੱਡੀ ਹਵੇਲੀ ਮੌਜੂਦ ਸੀ। ਘਰ ਬਣਾਉਣ ਦੀ ਫਿਕਰ ਤਾਂ ਉਨ੍ਹਾਂ ਨੂੰ ਹੁੰਦੀ ਹੈ, ਜਿਨ੍ਹਾਂ ਕੋਲ ਰਿਟਾਇਰਮੈਂਟ ਤੋਂ ਮਗਰੋਂ ਸਿਰ 'ਤੇ ਛੱਤ ਨਹੀਂ ਹੁੰਦੀ। ਦਿਨੇਸ਼ ਨੂੰ ਪਤਾ ਸੀ ਕਿ ਉਹ ਰਿਟਾਇਰ ਹੋਵੇਗਾ ਤਾਂ ਮਜ਼ੇ ਨਾਲ ਹਵੇਲੀ ਜਾ ਵਸੇਗਾ, ਪਰ ਉਸਨੇ ਇਹ ਨਹੀਂ ਸੋਚਿਆ ਸੀ ਕਿ ਜਦੋਂ ਤਕ ਉਹ ਰਿਟਾਇਰ ਹੋਵੇਗਾ, ਉਦੋਂ ਤਕ ਹਵੇਲੀ ਵਿਚ ਵਸਦੇ ਉਸਦੇ ਭਰਾਵਾਂ ਦੇ ਬੱਚੇ ਵੱਡੇ ਹੋ ਚੁੱਕੇ ਹੋਣਗੇ ਤੇ ਬੱਚਿਆਂ ਦੇ ਪਰਿਵਾਰ ਵੀ ਉਸੇ ਹਵੇਲੀ ਵਿਚ ਆਬਾਦ ਹੋ ਚੁੱਕੇ ਹੋਣਗੇ। ਖਾਲੀ-ਖਾਲੀ ਜਿਹੀ ਮਹਿਸੂਸ ਹੋਣ ਵਾਲੀ ਹਵੇਲੀ ਵਿਚ ਪਹਿਲਾਂ ਤੋਂ ਵਸਦੇ ਪਰਿਵਾਰਾਂ ਲਈ ਹੀ ਥਾਂ ਘੱਟ ਹੋ ਰਹੀ ਹੋਵੇਗੀ ਤਾਂ ਉਸਦੇ ਹਿੱਸੇ ਦੀ ਛੱਤ ਕਿੱਥੋਂ ਕੱਢੀ ਜਾ ਸਕੇਗੀ।

ਰਿਟਾਇਰ ਹੋਣ ਤੋਂ ਛੇ ਮਹੀਨੇ ਪਹਿਲਾਂ ਉਸਨੇ ਵੱਡੇ ਭਰਾ ਨੂੰ ਚਿੱਠੀ ਲਿਖ ਕੇ ਆਪਣੀ ਹਵੇਲੀ ਪਰਤਣ ਦੀ ਇੱਛਾ ਜ਼ਾਹਿਰ ਕੀਤੀ ਸੀ ਤਾਂ ਭਰਾ ਨੇ ਦੁੱਖੀ ਹਿਰਦੇ ਨਾਲ ਲਿਖਿਆ ਸੀ ਕਿ ਜੀ-ਸਦਕੇ ਆ ਜਾ। ਹੇਠਲੀ ਮੰਜ਼ਿਲ 'ਤੇ ਦੋਵੇਂ ਛੋਟੇ ਭਰਾਵਾਂ ਦੇ ਪਰਿਵਾਰ ਰਹਿ ਰਹੇ ਹਨ। ਦੂਜੀ ਮੰਜ਼ਿਲ 'ਤੇ ਉਨ੍ਹਾਂ ਦੇ ਦੋਵੇਂ ਪੁੱਤਰਾਂ ਦੇ ਪਰਿਵਾਰ ਹਨ ਤੇ ਤੀਜੀ ਮੰਜ਼ਿਲ ਦੇ ਡੇਢ ਕਮਰੇ ਵਿਚ ਉਹ ਆਪ ਭਾਬੀ ਨਾਲ ਰਹਿ ਰਹੇ ਹਨ। ਤੇਰੇ ਲਈ ਵੀ ਜਿਵੇਂ ਕਿਵੇਂ ਥਾਂ ਬਣਾ ਲਵਾਂਗੇ। ਤੈਨੂੰ ਰਤਾ ਔਖਿਆਈ ਤਾਂ ਹੋਵੇਗੀ ਕਿਉਂਕਿ ਤੂੰ ਸਾਰੀ ਉਮਰ ਚੰਡੀਗੜ੍ਹ ਦੇ ਖੁਲ੍ਹੇ-ਡੁਲ੍ਹੇ ਮਕਾਨਾਂ ਵਿਚ ਰਿਹਾ ਏਂ, ਪਰ ਸਾਰੇ ਭਰਾ ਇਕੱਠੇ ਰਹੀਏ, ਇਸ ਤੋਂ ਚੰਗਾ ਹੋਰ ਕੀ ਹੋ ਸਕਦਾ ਹੈ।

ਉਦੋਂ ਹੀ ਉਸਨੇ ਫੈਸਲਾ ਕਰ ਲਿਆ ਸੀ ਕਿ ਰਿਟਾਇਰ ਹੋ ਕੇ ਉਹ ਜਾਵੇਗਾ ਤਾਂ ਮਾਲੇਰਕੋਟਲੇ ਹੀ, ਪਰ ਆਪਣੇ ਹਿੱਸੇ ਦੀ ਛੱਤ ਪਿਓ-ਦਾਦੇ ਦੀ ਹਵੇਲੀ ਵਿਚੋਂ ਨਹੀਂ ਭਾਲੇਗਾ। ਪ੍ਰੋਵੀਡੈਂਟ ਫੰਡ ਵਿਚ ਜਮ੍ਹਾਂ ਰਕਮ ਨਾਲ ਉਹ ਸ਼ਹਿਰ ਵਿਚ ਆਪਣੇ ਲਈ ਕੋਈ ਮਕਾਨ ਖਰੀਦ ਲਵੇਗਾ। ਮਾਲੇਰਕੋਟਲੇ ਜਾ ਵੱਸਣ ਦਾ ਫੈਸਲਾ ਵੀ ਉਸਨੂੰ ਆਪਣੇ ਦੋਵੇਂ ਪੁੱਤਰਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਲੈਣਾ ਪਿਆ ਸੀ। ਵੱਡਾ ਬੇਟਾ ਚਾਹੁੰਦਾ ਸੀ ਕਿ ਡੈਡੀ ਉਸਦੇ ਕੋਲ ਦਿੱਲੀ ਆ ਕੇ ਰਹਿਣ ਤਾਂ ਜੋ ਉਨ੍ਹਾਂ ਨੂੰ ਬੁੱਢੇ-ਵਾਰੇ ਕੋਈ ਤਕਲੀਫ਼ ਨਾ ਹੋਵੇ। ਛੋਟੇ ਪੁੱਤਰ ਦਾ ਮਾਂ ਨਾਲ ਅਜਿਹਾ ਹੇਜ ਸੀ ਕਿ ਨਾ ਮਾਂ ਉਸ ਤੋਂ ਵੱਖ ਰਹਿ ਕੇ ਰਾਜ਼ੀ ਸੀ ਤੇ ਨਾ ਉਹ ਮਾਂ ਤੋਂ ਵੱਖ ਰਹਿਣਾ ਪਸੰਦ ਕਰਦਾ ਸੀ। ਉਸਦੀ ਜ਼ਿਦ ਸੀ ਕਿ ਮਾਪੇ ਉਸ ਕੋਲ ਲੁਧਿਆਣੇ ਆਂ ਕੇ ਰਹਿਣ, ਜਿੱਥੇ ਉਸਦਾ ਚੰਗਾ-ਵਾਹਵਾ ਕਾਰੋਬਾਰ ਸੀ ਤੇ ਉਸਨੇ ਜੋਧੇਵਾਲ ਚੌਕ 'ਤੇ ਚੰਗੀ ਵਧੀਆ ਕੋਠੀ ਪਾਈ ਹੋਈ ਸੀ।

ਮਾਲੇਰਕੋਟਲਾ ਜਾਣ ਦਾ ਫ਼ੈਸਲਾ ਉਸਨੇ ਇਸ ਲਈ ਕੀਤਾ ਸੀ ਕਿਉਂਕਿ ਉਸ ਦੀਆਂ ਜੜ੍ਹਾਂ ਉਥੇ ਸਨ। ਉਹ ਉਥੇ ਪੈਦਾ ਹੋਇਆ ਸੀ, ਪਲਿਆ-ਵਧਿਆ ਸੀ। ਉਥੋਂ ਦੀ ਮਿੱਟੀ ਦੇ ਕਣ-ਕਣ ਨਾਲ ਉਸਦੀ ਡੂੰਘੀ ਜਾਣ-ਪਛਾਣ ਸੀ। ਉਥੋਂ ਦੇ ਸਾਰੇ ਗਲੀਆਂ-ਮੁਹੱਲਿਆਂ ਨੂੰ ਉਹ ਜਾਣਦਾ ਸੀ, ਹੱਟੀਆਂ-ਬਜ਼ਾਰਾਂ ਨੂੰ ਪਛਾਣਦਾ ਸੀ। ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਹ ਪੰਜਾਬ ਦਾ ਇਕੋ-ਇਕ ਅਜਿਹਾ ਸ਼ਹਿਰ ਸੀ, ਜਿਥੇ ਅੱਧੀ ਦੇ ਕਰੀਬ ਆਬਾਦੀ ਮੁਸਲਮਾਨਾਂ ਦੀ ਸੀ। ਸਕੂਲ-ਕਾਲਜ ਦੇ ਦਿਨਾਂ ਵਿਚ ਉਸਦੇ ਦੋਸਤਾਂ ਵਿਚ ਜਿੰਨੇ ਹਿੰਦੂ ਮੁੰਡੇ ਸਨ, ਓਨੇ ਹੀ ਮੁਸਲਮਾਨ ਹੁੰਦੇ ਸਨ। ਨੌਕਰੀ ਲਈ ਆਉਣ ਤੋਂ ਲੈ ਕੇ ਰਿਟਾਇਰ ਹੋਣ ਤਕ ਚੰਡੀਗੜ੍ਹ ਇਸ ਲਈ ਉਸਦਾ ਆਪਣਾ ਨਹੀਂ ਬਣ ਸਕਿਆ ਸੀ ਕਿਉਂਕਿ ਇਥੇ ਉਸਨੂੰ ਮੁਸਲਮਾਨ ਦੋਸਤਾਂ ਦੀ ਘਾਟ ਹਮੇਸ਼ਾ ਰੜਕਦੀ ਰਹੀ ਸੀ।

ਚੰਡੀਗੜ੍ਹ ਰਹਿੰਦਿਆਂ ਵੀ ਉਸਨੂੰ ਘੱਟ ਪਿਆਰ ਨਹੀਂ ਸੀ ਮਿਲਿਆ। ਬੜੇ ਪਿਆਰੇ-ਪਿਆਰੇ ਮਿੱਤਰ ਮਿਲੇ ਸਨ। ਪਰ ਇਥੇ ਕਦੀ ਵੀ ਉਸਨੂੰ ਉਹ ਮਾਹੌਲ ਨਹੀਂ ਸੀ ਮਿਲਿਆ, ਜੋ ਉਸਨੂੰ ਪਸੰਦ ਸੀ। ਨਾ ਉਹ ਖਾਣਾ ਮਿਲ ਸਕਿਆ ਸੀ, ਜਿਸਦਾ ਸੁਆਦ ਉਸਦੀ ਜੀਭ ਭਾਲਦੀ ਸੀ। ਨਾ ਉਹ ਭਾਸ਼ਾ ਮਿਲ ਸਕੀ ਸੀ, ਜੋ ਉਸਦੀ ਸਹਿਜ-ਸੁਭਾਵਕ ਬੋਲੀ ਸੀ। ਉਸਨੂੰ ਜੋ ਮਾਹੌਲ ਪਸੰਦ ਸੀ, ਉਸ ਵਿਚ ਇਦਰੀਸ ਦੇ ਘਰ ਦੀ ਗਰਮੀਆਂ ਦੀ ਸ਼ਾਮ ਸ਼ਾਮਿਲ ਸੀ, ਜਦੋਂ ਸਾਰਾ ਪਰਿਵਾਰ ਕੱਚੇ ਵਿਹੜੇ ਵਿਚ ਛਿੜਕਾਅ ਕਰਕੇ, ਬਿਨਾਂ ਵਿਛੌਣੇ ਤੋਂ ਮੰਜਿਆਂ 'ਤੇ ਬਹਿੰਦਾ

ਸੀ। ਸਭ ਦੇ ਹੱਥਾਂ ਵਿਚ ਪੱਖੀਆਂ ਹੁੰਦੀਆਂ ਸਨ। ਬਨਿਆਨ-ਲੁੰਗੀ ਵਿਚ ਉਸਦੇ ਅੱਬਾ ਇਕ ਮੰਜੇ 'ਤੇ ਗੋਂ-ਤਕੀਏ ਦੇ ਸਹਾਰੇ ਬਹਿ ਕੇ ਹੁੱਕਾ ਪੀਂਦੇ ਸਨ। ਦੂਜੇ ਮੰਜੇ 'ਤੇ ਬੈਠੀ ਉਸਦੀ ਮਾਂ ਸਰੌਤਾ ਲੈ ਕੇ ਛਾਲੀਆਂ ਕੱਟ-ਕੱਟ ਸਾਮ੍ਹਣੇ ਖੁਲ੍ਹੇ ਪਏ ਪਾਨਦਾਨ ਵਿਚ ਰੱਖਦੀ ਰਹਿੰਦੀ ਸੀ। ਇਕ ਪਾਸੇ ਸਟੂਲ ਉੱਪਰ ਪਾਣੀ ਦੀ ਭਰੀ ਸੁਰਾਹੀ ਪਈ ਹੁੰਦੀ ਸੀ, ਜਿਸਦੀ ਗਰਦਨ ਦੁਆਲੇ ਪਈ ਮੋਤੀਏ ਦੀ ਮਾਲਾ ਸਾਰੇ ਵਿਹੜੇ ਨੂੰ ਮਹਿਕਾਉਂਦੀ ਸੀ। ਜੀਭ ਦੇ ਸੁਆਦ ਵਿਚ ਉਸਨੂੰ ਆਬਿਦ ਦੇ ਘਰ ਦਾ ਭੁੰਨਿਆ ਗੋਸ਼ਤ ਤੇ ਤਾਬਿਸ਼ ਦੀ ਭੈਣ ਦੇ ਬਣਾਏ ਸ਼ਾਮੀ ਕਬਾਬ ਹੀ ਯਾਦ ਨਹੀਂ ਆਉਂਦੇ ਸਨ, ਹਨੀਫ਼ ਦੇ ਘਰ ਦੀ ਮਿੱਸੀ ਰੋਟੀ ਦੀ ਯਾਦ ਆਉਂਦੀ ਸੀ, ਜਿਸਨੂੰ ਦਾਲ-ਸਬਜ਼ੀ ਦੀ ਅਣਹੋਂਦ ਕਾਰਨ ਸਿਲ-ਵੱਟੇ 'ਤੇ ਰਗੜੀ ਲਾਲ ਮਿਰਚ ਅਤੇ ਚਮਚਾ ਭਰ ਡਾਲਡਾ ਘਿਓ ਨਾਲ ਹੱਥ ਦੀ ਪਲੇਟ 'ਤੇ ਰੱਖ ਕੇ ਖਾਇਆ ਜਾਂਦਾ ਸੀ। ਭਾਸ਼ਾ ਬਾਰੇ ਦਿੱਕਤ ਇਹ ਆਈ ਸੀ ਕਿ ਉਸਦੀ ਬੋਲੀ ਵਿਚ ਪੰਜਾਹ ਫ਼ੀਸਦੀ ਤੋਂ ਵੱਧ ਸ਼ਬਦ ਫ਼ਾਰਸੀ-ਅਰਬੀ ਦੇ ਹੁੰਦੇ ਸਨ ਤੇ ਚੰਡੀਗੜ੍ਹ ਵਿਚ ਉਸਦੇ ਨਵੇਂ ਬਣੇ ਮਿੱਤਰ ਉਸਦੇ ਹਰ ਦੂਜੇ-ਤੀਜੇ ਵਾਕ 'ਤੇ ਇਸ ਤਰ੍ਹਾਂ ਉਸਦਾ ਮੂੰਹ ਤੱਕਣ ਲੱਗਦੇ ਸਨ ਜਿਵੇਂ ਉਹ ਲਾਤੀਨੀ ਬੋਲ ਰਿਹਾ ਹੋਵੇ। ਉਦੋਂ ਉਹ ਫ਼ਾਰਸੀ-ਅਰਬੀ ਸ਼ਬਦਾਂ ਦੇ ਅੰਗਰੇਜ਼ੀ-ਪੰਜਾਬੀ ਬਦਲ ਬੋਲ ਕੇ ਉਨ੍ਹਾਂ ਦੀਆਂ ਸਵਾਲੀਆਂ ਨਿਗਾਹਾਂ ਨੂੰ ਸਾਧਾਰਨ ਬਣਾਉਂਦਾ ਸੀ।

ਭਾਸ਼ਾ ਦੇ ਸੰਬੰਧ ਵਿਚ ਤਾਂ ਉਸਨੇ ਫੈਸਲਾ ਹੀ ਕਰ ਲਿਆ ਸੀ ਕਿ ਚੰਡੀਗੜ੍ਹ ਰਹਿੰਦਿਆਂ ਉਹ ਮਾਲੇਰਕੋਟਲੇ ਦੀ ਭਾਸ਼ਾ ਹਰਗਿਜ਼ ਨਹੀਂ ਬੋਲੇਗਾ। ਹੋਇਆ ਇਹ ਸੀ ਕਿ ਇਕ ਦਿਨ ਸੰਝਾਂ ਵੇਲੇ ਉਹ ਆਪਣੇ ਮਿੱਤਰ ਸੁਸ਼ੀਲ ਦੇ ਨਾਲ ਬਾਈ ਸੈਕਟਰ ਦੀ ਮਾਰਕੀਟ ਵਿਚ ਘੁੰਮ ਰਿਹਾ ਸੀ ਕਿ ਸਾਮ੍ਹਣਿਓਂ ਇਕ ਅਧਖੜ ਉਮਰ ਦਾ ਆਦਮੀ ਆਇਆ। ਉਸਨੇ ਹੱਥਲਾ ਝੋਲਾ ਪਤਨੀ ਨੂੰ ਫੜਾ ਕੇ ਸੁਸ਼ੀਲ ਨੂੰ ਆ ਗਲਵੱਕੜੀ ਪਾ ਲਈ। ਇਹ ਦੋਵੇਂ ਸ਼ਿਮਲੇ ਦੇ ਦਿਨਾਂ ਦੇ ਦੋਸਤ ਸਨ, ਜੋ ਕਈ ਵਰ੍ਹਿਆਂ ਮਗਰੋਂ ਮਿਲੇ ਸਨ। ਪਤੀ-ਪਤਨੀ ਪ੍ਰਤੀ ਸੁਸ਼ੀਲ ਦਾ ਪਿਆਰ ਆਪ੍ਰੂੰ ਪ੍ਰਗਟ ਸੀ ਤੇ ਉਸਦੀ ਖੁਸ਼ੀ ਡੁਲ੍ਹ-ਡੁਲ੍ਹ ਪੈ ਰਹੀ ਸੀ। ਉਸਨੇ ਦੋਵਾਂ ਦਾ ਪਰਿਚੈ ਦਿਨੇਸ਼ ਨਾਲ ਕਰਾਇਆ। ਸ਼ਿਮਲੇ ਦੀਆਂ ਅਨੇਕਾਂ ਯਾਦਾਂ ਦੀ ਅਗਰਬੱਤੀ ਵਰਗੀ ਮਹਿਕ ਸੁਸ਼ੀਲ ਦੇ ਹੋਠਾਂ ਤੋਂ ਤੁਰ ਕੇ ਸਿੱਧੀ ਦਿਨੇਸ਼ ਦੇ ਕੰਨਾਂ ਤੱਕ ਆ ਰਹੀ ਸੀ। ਦਿਨੇਸ਼ ਦਾ ਪਰਿਚੈ ਉਹ ਅਤਿਕਥਨੀ ਕਰਕੇ ਦੇ ਰਿਹਾ ਸੀ। ਉਸਨੂੰ ਅਜੀਬ ਜਿਹਾ ਕੰਪਲੈਕਸ ਮਹਿਸੂਸ ਹੋਇਆ ਤੇ ਉਸਨੇ ਪਤੀ-ਪਤਨੀ ਨੂੰ ਆਖਿਆ,

"ਤੁਸੀਂ ਸੁਸ਼ੀਲ ਦੀ ਸ਼ਹਾਦਤ 'ਤੇ ਮੇਰੇ ਬਾਰੇ ਕੋਈ ਰਾਏ ਕਾਇਮ ਕਰੋਗੇ ਤਾਂ ਇਹ ਤੁਹਾਡਾ ਹੁਸਨੇ-ਜ਼ਨ ਹੋਵੇਗਾ।"

ਸੁਣਦਿਆਂ ਹੀ ਆਦਮੀ ਦੇ ਚਿਹਰੇ ਦੀ ਰੰਗਤ ਬਦਲ ਗਈ। ਉਸ ਦੀਆਂ ਅੱਖਾਂ ਉਸਦੇ ਅੰਦਰ ਦੀ ਬੇਚੈਨੀ ਛੁਪਾਉਣ ਵਿਚ ਅਸਮਰਥ ਦਿਸਣ ਲੱਗੀਆਂ। ਸ਼ਰਾਫ਼ਤ ਅਤੇ ਸ਼ਿਸ਼ਟਤਾ ਕਾਰਨ ਪੂਰੇ ਸੰਜਮ ਤੋਂ ਕੰਮ ਲੈਂਦਿਆਂ ਉਸਨੇ ਕਿਹਾ,

"ਰੱਬ ਨਾ ਕਰੇ ਸੁਸ਼ੀਲ ਜੀ ਸ਼ਹੀਦ ਹੋਣ ਤੇ ਨਾਲੇ ਇਹ ਤਾਂ ਤੁਹਾਡੀ ਭਰਜਾਈ ਹੈ, ਜੋ ਚਾਹੋ, ਆਖ ਲਵੋ।"

ਸਿਰ ਤੋਂ ਪੈਰਾਂ ਤਕ ਇਕ ਕੰਬਣੀ ਜਿਹੀ ਦੌੜ ਗਈ ਦਿਨੇਸ਼ ਦੇ ਅੰਦਰ। ਉਸਨੇ ਅਜਿਹਾ ਕੀ ਆਖ ਦਿੱਤਾ ਸੀ ਕਿ ਸਾਮ੍ਹਣੇ ਵਾਲਾ ਇਉਂ ਤਰਲੋ-ਮੱਛੀ ਹੋ ਰਿਹਾ ਸੀ। ਸੁਸ਼ੀਲ ਨੇ ਬੜੀ ਹੁਸ਼ਿਆਰੀ ਨਾਲ ਮੌਕੇ ਨੂੰ ਸਾਂਭਿਆ ਤੇ ਪਤੀ-ਪਤਨੀ ਤੋਂ ਅਗਲੇ ਦਿਨ ਉਸਦੇ ਘਰ ਆਉਣ ਦਾ ਵਾਅਦਾ ਲੈ ਕੇ ਉਨ੍ਹਾਂ ਨੂੰ ਵਿਦਾ ਕਰ ਦਿੱਤਾ।

"ਕੀ ਬਰਕ ਗਿਰ ਪਈ ਸੀ ਇਸ ਹਜ਼ਰਤ 'ਤੇ ਨਾਗਹਾਂ?" ਅਜੇ ਤਕ ਭੰਬਲਭੂਸੇ ਪਏ ਦਿਨੇਸ਼ ਨੇ ਪੁੱਛਿਆ ਸੁਸ਼ੀਲ ਤੋਂ।

"ਦਿਨੇਸ਼, ਇਕ ਗੱਲ ਆਖਾਂ", ਸ਼ਾਂਤ-ਗੰਭੀਰ ਸੁਸ਼ੀਲ ਬੋਲਿਆ, "ਤੂੰ ਜਿਹੜੀ ਜ਼ਬਾਨ ਬੋਲਦਾ ਏਂ, ਉਸਨੂੰ ਸਮਝਣ ਵਾਲੀ ਪੀੜ੍ਹੀ ਮੁੱਕ ਚੁੱਕੀ ਹੈ। ਮੈਂ ਵੀ ਉਸਦੇ ਰਵੱਈਏ 'ਤੇ ਤੇਰੇ ਵਾਂਗ ਹੀ ਹੈਰਾਨ ਹਾਂ ਪਰ ਮੈਂ ਇਸਦੀ ਵਜ੍ਹਾ ਸਮਝ ਗਿਆ ਹਾਂ, ਤੂੰ ਨਹੀਂ ਸਮਝਿਆ ਏਂ। ਕੱਲ੍ਹ ਉਹ ਆਉਣਗੇ ਤਾਂ ਉਨ੍ਹਾਂ ਨੂੰ ਵੀ ਸਮਝਾ ਦਿਆਂਗਾ। ਤੂੰ ਸਮਝ ਲੈ। ਇਸ ਆਦਮੀ ਨੂੰ ਜਿੰਨੀ ਕੁ ਉਰਦੂ ਆਉਂਦੀ ਹੈ, ਉਸਦੇ ਅਨੁਸਾਰ ਇਸਨੇ ਸ਼ਹਾਦਤ ਦਾ ਅਰਥ ਗਵਾਹੀ ਨਹੀਂ, ਸ਼ਹੀਦੀ ਪ੍ਰਾਪਤ ਕਰਨਾ ਸਮਝਿਐ। ਹੁਸਨ ਦਾ ਅਰਥ ਸੁੰਦਰਤਾ ਤੇ ਜ਼ਨ ਦਾ ਅਰਥ ਔਰਤ। ਕੱਲ੍ਹ ਆਵੇਗਾ ਤਾਂ ਉਸਨੂੰ ਦੱਸਾਂਗਾ ਕਿ ਹੁਸਨੇ-ਜ਼ਨ ਵਿਚ ਜ਼ਨ ਦੇ ਹਿਜੇ ਹੋਰ ਹੁੰਦੇ ਹਨ ਤੇ ਹੁਸਨੇ-ਜ਼ਨ ਦਾ ਅਰਥ ਸ਼ੁਭ ਆਕਾਂਖਿਆ ਹੁੰਦਾ ਹੈ। ਤਾਂ ਸ਼ਾਇਦ ਉਹ ਤੇਰੇ ਕੋਲੋਂ ਮੁਆਫ਼ੀ ਵੀ ਮੰਗੇ।"

ਠਹਾਕਾ ਮਾਰ ਕੇ ਹੱਸ ਪਿਆ ਦਿਨੇਸ਼।

"ਲਾਹੌਲ ਵਿਲਾ ਕੂਵਤ.......।" ਪਰ ਉਸ ਦਿਨ ਉਸਨੇ ਨਿਸ਼ਚਾ ਕਰ ਲਿਆ ਕਿ ਅੱਜ ਤੋਂ ਮਗਰੋਂ ਇਸ ਸ਼ਹਿਰ ਵਿਚ ਉਹ ਆਪਣੀ ਸੁਭਾਵਕ ਭਾਸ਼ਾ ਨਹੀਂ ਬੋਲੇਗਾ। ਉਦੋਂ ਤੋਂ ਉਹ ਅੰਗਰੇਜ਼ੀ-ਹਿੰਦੀ-ਮਿਸ਼ਰਤ ਚਾਲੂ ਭਾਸ਼ਾ ਬੋਲਣ ਲੱਗਾ ਸੀ।

ਸਿੱਟੇ ਵਜੋਂ, ਉਸਨੇ ਪ੍ਰੋਵੀਡੈਂਟ ਦੇ ਵੀਹ ਲੱਖ ਵਿਚੋਂ ਅੱਠ ਲੱਖ ਖਰਚ ਕੇ ਰੇਲਵੇ ਰੋਡ 'ਤੇ ਇਕ ਚੰਗਾ-ਵਧੀਆ ਮਕਾਨ ਖਰੀਦ ਲਿਆ। ਚੰਡੀਗੜ੍ਹ ਵਾਲਾ ਕਿਰਾਏ ਦਾ ਮਕਾਨ ਖਾਲੀ ਕਰਨ ਲਈ ਦੋਵੇਂ ਬੇਟੇ ਆ ਗਏ। ਪਿਤਾ ਦੇ ਹਠ ਸਾਮ੍ਹਣੇ ਮਜਬੂਰ ਪਰ ਅੰਦਰੋਂ ਪੂਰਨ ਭਾਂਤ ਦੁਖੀ ਪੁੱਤਰਾਂ ਨੇ ਸਾਰਾ ਸਮਾਨ ਟਰੱਕ ਵਿਚ ਲੱਦਿਆ ਤੇ ਮਾਲੇਰਕੋਟਲਾ ਲੈ ਆਏ। ਦੋਵਾਂ ਦੀਆਂ ਪਤਨੀਆਂ ਨੇ ਰਲ ਕੇ ਨਵੇਂ ਘਰ ਵਿਚ ਸਾਰਾ ਸਮਾਨ ਸੈਟ ਕਰ

ਦਿੱਤਾ। ਦਿਨੇਸ਼ ਅਤੇ ਉਨ੍ਹਾਂ ਦੀ ਮਾਂ ਨੇ ਇਹ ਸਮਝਾ ਕੇ ਉਨ੍ਹਾਂ ਦੀ ਤਸੱਲੀ ਕਰਾ ਦਿੱਤੀ ਸੀ ਕਿ 'ਆਉਂਦੇ-ਜਾਂਦੇ ਰਹਾਂਗੇ ਤੁਹਾਡੇ ਕੋਲ। ਤੁਸੀਂ ਵੀ ਛੁੱਟੀ-ਛਾਟੀ 'ਚ ਆਵੋ। ਜਦੋਂ ਤਕ ਹੱਥ-ਪੈਰ ਚਲਦੇ ਨੇ, ਕੋਈ ਦਿੱਕਤ ਨਹੀਂ, ਜਦੋਂ ਹੱਥ-ਪੈਰ ਜੁਆਬ ਦੇ ਜਾਣਗੇ, ਤੁਹਾਡੇ ਕੋਲ ਆ ਰਹਾਂਗੇ। ਅਸੀਂ ਕੋਈ ਤੁਹਾਡੇ ਤੋਂ ਵੱਖ ਥੋੜ੍ਹਾ ਹਾਂ।'

ਤਿੰਨ-ਚਾਰ ਦਿਨ ਲਾ ਕੇ ਬੱਚੇ ਚਲੇ ਗਏ ਸਨ ਤਾਂ ਦਿਨੇਸ਼ ਨੂੰ ਘਰ ਸੁੰਞਾਂ-ਸੁੰਞਾ ਨਹੀਂ ਸਗੋਂ ਖੁਲ੍ਹਾ-ਖੁਲ੍ਹਾ, ਇੱਛਾ ਅਨੁਕੂਲ ਜਾਪਿਆ ਸੀ। ਛੋਟੇ ਬੇਟੇ ਨੇ ਕੋਈ ਜਾਣ-ਪਛਾਣ ਲੱਭ ਕੇ ਪਿਤਾ ਦੇ ਘਰ ਆਊਟ ਆਫ਼ ਟਰਨ ਟੈਲੀਫ਼ੋਨ ਲੁਆ ਦਿੱਤਾ ਸੀ ਪਰ ਦਿਨੇਸ਼ ਨੇ ਅਜੇ ਤੱਕ ਸਿਵਾ ਆਪਣੇ ਭਰਾਵਾਂ ਤੋਂ ਹੋਰ ਕਿਸੇ ਨੂੰ ਆਪਣੇ ਆਉਣ ਦੀ ਸੂਚਨਾ ਨਹੀਂ ਦਿੱਤੀ ਸੀ। ਇਕੋ-ਇਕ ਛੋਟ ਆਬਿਦ ਅਲੀ ਖ਼ਾਂ ਸੀ, ਜਿਸਨੂੰ ਉਹ ਆਪਣੇ ਭਰਾਵਾਂ ਵਿਚ ਹੀ ਗਿਣਦਾ ਸੀ। ਦੁਪਹਿਰ ਦੀ ਰੋਟੀ ਉਸਨੇ ਬੱਚਿਆਂ ਦੇ ਨਾਲ ਹੀ ਖਾਧੀ ਸੀ। ਰੋਟੀ ਖਾ ਕੇ ਬੱਚੇ ਆਪੋ-ਆਪਣੀ ਕਾਰ 'ਤੇ ਤੁਰ ਗਏ ਸਨ ਤੇ ਦਿਨੇਸ਼ ਨੇ ਦੋ ਘੰਟਿਆਂ ਦੀ ਸੁਖਾਵੀਂ ਨੀਂਦਰ ਮਾਣ ਲਈ ਸੀ। ਇਸ ਦੌਰਾਨ ਉਸਦੀ ਪਤਨੀ ਨੇ ਨੂੰਹਾਂ ਦੇ ਸੈਟ ਕੀਤੇ ਸਮਾਨ ਨੂੰ ਆਪਣੀ ਮਰਜ਼ੀ ਅਨੁਸਾਰ ਏਧਰ-ਉਧਰ ਕਰ ਲਿਆ ਸੀ।

ਦਿਨੇਸ਼ ਜਾਗਿਆ ਤਾਂ ਸ਼ਾਮ ਦੇ ਚਾਰ ਵੱਜ ਰਹੇ ਸਨ। ਪਤਨੀ ਨੇ ਚਾਹ ਬਣਾਈ। ਬਾਹਰਲੇ ਲਾਨ ਵਿਚ ਕੁਰਸੀਆਂ ਡਾਹ ਕੇ ਦੋਵੇਂ ਬੈਠ ਗਏ। ਦਿਨੇਸ਼ ਨੇ ਆਖਿਆ,

"ਰਜਨੀ! ਅੱਜ ਜਿਥੇ ਆਪਾਂ ਰਹਿ ਰਹੇ ਹਾਂ, ਕੋਈ ਸੋਚ ਵੀ ਨਹੀਂ ਸੀ ਸਕਦਾ ਕਦੀ ਕਿ ਇਥੇ ਇਹੋ ਜਿਹੀ ਸੰਘਣੀ ਆਬਾਦੀ ਹੋਵੇਗੀ। ਮੇਰੇ ਜ਼ਮਾਨੇ ਦਾ ਮਾਲੇਰਕੋਟਲਾ ਤਾਂ ਬਹੁਤ ਹੀ ਛੋਟਾ ਜਿਹਾ ਮਾਲੇਰਕੋਟਲਾ ਸੀ ਬਲਕਿ ਮੇਰਾ ਤਾਂ ਕੋਟਲਾ ਹੀ ਸੀ, ਮਾਲੇਰ ਤਾਂ ਇਕ ਵੱਖਰੀ ਬਸਤੀ ਹੁੰਦੀ ਸੀ। ੧੯੦੧ ਤੋਂ ਪਹਿਲਾਂ ਤਾਂ ਸੱਚੀਓਂ ਹੀ ਮਾਲੇਰ ਅਤੇ ਕੋਟਲਾ ਦੋ ਵੱਖ-ਵੱਖ ਬਸਤੀਆਂ ਸਨ। ਕੋਟਲੇ ਦੇ ਗੰਦੇ ਪਾਣੀ ਦਾ ਨਾਲਾ ਤੇ ਇਕ ਲੰਮਾ-ਚੌੜਾ ਕਬਰਿਸਤਾਨ ਦੋਵਾਂ ਬਸਤੀਆਂ ਦੇ ਵਿਚਕਾਰ ਹੁੰਦਾ ਸੀ। ੧੯੦੧ ਵਿਚ ਨਵਾਬ ਲੋਹਾਰੂ ਨੇ ਕਬਰਿਸਤਾਨ 'ਤੇ ਮੋਤੀ-ਬਾਜ਼ਾਰ ਬਣਵਾ ਕੇ ਇਨ੍ਹਾਂ ਦੋਵਾਂ ਬਸਤੀਆਂ ਨੂੰ ਜੋੜਿਆ ਸੀ। ਜਿਹੜੀਆਂ ਕਬਰਾਂ ਦੁਕਾਨਾਂ ਦੇ ਪਿਛਲੇ ਖਣਾਂ ਵਿਚ ਆਈਆਂ, ਉਹ ਤਾਂ ਉਵੇਂ ਦੀਆਂ ਉਵੇਂ ਛੱਡ ਦਿੱਤੀਆਂ, ਬਾਕੀ ਦੀਆਂ ਢਾਹ ਢੇਰੀ ਕੀਤੀਆਂ। ਹਾਲੇ ਵੀ ਕਈ ਦੁਕਾਨਾਂ ਦੇ ਅੰਦਰ ਕਬਰਾਂ ਮੌਜੂਦ ਹਨ।"

"ਇਹ ਨਵਾਬ ਲੋਹਾਰੂ ਕਿਥੋਂ ਆ ਗਿਆ ਵਿਚ? ਲੋਹਾਰੂ ਤਾਂ ਕਿਧਰੇ ਦਿੱਲੀ ਦੇ ਨੇੜੇ-ਤੇੜੇ ਹੈ।" ਗਹੁ ਨਾਲ ਸੁਣ ਰਹੀ ਪਤਨੀ ਨੇ ਪੁੱਛਿਆ।

"ਬੜੀ ਦਿਲਚਸਪ ਕਹਾਣੀ ਹੈ ਇਸਦੀ। ਮਾਲੇਰਕੋਟਲਾ ਦੇ ਨਵਾਬ ਇਬਰਾਹੀਮ ਅਲੀ ਖ਼ਾਂ ਨੂੰ ਆਪਣੇ ਵੱਡੇ ਪੁੱਤਰ ਇਸਹਾਕ ਅਲੀ ਖ਼ਾਂ ਨਾਲ ਅੰਤਾਂ ਦਾ ਪਿਆਰ ਸੀ। ੧੮੮੪ ਵਿਚ ਬੇਟਾ, ਬਾਰਾਂ ਵਰ੍ਹਿਆਂ ਦੀ ਨਿੱਕੀ ਜਿਹੀ ਉਮਰ ਵਿਚ ਹੀ ਅਚਾਨਕ ਮਰ ਗਿਆ। ਨਵਾਬ ਇਸ ਸਦਮੇ ਨੂੰ ਬਰਦਾਸ਼ਤ ਨਾ ਕਰ ਸਕਿਆ ਤੇ ਆਪਣਾ ਮਾਨਸਿਕ ਸੰਤੁਲਨ ਖੋ ਬੈਠਿਆ। ਅੰਗਰੇਜ਼ਾਂ ਨੇ ਲੋਹਾਰੂ ਦੇ ਨਵਾਬ ਅਮੀਰ-ਉਦ-ਦੀਨ ਖ਼ਾਂ ਨੂੰ ਮਾਲੇਰਕੋਟਲਾ ਦਾ ਸੁਪਰਡੈਂਟ ਬਣਾ ਕੇ ਭੇਜ ਦਿੱਤਾ। ਨੌਂ ਵਰ੍ਹੇ ਉਹ ਇਬਰਾਹੀਮ ਅਲੀ ਖ਼ਾਂ ਦੇ ਨਾਂਅ 'ਤੇ ਰਿਆਸਤ ਦਾ ਰਾਜਕਾਜ ਚਲਾਉਂਦਾ ਰਿਹਾ।"

"ਉਸਦੇ ਕੋਈ ਹੋਰ ਬੱਚਾ ਨਹੀਂ ਸੀ?" ਪਤਨੀ ਨੇ ਪੁੱਛਿਆ।

"ਦੋ ਪੁੱਤਰ ਹੋਰ ਸਨ ਪਰ ਦੋਵੇਂ ਨਾਬਾਲਿਗ ਸਨ। ਅਮੀਰ-ਉਦ-ਦੀਨ ਖ਼ਾਂ ਦੇ ਸਮੇਂ ਵਿਚ ਹੀ ਜੀਂਦ ਅਤੇ ਮਾਲੇਰਕੋਟਲੇ ਨੇ ਰਲ ਕੇ ਰੇਲਵੇ ਲਾਈਨ ਵਿਛਾਈ ਸੀ।"

"ਕਬਜ਼ਾ ਕਿਉਂ ਨਾ ਕਰ ਲਿਆ ਨਵਾਬ ਲੋਹਾਰੂ ਨੇ ਮਾਲੇਰਕੋਟਲੇ 'ਤੇ ਏਨੇ ਸਾਲਾਂ ਵਿਚ?" ਪੁੱਛਿਆ ਪਤਨੀ ਨੇ।

"ਉਸ ਜ਼ਮਾਨੇ ਵਿਚ ਇਹ ਸੰਭਵ ਨਹੀਂ ਸੀ। ਸਾਰੀਆਂ ਰਿਆਸਤਾਂ ਅੰਗਰੇਜ਼ਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਸਨ। ਮਜਾਲ ਨਹੀਂ ਸੀ ਕਿਸੇ ਦੀ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਜਾ ਸਕਦਾ।"

ਬਾਹਰ ਵਾਲਾ ਗੇਟ ਖੋਲ੍ਹ ਕੇ, ਬਿਨਾ ਘੰਟੀ ਵਜਾਇਆਂ, ਸਿੱਧ ਅੰਦਰ ਆ ਵੜੇ ਆਬਿਦ ਅਲੀ ਖ਼ਾਂ ਤੇ ਉਸਦੀ ਪਤਨੀ। ਉਠ ਕੇ ਜੱਫੀ ਪਾ ਲਈ ਦਿਨੇਸ਼ ਨੇ ਆਬਿਦ ਨੂੰ ਤੇ ਰਜਨੀ ਨੇ ਸਕੀਨਾ ਨੂੰ।

"ਕੋਈ ਤਾਰੀਖ਼ੀ ਖ਼ੁਤਬਾ ਪਿਲਾ ਰਹੇ ਸੀ ਜਨਾਬ ਸ਼ਾਇਦ ਭਾਬੀ ਨੂੰ।"

"ਉਏ ਨਹੀਂ ਆਬਿਦ! ਆਪਣੇ ਸ਼ਹਿਰ ਦੇ ਮਾਜ਼ੀ ਦਾ ਦਰਵਾਜ਼ਾ ਖੋਲ੍ਹ ਰਿਹਾ ਸੀ ਤਾਂ ਜੋ ਬੇਗ਼ਮ ਨੂੰ ਪਤਾ ਤਾਂ ਲੱਗੇ ਕਿ ਇਹ ਕਿਸ ਅਜ਼ੀਮ ਸ਼ਹਿਰ ਦੀ ਬਹੂ ਹੈ।"

"ਇਹ ਕੰਮ ਸ਼ਾਦੀ ਤੋਂ ਲੈ ਕੇ ਰਿਟਾਇਰਮੈਂਟ ਤੱਕ ਟਾਲਿਆ ਹੋਇਆ ਸੀ?"

"ਬਸ ਕੁਝ ਐਸਾ ਹੀ ਸਮਝ ਲੈ। ਚੰਡੀਗੜ੍ਹ ਰਹਿੰਦੇ ਸੀ ਤਾਂ ਇਥੋਂ ਦੀਆਂ ਗੱਲਾਂ ਤਾਂ ਬਹੁਤ ਹੁੰਦੀਆਂ ਸੀ ਪਰ ਤਾਰੀਖ਼ ਦੀ ਇਹ ਖਿੜਕੀ ਅੱਜ ਹੀ ਖੁਲ੍ਹੀ ਹੈ।"

"ਕੀ ਤਾਰੀਖ਼ ਹੈ ਸਾਡੇ ਸ਼ਹਿਰ ਦੀ, ਜ਼ਰਾ ਅਸੀਂ ਵੀ ਸੁਣੀਏ ਭਾਈ ਜਾਨ।" ਸਿਰ ਤੋਂ ਦੀ ਦੁੱਪਟਾ ਸਹੀ ਕਰਦਿਆਂ ਸਕੀਨਾ ਨੇ ਕਿਹਾ।

"ਓ ਭਾਬੀ ਜੀ, ਤੁਸੀਂ ਤਾਂ ਇੱਥੇ ਜੰਮੇ, ਇੱਥੇ ਪਲੇ, ਇੱਥੇ ਵਿਆਹੇ ਗਏ। ਤੁਹਾਡੇ ਨਾਲੋਂ ਬਿਹਤਰ ਕੌਣ ਜਾਣਦਾ ਹੋਵੇਗਾ ਤਾਰੀਖ਼।"

"ਤਾਰੀਖ਼ ਤਾਂ ਉਸੇ ਨੂੰ ਮਾਲੂਮ ਹੁੰਦੀ ਹੈ ਭਾਈ ਜਾਨ, ਜਿਸਦੀ ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚ ਦਿਲਚਸਪੀ ਹੁੰਦੀ ਹੈ। ਅਸੀਂ ਠਹਿਰੇ ਅਣਪੜ੍ਹ ਲੋਕ।"

"ਠੀਕ ਕਹਿ ਰਹੀ ਹੈ ਸਕੀਨਾ।" ਇਕਦਮ ਗੰਭੀਰ ਹੋ ਗਿਆ ਆਬਿਦ ਅਲੀ।

"ਸਾਡੇ 'ਚੋਂ ਕਿੰਨੇ ਨੇ ਜਿਨ੍ਹਾਂ ਨੂੰ ਆਪਣੇ ਪੜਦਾਦੇ-ਨਕੜਦਾਦੇ ਦਾ ਨਾਂ ਪਤਾ ਹੋਏਗਾ? ਕਿੰਨੇ ਨੇ ਜਿਨ੍ਹਾਂ ਨੂੰ ਨਵਾਬ ਅਹਿਮਦ ਅਲੀ ਖ਼ਾਂ ਦੇ ਬਾਪ-ਦਾਦਿਆਂ ਬਾਰੇ ਕੁਛ ਪਤਾ ਹੋਏਗਾ? ਅਸੀਂ ਏਥੋਂ ਦੇ ਹਾਂ, ਬਸ ਏਨੇ ਨਾਲ ਹੀ ਕੰਮ ਚਲਾ ਲਿਆ ਅਸੀਂ ਸਾਰੀ ਉਮਰ। ਕਦੀ ਜਾਨਣਾ ਹੀ ਨਹੀਂ ਚਾਹਿਆ ਕੌਣ ਹਾਂ, ਕੀ ਹਾਂ।"

"ਮੈਂ ਦੱਸ ਦਿਨਾਂ ਜਨਾਬ ਤੁਹਾਨੂੰ ਕਿ ਤੁਸੀਂ ਮੇਰੇ ਬਚਪਨ ਦੇ ਦੋਸਤ ਆਬਿਦ ਅਲੀ ਖ਼ਾਂ ਸਾਹਿਬ ਹੋ ਤੇ ਇਥੋਂ ਦੀ ਮਿਊਂਸਿਪਲ ਕਮੇਟੀ ਦੇ ਐਗਜ਼ੇਕਟਿਵ ਅਫਸਰ ਰਿਟਾਇਰ ਹੋਏ ਹੋ।" ਉਸਨੂੰ ਛੇੜਦਿਆਂ ਦਿਨੇਸ਼ ਨੇ ਕਿਹਾ।

"ਮੈਂ ਮਜ਼ਾਕ ਨਹੀਂ ਕਰ ਰਿਹਾ ਦਿਨੇਸ਼, ਸੀਰੀਅਸਲੀ ਕਹਿ ਰਿਹਾਂ। ਜਾਏ-ਅਫ਼ਸੋਸ ਹੈ ਕਿ ਅਪਨੀ ਤਾਰੀਖ਼ ਨਾਲ ਅਪਨਾ ਕੋਈ ਵਾਸਤਾ ਹੀ ਨਹੀਂ ਹੈ। ਸਚਮੁਚ ਇਸ ਵਕਤ ਮੈਨੂੰ ਯਾਦ ਨਹੀਂ ਕਿ ਅਹਿਮਦ ਅਲੀ ਖ਼ਾਂ ਦੇ ਵਾਲਿਦ ਦਾ ਨਾਮ ਕੀ ਸੀ। ਬਸ ਏਨਾ ਯਾਦ ਹੈ ਕਿ ਅਹਿਮਦ ਅਲੀ ਖ਼ਾਂ ਜਦੋਂ ਗੱਦੀ 'ਤੇ ਬੈਠੇ ਸੀ, ਤਾਂ ਅਜੇ ਬਾਲਿਗ਼ ਵੀ ਨਹੀਂ ਹੋਏ ਸੀ।"

"ਨਾ ਨਾ ਨਾ, ਗੱਦੀ 'ਤੇ ਨਹੀਂ ਸੀ ਬੈਠੇ। ਇਬਰਾਹੀਮ ਅਲੀ ਖ਼ਾਂ ਅਜੇ ਜ਼ਿੰਦਾ ਸੀ। ਇਹ ਵਲੀ-ਅਹਿਦ ਸਨ। ੧੯੦੩ ਵਿਚ, ਜਦੋਂ ਇਹ ਬਾਈ ਵਰ੍ਹਿਆਂ ਦੇ ਹੋਏ ਤਾਂ ਇਨ੍ਹਾਂ ਨੂੰ ਰਿਆਸਤ ਦਾ ਐਡਮਿਨਿਸਟਰੇਟਰ ਅਤੇ ਰੀਜੈਂਟ ਬਣਾਇਆ ਗਿਆ। ਨਵਾਬ ਲੋਹਾਰੂ ਨੂੰ ਇਨ੍ਹਾਂ ਦਾ ਐਡਵਾਈਜ਼ਰ ਬਣਾਇਆ ਗਿਆ। ਦੋ ਸਾਲ ਇਹੋ ਇੰਤਜ਼ਾਮ ਰਿਹਾ। ੧੯੦੫ ਵਿਚ ਅਮੀਰ-ਉਦ-ਦੀਨ ਖ਼ਾਂ ਵਾਪਸ ਲੋਹਾਰੂ ਚਲੇ ਗਏ ਤੇ ਅਹਿਮਦ ਅਲੀ ਖ਼ਾਂ ਇਕੱਲੇ ਬਤੌਰ ਰੀਜੈਂਟ ਰਿਆਸਤ ਚਲਾਉਂਦੇ ਰਹੇ। ੨੨ ਅਗਸਤ, ੧੯੦੮ ਨੂੰ ਇਬਰਾਹੀਮ ਅਲੀ ਖ਼ਾਂ ਦਾ ਇੰਤਕਾਲ ਹੋਇਆ। ੨੪ ਸਤੰਬਰ, ੧੯੦੮ ਨੂੰ ਅਹਿਮਦ ਅਲੀ ਖ਼ਾਂ ਦੀ ਦਸਤਾਰਬੰਦੀ ਹੋਈ। ੫ ਜਨਵਰੀ, ੧੯੦੯ ਨੂੰ ਉਨ੍ਹਾਂ ਦੀ ਤਾਜਪੋਸ਼ੀ ਹੋਈ ਤੇ ਪੰਜਾਬ ਦੇ ਗਵਰਨਰ ਸਰ ਲੂਈਸ ਵਿਲਿਅਮ ਡੇਨ ਨੇ ਉਨ੍ਹਾਂ ਨੂੰ ਨਵਾਬੀ ਦੇ ਇਖ਼ਤਿਆਰਾਤ ਦੇ ਦਿੱਤੇ।"

"ਭਾਈ ਜਾਨ, ਤੁਸੀਂ ਇਕ ਕਿਤਾਬ ਲਿਖੋ ਮਾਲੇਰਕੋਟਲਾ ਦੀ ਤਾਰੀਖ਼ ਬਾਰੇ। ਤੁਹਾਨੂੰ ਤਾਂ ਤਾਰੀਖ਼ਾਂ ਤਕ ਜ਼ਬਾਨੀ ਯਾਦ ਨੇ।" ਹੈਰਾਨ ਹੋਈ ਸਕੀਨਾ ਬੋਲੀ।

"ਤੁਹਾਨੂੰ ਪਤਾ ਨਹੀਂ ਬੇਗ਼ਮ, ਇਸ ਹਜ਼ਰਤ ਦੇ ਦਿਮਾਗ਼ ਵਿਚ ਕੰਪਿਊਟਰ ਫਿਟ ਹੈ।"

"ਉਏ ਛੱਡ ਪਰ੍ਹਾਂ ਆਬਿਦ, ਕਿਉਂ ਲੱਤਾਂ ਖਿੱਚ ਰਿਹੈਂ। ਇਹ ਤਾਂ, ਜਿਵੇਂ ਭਾਬੀ ਕਹਿ ਰਹੀ ਸੀ, ਦਿਲਚਸਪੀ ਦੀ ਖੇਡ ਹੈ। ਹੁਣ, ਆਪਣੀ ਬਚਪਨ ਤੋਂ ਹੀ ਦਿਲਚਸਪੀ ਰਹੀ ਹੈ ਆਪਣਾ ਵਿਰਸਾ ਜਾਨਣ ਬਾਰੇ, ਇਸ ਲਈ ਇਹ ਸਭ ਪੜ੍ਹ-ਸੁਣ ਰੱਖਿਆ ਹੈ। ਹਾਂ, ਏਨਾ ਜ਼ਰੂਰ ਹੈ ਕਿ ਬੁਢਾਪੇ 'ਚ ਕਦਮ ਰੱਖ ਲਿਆ ਹੈ ਪਰ ਯਾਦਦਾਸ਼ਤ ਅਜੇ ਪੂਰੀ ਤਰ੍ਹਾਂ ਜਵਾਨ ਹੈ।"

"ਬੁੱਢੇ ਹੋਣ ਤੁਹਾਡੇ ਦੁਸ਼ਮਨ। ਅਜੇ ਤਾਂ ਤੁਸੀਂ ਜਵਾਨ ਓ ਭਾਈ ਜਾਨ।" ਸਕੀਨਾ ਨੇ ਮੁਸਕਰਾ ਕੇ ਰਜਨੀ ਵੱਲ ਵੇਖਦਿਆਂ ਕਿਹਾ।

"ਹਾਂ ਭਾਬੀ ਜੀ ਕੇ ਖ਼ੁਸ਼ ਰਖਨੇ ਕੋ ਗ਼ਾਲਿਬ ਯੇ ਖ਼ਯਾਲ ਅੱਛਾ ਹੈ, ਪਰ ਹਕੀਕਤ ਇਹੋ ਹੈ ਕਿ ਹੁਣ ਜ਼ਈਫ਼ੀ ਸ਼ੁਰੂ ਹੋ ਗਈ ਹੈ। ਅਸੀਂ ਇਸ ਉਮਰ ਨੂੰ ਬਾਨਪ੍ਰਸਥ ਦੀ ਉਮਰ ਆਖਦੇ ਹਾਂ। ਪੁਰਾਣੇ ਸਮਿਆਂ ਵਿਚ, ਜਦੋਂ ਲੋਕ ਬੱਚਿਆਂ ਦੇ ਸ਼ਾਦੀ-ਵਿਆਹ ਕਰ ਚੁੱਕਦੇ ਸਨ ਤਾਂ ਘਰਬਾਰ ਛੱਡ ਕੇ ਜੰਗਲਾਂ ਵਿਚ ਜਾ ਰਹਿੰਦੇ ਸਨ ਤਾਂ ਜੋ ਬੱਚੇ ਆਜ਼ਾਦਾਨਾ ਤੌਰ 'ਤੇ ਆਪਣੀ ਜ਼ਿੰਦਗੀ ਗੁਜ਼ਾਰਨ ਤੇ ਮੀਆਂ-ਬੀਵੀ ਇਕਾਂਤ ਵਿਚ ਬੈਠ ਕੇ ਹਰੀ-ਭਜਨ ਕਰਨ। ਹੁਣ ਜ਼ਮਾਨਾ ਬਦਲ ਗਿਆ। ਵੱਡੇ ਹੁੰਦਿਆਂ ਹੀ ਬੱਚੇ ਆਸ਼ਿਆਨੇ ਤੋਂ ਪਰਵਾਜ਼ ਕਰ ਜਾਂਦੇ ਹਨ ਤੇ ਮਾਂ-ਬਾਪ ਨੂੰ ਘਰ ਰਹਿੰਦਿਆਂ ਹੀ ਬਾਨਪ੍ਰਸਥ ਮਿਲ ਜਾਂਦਾ ਹੈ।"

"ਇਹ ਤਾਂ ਹੈ।" ਤਾਈਦ ਕੀਤੀ ਆਬਿਦ ਅਲੀ ਨੇ।

"ਹਾਂ, ਤੁਸੀਂ ਦੱਸ ਰਹੇ ਸੀ ਅਹਿਮਦ ਅਲੀ ਖ਼ਾਂ ਬਾਰੇ ਭਾਈ ਜਾਨ।" ਸਕੀਨਾ ਦੀ ਦਿਲਚਸਪੀ ਕਾਇਮ ਸੀ ਤੇ ਹੁਣ ਦਿਨੇਸ਼ ਨੂੰ ਮੁੜ ਉਸੇ ਵਿਸ਼ੇ ਵੱਲ ਮੋੜਨਾ ਲੋਚ ਰਹੀ ਸੀ।

"ਅਹਿਮਦ ਅਲੀ ਦੇ ਕਿਆ ਕਹਿਣੇ ਐ ਭਾਬੀ। ਬੜਾ ਜ਼ਹੀਨ ਨਵਾਬ ਸੀ। ਵੀਹਵੀਂ ਪੀੜ੍ਹੀ ਵਿਚੋਂ ਸੀ ਇਹ ਹਜ਼ਰਤ ਸ਼ੇਖ਼ ਸਦਰ-ਉਦ-ਦੀਨ ਸਦਰੇ-ਜਹਾਂ ਦੀ।"

"ਕੀਹਦੀ? ਇਹ ਨਾਂ ਤਾਂ ਪਹਿਲੀ ਵਾਰੀ ਸੁਣ ਰਹੇ ਆਂ।" ਟੋਕਿਆ ਆਬਿਦ ਅਲੀ ਨੇ।

"ਸ਼ਾਬਾਸ਼! ਆਪ ਦੀ ਅਕਲ ਦਾ ਵੀ ਜਵਾਬ ਨਹੀਂ ਆਬਿਦ ਮੀਆਂ। ਇਸ ਰਿਆਸਤ ਦੇ ਬਾਨੀ ਦਾ ਨਾਂ ਪਹਿਲੀ ਵਾਰੀ ਸੁਣ ਰਿਹਾ ਏਂ?"

"ਉਹ ਤਾਂ ਹਦਰ ਸ਼ੇਖ਼ ਸੀ।"

"ਇਹ ਹਦਰ ਕੀ ਹੋਇਆ ਮੀਆਂ? ਕੋਈ ਲਫ਼ਜ਼ ਹੈ ਉਰਦੂ ਵਿਚ ਹਦਰ?"

"ਹੈਦਰ ਸ਼ੇਖ਼ ਦਾ ਹਦਰ ਸ਼ੇਖ਼ ਬਣ ਗਿਆ ਹੋਣੈ ਬੋਲਚਾਲ਼ ਵਿਚ।"

"ਹਾਂ, ਬੋਲਚਾਲ 'ਚ ਹੀ ਬਣਿਐ, ਪਰ ਹੈਦਰ ਤੋਂ ਹਦਰ ਨਹੀਂ ਬਣਿਆ, ਹਜ਼ਰਤ ਦਾ ਹਦਰ ਬਣ ਗਿਐ। ਹਜ਼ਰਤ ਸ਼ੇਖ਼ ਲੋਕਮੁਖ ਵਿਚ ਹਦਰ ਸ਼ੇਖ਼ ਬਣ ਗਿਆ। ਉਸਦਾ ਅਸਲੀ ਨਾਂ ਸਦਰ-ਉਦ-ਦੀਨ ਸੀ ਤੇ ਲਕਬ ਮਿਲਿਆ ਸੀ ਸਦਰੇ-ਜਹਾਂ ਦਾ ਉਸਨੂੰ ਬਹਿਲੋਲ ਲੋਧੀ ਪਾਸੋਂ।"

"ਹਾਂ, ਉਹ ਦਾਮਾਦ ਸਨ ਬਹਿਲੋਲ ਲੋਧੀ ਦੇ। ਇਥੋਂ ਦੇ ਨਵਾਬ ਲੋਧੀਆਂ ਦੇ ਦੋਹਤੇ ਹੀ ਤਾਂ ਸਨ।" ਸਕੀਨਾ ਬੋਲੀ।

"ਨਾ ਨਾ ਭਾਬੀ, ਇਹ ਗਲਤ ਹੈ। ਬਹਿਲੋਲ ਲੋਧੀ ਦੇ ਦਾਮਾਦ ਜ਼ਰੂਰ ਸਨ ਹਜ਼ਰਤ ਸ਼ੇਖ਼ ਪਰ ਇਥੋਂ ਦੇ ਨਵਾਬ ਲੋਧੀਆਂ ਦੇ ਦੋਹਤੇ ਨਹੀਂ ਸਨ।" ਗੱਲ ਸਪਸ਼ਟ ਕੀਤੀ ਦਿਨੇਸ਼ ਨੇ।

"ਉਹ ਕਿੱਦਾਂ?" ਸਕੀਨਾ ਨੇ ਪੁੱਛਿਆ।

"ਉਹ ਏਦਾਂ, ਬਈ ਬਹਿਲੋਲ ਲੋਧੀ ਦੀ ਧੀ ਤਾਜ ਮੁਰੱਸਾ ਬੇਗਮ, ਜੋ ਅਜੇ ਵੀ ਖੰਨਾ ਵਿਖੇ ਜ਼ੇਰੇ-ਖ਼ਾਕ ਸੌਂ ਰਹੀ ਹੈ, ਬੇ-ਔਲਾਦ ਰਹੀ। ਹਜ਼ਰਤ ਸ਼ੇਖ਼ ਨੇ ਇਕ ਹਿੰਦੂ ਰਾਜਪੂਤ-ਔਰਤ ਨਾਲ ਸ਼ਾਦੀ ਕਰ ਲਈ। ਨਵਾਬ ਤਾਂ ਉਸੇ ਰਾਜਪੂਤਨੀ ਦੇ ਪੇਟ ਤੋਂ ਸਨ।"

ਹੈਰਾਨ ਹੋਏ ਆਬਿਦ ਅਲੀ ਤੇ ਸਕੀਨਾ ਨੇ ਅੱਖਾਂ ਪਾੜ ਕੇ ਦਿਨੇਸ਼ ਵੱਲ ਤੱਕਿਆ।

"ਬਈ, ਹੋਇਆ ਇਹ ਕਿ ਕੁਰਦ ਪਠਾਣਾਂ ਦਾ ਇਕ ਬੇਟਾ ਬਚਪਨ ਤੋਂ ਹੀ ਦਰਵੇਸ਼ ਸੁਭਾਅ ਦਾ ਸੀ। ਉਹ ਅਫ਼ਗਾਨਿਸਤਾਨ ਵਿਚ ਦਰਾਬਨ ਨਾਮੀਂ ਮਕਾਮ 'ਤੇ ਪੈਦਾ ਹੋਇਆ। ਉਸਦੇ ਪੁਰਖੇ ਸ਼ੇਰਵਾਨ ਤੋਂ ਆਕੇ ਦਰਾਬਨ ਵਸੇ ਸਨ। ਵੱਡਾ ਹੋਇਆ ਤਾਂ ਤਲਾਸ਼ੇ-ਹਕ ਵਿਚ ਹਿੰਦੋਸਤਾਨ ਆ ਗਿਆ। ਚਲਦੇ-ਚਲਦੇ ਭੀਮਸੀ ਪਿੰਡ ਆ ਪਹੁੰਚਿਆ, ਜਿਸ ਨੂੰ ਤੁਸੀਂ ਭੁਮਸੀ ਆਖਦੇ ਹੋ। ਪਿੰਡ ਦੇ ਬਾਹਰ ਝੌਂਪੜੀ ਪਾ ਕੇ ਰਾਤ-ਦਿਨ ਇਬਾਦਤ ਵਿਚ ਮਗਨ ਰਹਿਣ ਲੱਗਾ।"

"ਤੁਸੀਂ ਸੁਣੋ ਇਹ ਦਿਲਚਸਪ ਕਹਾਣੀ, ਮੇਰੀ ਸੁਣੀ ਹੋਈ ਹੈ। ਮੈਂ ਤੁਹਾਡੇ ਲਈ ਚਾਹ ਬਣਾ ਕੇ ਲਿਆਉਂਦੀ ਹਾਂ।" ਕਹਿਕੇ ਰਜਨੀ ਉਠੀ ਤੇ ਅੰਦਰ ਚਲੀ ਗਈ। ਦਿਨੇਸ਼ ਦੱਸ ਰਿਹਾ ਸੀ,

"ਸੰਨ ੧੪੫੧ ਵਿਚ, ਬਹਿਲੋਲ ਲੋਧੀ ਦੀਆਂ ਫੌਜਾਂ ਦਿੱਲੀ 'ਤੇ ਹਮਲਾ ਕਰਨ ਜਾ ਰਹੀਆਂ ਸਨ ਤਾਂ ਇਕ ਰਾਤ ਲਈ ਫੌਜਾਂ ਭੁਮਸੀ ਨੇੜੇ ਠਹਿਰੀਆਂ। ਉਸ ਰਾਤ ਬਲਾ ਦੀ ਹਨੇਰੀ ਚੱਲੀ। ਹਨੇਰੀ ਕੀ ਸੀ, ਤੂਫਾਨ ਸੀ। ਗਸ਼ਤ 'ਤੇ ਤੈਨਾਤ ਸਿਪਾਹੀਆਂ ਨੇ ਵੇਖਿਆ ਕਿ ਅਜਿਹੀ ਭਿਆਨਕ ਹਨੇਰੀ ਵਿਚ ਵੀ ਇਕ ਝੌਂਪੜੀ ਦੇ ਅੰਦਰ ਦੀਵਾ ਜਗ ਰਿਹਾ ਹੈ। ਦੀਵੇ ਦੀ ਲੋਅ ਵੀ ਨਹੀਂ ਕੰਬ ਰਹੀ। ਉਹ ਹੈਰਾਨ ਹੋ ਗਏ। ਨੇੜੇ ਜਾ ਕੇ ਵੇਖਿਆ ਕਿ ਦੀਵੇ ਦੇ ਸਾਮ੍ਹਣੇ ਇਕ ਨੌਜਵਾਨ ਦਰਵੇਸ਼ ਇਬਾਦਤ ਵਿਚ ਮਗਨ ਬੈਠਾ ਹੈ ਤੇ ਹਨੇਰੀ ਦੀਵੇ ਦੇ ਨੇੜਿਓਂ ਦੀ ਵੀ ਨਹੀਂ ਲੰਘ ਰਹੀ ਹੈ। ਉਨ੍ਹਾਂ ਇਹ ਮੋਜਜ਼ਾ ਹੋਰਨਾਂ ਸਿਪਾਹੀਆਂ ਨੂੰ ਜਾ ਸੁਣਾਇਆ। ਜੰਗਲ ਦੀ ਅੱਗ ਵਾਂਗ ਫੈਲਦੀ ਇਹ ਖ਼ਬਰ ਬਹਿਲੋਲ ਲੋਧੀ ਤੱਕ ਜਾ ਪਹੁੰਚੀ। ਬਹਿਲੋਲ ਨੂੰ ਯਕੀਨ ਨਹੀਂ ਸੀ ਆ ਰਿਹਾ। ਸਚਾਈ ਮਾਲੂਮ ਕਰਨ ਲਈ ਉਹ ਆਪ ਚਲ ਕੇ ਫ਼ਕੀਰ ਦੀ ਝੌਂਪੜੀ 'ਤੇ ਆਇਆ। ਆਪਣੀ ਅੱਖੀਂ ਇਸ ਮੋਜਜ਼ੇ ਨੂੰ ਵੇਖ ਕੇ ਉਹ ਫ਼ਕੀਰ ਦੇ ਕਦਮਾਂ 'ਤੇ ਡਿਗ ਪਿਆ। ਮਿੰਨਤ-ਸਮਾਜਤ ਕਰਕੇ ਉਸਨੇ ਫ਼ਕੀਰ ਨੂੰ ਆਪਣੇ ਨਾਲ ਦਿੱਲੀ ਚੱਲਣ 'ਤੇ ਰਾਜ਼ੀ ਕਰ ਲਿਆ।"

"ਹਾਂ, ਇਹ ਤਾਂ ਸੁਣ ਰੱਖਿਐ।" ਆਬਿਦ ਬੋਲਿਆ।

"ਕਰਨੀ ਖ਼ੁਦਾ ਦੀ। ਫ਼ਕੀਰ ਦੇ ਆਸ਼ੀਰਵਾਦ ਦੀ ਛਾਂ ਹੇਠ ਲੜੀਆਂ ਬਹਿਲੋਲ ਦੀਆਂ ਫੌਜਾਂ ਨੇ ਦਿੱਲੀ ਫ਼ਤਿਹ ਕਰ ਲਈ। ਦਿੱਲੀ ਦੇ ਤਖ਼ਤ 'ਤੇ ਬੈਠ ਕੇ ਬਹਿਲੋਲ ਨੇ ਸ਼ੁਕਰਾਨੇ ਦੇ ਤੌਰ 'ਤੇ ਆਪਣੀ ਬੇਟੀ ਤਾਜ ਮੁਰੱਸਾ ਬੇਗਮ ਫ਼ਕੀਰ ਨੂੰ ਨਿਕਾਹ ਵਿਚ ਦੇ ਦਿੱਤੀ। ਭੀਮਸੀ ਸਮੇਤ ਚਾਲ਼ੀ ਪਿੰਡ ਦਾਜ ਵਿਚ ਦੇ ਦਿੱਤੇ। ਹਜ਼ਰਤ ਸ਼ੇਖ਼ ਦੇ ਮੁਰੀਦਾਂ ਦੀ ਤਾਦਾਦ ਵਧਦੀ ਗਈ ਤੇ ਬਹੁਤ ਸਾਰੇ ਮੁਰੀਦ ਭੀਮਸੀ ਦੇ ਆਲੇ-ਦੁਆਲੇ ਆਬਾਦ ਹੋ ਗਏ। ਇਹੋ ਨਵੀਂ ਆਬਾਦੀ ਮਾਲੇਰ ਬਣੀ।"

"ਹੂੰ।" ਆਖ ਕੇ ਆਬਿਦ ਅਲੀ ਨੇ ਸੱਜੇ ਪੈਰ ਦੀ ਜੁੱਤੀ ਲਾਹ ਕੇ ਪੈਰ ਕੁਰਸੀ ਵੱਲ ਮੋੜਿਆ ਤੇ ਅੱਧੀ ਚੌਂਕੜੀ ਮਾਰ ਕੇ ਬੈਠ ਗਿਆ। ਉਸਦੀ ਦ੍ਰਿਸ਼ਟੀ ਦਿਨੇਸ਼ ਦੇ ਚਿਹਰੇ 'ਤੇ ਟਿਕੀ ਹੋਈ ਸੀ।

"ਹਜ਼ਰਤ ਸ਼ੇਖ਼ ਦਾ ਇੰਤਕਾਲ ਹੋਇਆ ੧੫੧੫ ਵਿਚ। ਅਗਲੇ ਕੁਝ ਸਾਲਾਂ ਵਿਚ ਹਿੰਦੋਸਤਾਨ ਦੀ ਤਾਰੀਖ਼ ਦਾ ਨਕਸ਼ਾ ਹੀ ਬਦਲ ਗਿਆ। ਪਾਨੀਪਤ ਦੇ ਮੈਦਾਨ ਵਿਚ ਬਾਬਰ ਨੇ ਲੋਧੀਆਂ ਨੂੰ ਸ਼ਿਕਸਤ ਦੇ ਦਿੱਤੀ। ਉਸ ਤੋਂ ਮਗਰੋਂ ਹੁਮਾਯੂੰ ਨੇ ਸਰਹਿੰਦ ਵਿਖੇ ਸਿਕੰਦਰ ਸੂਰ ਨੂੰ ਮਾਰ ਗਿਰਾਇਆ। ਫਿਰ ਮਾਛੀਵਾੜੇ ਦੀ ਜੰਗ ਵਿਚ ਅਕਬਰ ਨੇ ਸੂਰ ਅਫ਼ਗਾਨਾਂ ਨੂੰ ਕਰਾਰੀ ਹਾਰ ਦਿੱਤੀ। ਦਿੱਲੀ ਦਾ ਤਖ਼ਤ ਮੁਗ਼ਲਾਂ ਦੇ ਹੱਥ ਆ ਗਿਆ। ਪਰ ਕਿਉਂਕਿ ਮੁਗ਼ਲਾਂ ਨੇ ਇਹ ਤਾਕਤ ਅਫ਼ਗਾਨ ਲੋਧੀਆਂ ਪਾਸੋਂ ਖੋਹੀ ਸੀ, ਇਸ ਲਈ ਸਦੀਆਂ-ਸਦੀਆਂ ਅਫ਼ਗਾਨਾਂ ਅਤੇ ਮੁਗ਼ਲਾਂ ਵਿਚਕਾਰ ਦੁਸ਼ਮਨੀ ਰਹੀ।"

"ਇਹ ਤਾਂ ਹੈ। ਅਫ਼ਗਾਨਾਂ ਦੀ ਔਲਾਦ ਅੱਜ ਵੀ ਮੁਗ਼ਲਾਂ ਨੂੰ ਦੋਗਲ਼ੇ ਕਹਿੰਦੀ ਹੈ।" ਕਿਹਾ ਆਬਿਦ ਅਲੀ ਨੇ।

"ਉਹ ਇਸ ਲਈ ਕਿ ਬਾਬਰ ਦਾ ਪਿਓ ਤੁਰਕ ਸੀ ਤੇ ਮਾਂ ਮੰਗੋਲ ਸੀ।"

"ਪਰ ਅਫ਼ਗਾਨ ਤਾਂ ਹਿਕਾਰਤ ਨਾਲ ਦੋਗਲੇ ਕਹਿੰਦੇ ਨੇ

ਮੁਗਲਾਂ ਨੂੰ।" ਆਬਿਦ ਅਲੀ ਨੇ ਗੱਲ ਸਪਸ਼ਟ ਕੀਤੀ।

"ਸਹੀ ਹੈ। ਦੋਵਾਂ ਦੀ ਦੁਸ਼ਮਨੀ ਕਦੇ ਖ਼ਤਮ ਨਹੀਂ ਹੋਈ। ਹਜ਼ਰਤ ਸ਼ੇਖ਼ ਤੋਂ ਮਗਰੋਂ ਉਨ੍ਹਾਂ ਦੀਆਂ ਚਾਰ ਨਸਲਾਂ ਡਰੀਆਂ-ਸਹਿਮੀਆਂ ਲੰਘ ਗਈਆਂ, ਕਿਉਂਕਿ ਇਹ ਲੋਕ ਅਫ਼ਗਾਨ ਸਨ ਤੇ ਹਿੰਦੋਸਤਾਨ 'ਤੇ ਮੁਗਲਾਂ ਦੀ ਹਕੂਮਤ ਸੀ। ੧੬੦੪ ਵਿਚ ਬਾਇਜ਼ੀਦ ਅਲੀ ਖ਼ਾਂ ਰਿਆਸਤ ਦਾ ਮਾਲਕ ਬਣਿਆ ਤਾਂ ਉਸਨੇ ਮੁਗਲਾਂ ਦੀ ਈਨ ਭਰ ਲਈ ਤੇ ਮਜ਼ੇ ਨਾਲ ਪਚਵੰਜਾ ਵਰ੍ਹੇ ਰਾਜ ਕਰਦਾ ਰਿਹਾ। ਬਾਇਜ਼ੀਦ ਤੋਂ ਪਹਿਲਾਂ ਰਿਆਸਤ ਦੇ ਮਾਲਕਾਂ ਨੂੰ ਖ਼ਾਨ ਕਿਹਾ ਜਾਂਦਾ ਸੀ। ਬਾਇਜ਼ੀਦ ਪਹਿਲਾ ਆਦਮੀ ਸੀ, ਜਿਸਨੂੰ ਔਰੰਗਜ਼ੇਬ ਨੇ ਨਵਾਬ ਦਾ ਖ਼ਿਤਾਬ ਅਤਾ ਕੀਤਾ।"

"ਯਾਨੀ ਨਵਾਬੀ ਹਜ਼ਰਤ ਸ਼ੇਖ਼ ਦੀ ਪੰਜਵੀਂ ਪੁਸ਼ਤ ਤੋਂ ਸ਼ੁਰੂ ਹੁੰਦੀ ਹੈ?" ਪੁੱਛਿਆ ਆਬਿਦ ਅਲੀ ਨੇ।

"ਹਾਂ, ਇਸ ਤੋਂ ਪਹਿਲਾਂ ਇਹਨਾਂ ਨੂੰ ਖ਼ਾਨ ਕਿਹਾ ਜਾਂਦਾ ਸੀ। ਹਜ਼ਰਤ ਸ਼ੇਖ਼ ਦੇ ਦੋ ਬੇਟੇ ਸਨ। ਈਸਾ ਖ਼ਾਂ ਤੇ ਮੂਸਾ ਖ਼ਾਂ। ਕਹਿੰਦੇ ਹਨ ਕਿ ਜਦੋਂ ਹਜ਼ਰਤ ਸ਼ੇਖ਼ ਦੇ ਅੱਖਾਂ ਮੀਟਣ ਦਾ ਵਕਤ ਆਇਆ ਤਾਂ ਵਿਰਾਸਤ ਦੇ ਮਾਮਲੇ 'ਤੇ ਦੋਵਾਂ ਭਰਾਵਾਂ ਵਿਚ ਜ਼ਬਰਦਸਤ ਤਕਰਾਰ ਚਲ ਪਈ। ਹਜ਼ਰਤ ਨੇ ਆਪਣੇ ਸਾਮ੍ਹਣੇ ਇਕ ਤਲਵਾਰ ਰੱਖ ਲਈ ਤੇ ਇਕ ਦੇਗ। ਦੋਵਾਂ ਬੇਟਿਆਂ ਨੂੰ ਬੁਲਾ ਕੇ ਕਿਹਾ ਬਈ ਤਕਰਾਰ ਨਾ ਕਰੋ, ਇਕ ਜਣਾ ਤੇਗ਼ ਸਾਂਭ ਲਵੇ ਤੇ ਦੂਜਾ ਦੇਗ ਲੈ ਲਵੇ। ਦੋਵੇਂ ਮਜ਼ੇ ਨਾਲ ਰਹੋਗੇ। ਸੁਣਦੇ ਹਾਂ ਕਿ ਇਥੇ ਵੀ ਜ਼ੋਰ-ਅਜ਼ਮਾਈ ਹੋਈ। ਆਪਣੀ ਹਿੱਕ ਦੇ ਜ਼ੋਰ ਨਾਲ ਈਸਾ ਖ਼ਾਂ ਤੇਗ਼ ਲੈ ਗਿਆ ਤੇ ਮੂਸਾ ਖ਼ਾਂ ਨੂੰ ਦੇਗ 'ਤੇ ਸਬਰ ਕਰਨਾ ਪਿਆ।"

"ਤਾਂ ਤੇ ਇਹ ਮੁਜਾਵਿਰ ਵੀ ਹਜ਼ਰਤ ਸ਼ੇਖ਼ ਦੀ ਔਲਾਦ ਹੋਏ।" ਸਕੀਨਾ ਨੇ ਆਖਿਆ।

"ਹਾਂ। ਮੂਸਾ ਖ਼ਾਂ ਦੇ ਸਿਲਸਿਲੇ ਨੂੰ ਮਗਰੋਂ ਦੇਗੀਆ ਪਠਾਣ ਕਿਹਾ ਗਿਆ ਤੇ ਈਸਾ ਖ਼ਾਂ ਦੇ ਸਿਲਸਿਲੇ ਨੂੰ ਤੇਗ਼ੀਆ ਪਠਾਣ। ਤੇਗ਼ੀਆ ਪਠਾਣਾਂ ਨੂੰ ਰਿਆਸਤ ਦੀ ਹਕੂਮਤ ਮਿਲੀ ਤੇ ਦੇਗੀਆ ਪਠਾਣਾਂ ਨੂੰ ਹਜ਼ਰਤ ਸ਼ੇਖ਼ ਦੀ ਦਰਗਾਹ ਦਾ ਚੜ੍ਹਾਵਾ ਮਾਲਾਮਾਲ ਕਰਦਾ ਰਿਹਾ।"

"ਅਲਹਮਦੋ ਲਿੱਲਾਹ। ਤੇਗ਼ੀਆਂ ਦੀ ਰਿਆਸਤ ਤਾਂ ਹਿੰਦੋਸਤਾਨ ਦੀ ਆਜ਼ਾਦੀ ਦੇ ਨਾਲ ਹੀ ਖ਼ਤਮ ਹੋ ਗਈ ਪਰ ਦੇਗੀਆਂ ਦੀ ਰਿਆਸਤ ਤਾਂ ਅਜੇ ਤਕ ਫਲ-ਫੁੱਲ ਰਹੀ ਹੈ।" ਆਬਿਦ ਨੇ ਆਖਿਆ।

"ਸਬਰ ਕਾ ਫਲ ਮਿੱਠਾ ਹੁੰਦਾ ਹੈ ਆਬਿਦ ਭਾਈ।" ਚਾਹ ਦੀ ਟ੍ਰੇ ਫੜੀ ਅੰਦਰੋਂ ਆਉਂਦੀ ਰਜਨੀ ਨੇ ਕਿਹਾ।

ਦਿਨੇਸ਼ ਨੇ ਆਪਣੇ ਸਜੇ ਪਾਸੇ ਪਈ ਤਿਪਾਈ ਖਿੱਚ ਕੇ ਵਿਚਕਾਰ ਕਰ ਲਈ। ਰਜਨੀ ਨੇ ਟ੍ਰੇ ਤਿਪਾਈ 'ਤੇ ਰੱਖੀ ਤੇ ਚਾਹ ਕੱਪਾਂ ਵਿਚ ਪਾ ਕੇ ਤਿੰਨਾਂ ਨੂੰ ਪਿਆਲੀਆਂ ਫੜਾ ਦਿੱਤੀਆਂ।

"੧੫੧੫ ਤੋਂ ਲੈ ਕੇ ੧੬੦੪ ਤੱਕ ਈਸਾ ਖ਼ਾਂ ਤੇ ਉਸਦੇ ਵੁਰਸਾ ਸ਼ਾਹ ਮੁਹੰਮਦ ਖ਼ਾਂ, ਮੌਜੂਦ ਖ਼ਾਂ ਤੇ ਫ਼ਤਿਹ ਮੁਹੰਮਦ ਖ਼ਾਂ ਰਿਆਸਤ ਦੇ ਖ਼ਾਨ ਰਹੇ। ੧੬੦੪ ਵਿਚ ਬਾਇਜ਼ੀਦ ਅਲੀ ਖ਼ਾਂ ਰਿਆਸਤ ਦਾ ਖ਼ਾਨ ਬਣਿਆ, ਜਿਸਨੂੰ ੧੬੫੮ ਵਿਚ ਔਰੰਗਜ਼ੇਬ ਨੇ ਨਵਾਬ ਬਣਾ ਦਿੱਤਾ। ੧੬੫੮ ਵਿਚ ਹੀ ਬਾਇਜ਼ੀਦ ਨੇ ਕੋਟਲਾ ਵਸਾਇਆ ਤੇ ਰਿਆਸਤ ਦਾ ਨਾਂ ਕੋਟਲਾਮਾਲੇਰ ਰੱਖਿਆ।"

"ਤਾਂ ਇਹ ਮਾਲੇਰਕੋਟਲਾ ਬਾਅਦ ਵਿਚ ਬਣਿਆ?" ਸਕੀਨਾ ਨੇ ਪੁੱਛਿਆ।

"ਬਹੁਤ ਬਾਅਦ ਵਿਚ। ਰਿਆਸਤ ਦੇ ਪੁਰਾਣੇ ਰਿਕਾਰਡ ਵਿਚ ਇਸਦਾ ਨਾਂ ਕੋਟਲਾਮਾਲੇਰ ਹੀ ਲਿਖਿਆ ਹੋਇਆ ਹੈ।"

"ਕੁਝ ਲਓ ਨਾ ਤੁਸੀਂ।" ਬਿਸਕੁਟਾਂ ਦੀ ਪਲੇਟ ਚੁੱਕ ਕੇ ਆਬਿਦ ਅਲੀ ਅਤੇ ਸਕੀਨਾ ਸਾਮ੍ਹਣੇ ਕੀਤੀ ਰਜਨੀ ਨੇ।

ਬਿਸਕੁਟ ਚੁਕਦਿਆਂ ਆਬਿਦ ਬੋਲਿਆ, "ਭਾਬੀ! ਅੱਜ ਤਾਂ ਤੁਹਾਡੇ ਮੀਆਂ ਨੇ ਚੌਦਾਂ ਤਬਕ ਰੋਸ਼ਨ ਕਰ 'ਤੇ ਸਾਡੇ। ਇਸ ਤੋਂ ਵਧੀਆ ਤਾਰੀਖ਼ੀ ਜ਼ਿਆਫ਼ਤ ਕਿਥੇ ਮਿਲੇਗੀ।"

"ਓ, ਛੱਡ ਪਰ੍ਹਾਂ। ਐਵੇਂ ਮੇਰੀ ਤਾਰੀਫ਼ ਨਾ ਕਰੀ ਜਾਹ। ਤੇਰੀ ਭਾਬੀ ਨੂੰ ਸ਼ੱਕ ਹੋਣ ਲਗੇਗਾ ਕਿ ਮੈਂ ਸ਼ਾਇਦ ਸੱਚਮੁਚ ਹੀ ਜ਼ਹੀਨ ਆਂ।"

ਠਹਾਕਾ ਮਾਰ ਕੇ ਹੱਸ ਪਈ ਸਕੀਨਾ।

"ਵਾਹ ਭਾਈ ਜਾਨ, ਇਹ ਵੀ ਖ਼ੂਬ ਕਹੀ। ਰਜਨੀ ਭੈਣ ਨੇ ਉਮਰ ਗੁਜ਼ਾਰੀ ਐ ਤੁਹਾਡੇ ਨਾਲ। ਤੁਹਾਡੀ ਜ਼ਿਹਾਨਤ ਤੋਂ ਤਾਂ ਖ਼ੂਬ ਫ਼ੈਜ਼ਯਾਬ ਹੋਈ ਹੋਵੇਗੀ।"

"ਓ ਨਹੀਂ ਭਾਬੀ ਜਾਨ। ਇਹ ਤਾਂ ਆਪਣੇ ਸ਼ੌਹਰ ਨੂੰ ਅਹਿਮਕ ਸਮਝਦੀ ਐ।"

"ਕੁਝ ਹੋਰ ਨੀ।" ਸ਼ਰਮਾਈ ਹੋਈ ਰਜਨੀ ਨੇ ਕਿਹਾ, "ਅਹਿਮਕ ਤਾਂ ਨਾ ਮੈਂ ਤੁਹਾਨੂੰ ਕਦੀ ਸਮਝਿਆ, ਨਾ ਕਦੀ ਕਿਹਾ। ਹਾਂ, ਅਲਬੱਤਾ ਕਿਤਾਬੀ ਕੀੜਾ ਜ਼ਰੂਰ ਕਹਿੰਦੀ ਸੀ, ਕਹਿੰਦੀ ਹਾਂ ਤੇ ਕਹਿੰਦੀ ਰਹਾਂਗੀ। ਭਾਬੀ, ਤੁਸੀਂ ਯਕੀਨ ਨਹੀਂ ਕਰੋਗੇ, ਜਿਹੜੀਆਂ ਕਿਤਾਬਾਂ ਇਹ ਪੜ੍ਹਦੇ ਨੇ ਨਾ ਉਨ੍ਹਾਂ ਦੀ ਬਦਬੂ ਸਾਰੇ ਘਰ 'ਚ ਫੈਲਦੀ ਹੈ। ਐਸੀਆਂ-ਐਸੀਆਂ ਪੁਰਾਣੀਆਂ ਕਿਤਾਬਾਂ ਲੱਭ ਕੇ ਲਿਆਉਂਦੇ ਨੇ, ਹਮਕ ਮਾਰਦੀਆਂ ਹੁੰਦੀਆਂ ਨੇ।"

"ਮੈਡਮ ਜੀ, ਉਨ੍ਹਾਂ ਕਿਤਾਬਾਂ ਵਿਚ ਹੀ ਇਲਮ ਮੌਜੂਦ ਹੈ। ਅੱਜ ਦੀਆਂ ਕਿਤਾਬਾਂ ਵਿਚ ਲੇਖਕਾਂ ਦੀ ਉਹ ਜਾਂ-ਫ਼ਿਸ਼ਾਨੀ

ਨਹੀਂ ਮਿਲਦੀ, ਜੋ ਪਹਿਲੇ ਦੇ ਲੇਖਕ ਕਰਦੇ ਹੁੰਦੇ ਸਨ। ਹੁਣ ਤਾਂ ਕਟ ਐਂਡ ਪੇਸਟ ਸਟਾਈਲ 'ਤੇ ਘੜੀਆਂ ਜਾਂਦੀਆਂ ਹਨ ਕਿਤਾਬਾਂ, ਲਿਖਦਾ ਕੌਣ ਹੈ। ਲਿਖਣ ਲਈ ਦਿਮਾਗ਼ ਨੂੰ ਕਤਰਾ-ਕਤਰਾ ਕਰਕੇ ਨਚੋੜਣਾ ਪੈਂਦਾ ਹੈ ਕਾਗਜ਼ 'ਤੇ। ਕਲਮ ਨੂੰ ਜਿਗਰ ਦੇ ਖ਼ੂਨ ਵਿਚ ਡਬੋਣਾ ਪੈਂਦਾ ਹੈ।"

ਆਬਿਦ ਅਲੀ ਤੇ ਸਕੀਨਾ ਆਏ ਤਾਂ ਇਹ ਸੋਚ ਕੇ ਸਨ ਕਿ ਸ਼ਾਮ ਦੀ ਸੈਰ ਵੀ ਹੋ ਜਾਵੇਗੀ ਤੇ ਦਿਨੇਸ਼ ਦਾ ਹਾਲਚਾਲ ਵੀ ਪੁੱਛ ਆਵਾਂਗੇ ਪਰ ਅਜਿਹਾ ਰੌਚਿਕ ਅਧਿਆਇ ਖੁਲ੍ਹ ਗਿਆ ਸੀ ਕਿ ਦੋਵੇਂ ਘਰਬਾਰ ਦੀ ਸੁਧ ਭੁੱਲ ਕੇ ਇਥੇ ਹੀ ਜੰਮ ਗਏ ਸਨ। ਉੱਠਣ 'ਤੇ ਚਿੱਤ ਹੀ ਨਹੀਂ ਸੀ ਕਰ ਰਿਹਾ। ਦੋਵੇਂ ਚਾਹ ਰਹੇ ਸਨ ਕਿ ਦਿਨੇਸ਼ ਬੋਲਦਾ ਰਹੇ, ਦੱਸਦਾ ਰਹੇ ਉਨ੍ਹਾਂ ਦੇ ਸ਼ਹਿਰ ਦਾ ਇਤਿਹਾਸ, ਖੋਲ੍ਹਦਾ ਰਹੇ ਮਾਜ਼ੀ ਦੇ ਬੂਹੇ-ਬਾਰੀਆਂ ਤੇ ਵਿਖਾਉਂਦਾ ਰਹੇ ਉਨ੍ਹਾਂ ਨੂੰ ਉਹ ਸਾਰੇ ਚਿੱਤਰ ਜੋ ਸਦੀਆਂ-ਸਦੀਆਂ ਬਣਦੇ-ਵਿਗੜਦੇ ਰਹੇ ਸਨ ਤੇ ਅਖ਼ੀਰ ਸੁਤੰਤਰ ਭਾਰਤ ਵਿਚ ਇਕ ਰਿਆਸਤ ਤੋਂ ਇਕ ਸਬ-ਡਵੀਜ਼ਨ ਵਿਚ ਬਦਲ ਕੇ ਰਹਿ ਗਏ ਸਨ।

ਦਿਨੇਸ਼ ਨੇ ਉਨ੍ਹਾਂ ਦੋਵਾਂ ਦੇ ਉਤਸ਼ਾਹ ਦਾ ਅਨੁਮਾਨ ਲਾ ਲਿਆ ਸੀ। ਆਬਿਦ ਨਾਲ ਘੰਟਿਆਂ ਬੱਧੀ ਗੱਲਾਂ ਕਰਨੀਆਂ ਉਸਦੇ ਬਚਪਨ ਤੋਂ ਹੀ ਤੁਰਿਆ ਆਉਂਦਾ ਸੀ ਪਰ ਏਨੀਆਂ ਗੰਭੀਰ, ਏਨੀਆਂ ਗਿਆਨ-ਵਰਧਕ ਗੱਲਾਂ ਪਹਿਲਾਂ ਨਹੀਂ ਸੀ ਹੁੰਦੀਆਂ। ਅੱਜ ਉਸਦੀ ਯਾਦ-ਦਾਸ਼ਤ ਦੀ ਪ੍ਰੀਖਿਆ ਵੀ ਹੋ ਰਹੀ ਸੀ। ਉਸਨੇ ਮੁੜ ਤੋਂ ਆਪਣੀ ਗੱਲ ਦਾ ਸਿਰਾ ਫੜਿਆ,

"ਆਬਿਦ ਅਲੀ, ਇਸ ਰਿਆਸਤ ਨੂੰ ਇਕ ਵਧੀਆ ਨਵਾਬ ਮਿਲਿਆ ਸ਼ੇਰ ਮੁਹੰਮਦ ਖ਼ਾਂ। ਬਾਇਜ਼ੀਦ ਅਲੀ ਦੀ ਵਫ਼ਾਤ 'ਤੇ ੧੬੫੯ ਵਿਚ ਕੋਟਲਾਮਾਲੇਰ ਦੇ ਤਖ਼ਤ 'ਤੇ ਬੈਠਿਆ ਸ਼ੇਰ ਮੁਹੰਮਦ ਖ਼ਾਂ ਦਾ ਪਿਓ ਫ਼ਿਰੋਜ਼ ਅਲੀ ਖ਼ਾਂ। ੧੬੭੨ ਤਕ ਹਕੂਮਤ ਕੀਤੀ ਉਸਨੇ। ੧੬੭੨ ਵਿਚ ਰਿਆਸਤ ਦੀ ਵਾਗਡੋਰ ਸਾਂਭੀ ਸ਼ੇਰ ਮੁਹੰਮਦ ਖ਼ਾਂ ਨੇ।"

"ਸਿੱਖਾਂ ਦਾ ਹਿਮਾਇਤੀ ਸੀ ਸ਼ੇਰ ਮੁਹੰਮਦ ਖ਼ਾਂ।" ਟਿੱਪਣੀ ਕੀਤੀ ਆਬਿਦ ਅਲੀ ਨੇ।

"ਬਹੁਤ ਵੱਡੀ ਗ਼ਲਤਫ਼ਹਿਮੀ ਫੈਲੀ ਹੋਈ ਹੈ ਸ਼ੇਰ ਮੁਹੰਮਦ ਖ਼ਾਂ ਬਾਰੇ। ਆਬਿਦ ਅਲੀ, ਉਹ ਕਦੀ ਵੀ ਸਿੱਖਾਂ ਦਾ ਹਿਮਾਇਤੀ ਨਹੀਂ ਸੀ। ਹੱਕ ਤੇ ਇਨਸਾਫ਼ ਦਾ ਹਿਮਾਇਤੀ ਸੀ।"

"ਕਿਉਂ, ਉਹਨੇ ਮੁਖ਼ਾਲਫ਼ਤ ਨਹੀਂ ਕੀਤੀ ਸੀ ਸਰਹਿੰਦ ਦਰਬਾਰ ਵਿਚ ਗੋਬਿੰਦ ਸਿੰਘ ਦੇ ਬੱਚਿਆਂ ਨੂੰ ਦੀਵਾਰ ਵਿਚ ਚਿਣਵਾਏ ਜਾਣ ਦੇ ਫੈਸਲੇ ਦੀ? ਜਿਸਨੂੰ ਉਰਫ਼ੇ-ਆਮ ਵਿਚ 'ਹਾਅ ਦਾ ਨਾਅਰਾ' ਕਹਿੰਦੇ ਨੇ।"

"ਹਾਂ, ਕੀਤੀ ਸੀ ਮੁਖ਼ਾਲਫ਼ਤ। ਪਰ ਉਹ ਸਿੱਖਾਂ ਦੀ ਹਿਮਾਇਤ ਕਰਨ ਲਈ ਨਹੀਂ ਕੀਤੀ ਸੀ, ਇਸਲਾਮੀ ਅਹਿਕਾਮਾਤ ਦੀ ਬਰਤਰੀ ਕਾਇਮ ਕਰਨ ਲਈ ਕੀਤੀ ਸੀ। ਇਸਲਾਮ ਵਿਚ ਬਾਪ ਦੇ ਕੀਤੇ ਦਾ ਬਦਲਾ ਉਸਦੇ ਬੱਚਿਆਂ ਤੋਂ ਲੈਣਾ ਜਾਇਜ਼ ਨਹੀਂ ਹੈ। ਇਹੋ ਕਿਹਾ ਸੀ ਉਸਨੇ ਸਰਹਿੰਦ ਦਰਬਾਰ ਵਿਚ। ਇਹ ਗੱਲ ਸਿੱਖਾਂ ਦੇ ਹੱਕ 'ਚ ਜਾਂਦੀ ਸੀ ਤਾਂ ਇਸਦੇ ਨਾਲ ਕੀ ਫ਼ਰਕ ਪੈਂਦਾ ਹੈ। ਸਿੱਖਾਂ ਦਾ ਤਾਂ ਉਹ ਆਪ ਵੀ ਵੱਡਾ ਦੁਸ਼ਮਨ ਸੀ। ੧੭੦੧ ਵਿਚ ਉਹ ਆਪ ਉਸ ਮਹਾਜ਼ ਵਿਚ ਸ਼ਾਮਲ ਸੀ ਜਦੋਂ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੇ ਮਿਲਕੇ ਗੋਬਿੰਦ ਸਿੰਘ ਨੂੰ ਮੱਖੋਵਾਲ ਅਤੇ ਚਮਕੌਰ ਦੀਆਂ ਗੜ੍ਹੀਆਂ ਵਿਚ ਘੇਰਿਆ ਸੀ। ਚਮਕੌਰ ਦੀ ਲੜਾਈ ਵਿਚ ਸ਼ੇਰ ਖਾਂ ਦਾ ਭਰਾ ਖਿਜ਼ਰ ਖ਼ਾਂ ਤੇ ਚਾਚੇ ਦਾ ਪੁੱਤ ਨਾਹਰ ਖ਼ਾਂ ਮਾਰੇ ਗਏ ਸਨ। ਠਹਿਰ ਇਕ ਮਿੰਟ.....ਮੇਰੀ ਯਾਦਦਾਸ਼ਤ ਵਿਚ ਇਕ ਕਿਤਾਬ ਹੈ।"

ਫੁਰਤੀ ਨਾਲ ਉੱਠ ਕੇ ਆਪਣੀ ਸਟਡੀ ਵੱਲ ਤੁਰ ਪਿਆ ਦਿਨੇਸ਼। ਫ਼ੌਰਨ ਹੀ ਅੰਦਰੋਂ ਇਕ ਕਿਤਾਬ ਚੁੱਕ ਕੇ ਉਸਦੇ ਪੰਨੇ ਫਰੋਲਦਾ ਬਾਹਰ ਆ ਗਿਆ।

"ਹਾਂ, ਮਿਲ ਗਈ। ਇਹ 'ਸਿੱਖ ਇਤਿਹਾਸ' ਹੈ, ਠਾਕੁਰ ਦੇਸ਼ ਰਾਜ ਦਾ ਲਿਖਿਆ, ਜਿਸਨੂੰ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮਾਲੀ ਇਮਦਾਦ ਨਾਲ ਛਾਪਿਆ ਗਿਆ ਹੈ। ਮੈਂ ਇਸ ਵਿਚ ਕੁਝ ਚੀਜ਼ਾਂ ਅੰਡਰਲਾਈਨ ਕੀਤੀਆਂ ਹੋਈਆਂ ਨੇ........" ਕਿਤਾਬ ਦੇ ਪੰਨੇ ਪਰਤਦਿਆਂ ਆਖਿਆ ਦਿਨੇਸ਼ ਨੇ।

"ਆਹ ਰਿਹਾ..........ਲੈ, ਮਿਲ ਗਿਆ। ਪੂਰਾ ਵਾਕਿਆ ਹੈ ਸਰਹਿੰਦ ਦਾ। ਵਜ਼ੀਰ ਖ਼ਾਂ ਨੇ ਸ਼ੇਰ ਮੁਹੰਮਦ ਖ਼ਾਂ ਨੂੰ ਕਿਹਾ 'ਆਪਕੇ ਪਿਤਾ ਕੋ ਇਨ ਲੋਗੋਂ ਕੇ ਪਿਤਾ ਨੇ ਲੜਾਈ ਮੇਂ ਮਾਰਾ ਥਾ ਔਰ ਚਮਕੌਰ ਮੇਂ ਤੁਮ੍ਹਾਰਾ ਭਾਈ ਨਾਹਰ ਖ਼ਾਂ ਭੀ ਮਾਰ ਦਿਆ ਗਿਆ ਹੈ। ਅਬ ਇਨਸੇ ਅਪਨੇ ਸੰਬੰਧੀਓਂ ਕਾ ਬਦਲਾ ਲੇਨਾ ਚਾਹਤੇ ਹੋ ਤੋ ਲੇ ਲੋ।' ਸ਼ੇਰ ਮੁਹੰਮਦ ਖ਼ਾਂ ਬੋਲਾ 'ਮੇਰੇ ਬਾਪ ਔਰ ਭਾਈ ਗੋਬਿੰਦ ਕੇ ਹਾਥੋਂ ਮਾਰੇ ਗਏ ਹੈਂ। ਮੈਂ ਉਨਕਾ ਬਦਲਾ ਗੋਬਿੰਦ ਸੇ ਲੂੰਗਾ ਲੜਾਈ ਮੇਂ। ਬਾਪ ਕੇ ਕਰਮੋਂ ਕਾ ਬਦਲਾ ਦੁਧਮੂੰਹੇ ਬੱਚੋਂ ਸੇ ਨਹੀਂ ਲੇਨਾ ਚਾਹਤਾ। ਯੇ ਬਾਤ ਇਸਲਾਮ ਧਰਮ ਕੇ ਭੀ ਵਿਰੁੱਧ ਹੈ। ਅਤਹ ਮੈਂ ਯਹ ਕਾਮ ਨਹੀਂ ਕਰ ਸਕਤਾ। ਯਹ ਕਹਿ ਕਰ ਸ਼ੇਰ ਮੁਹੰਮਦ ਖ਼ਾਂ ਨੇ ਠੰਡਾ ਸਾਂਸ ਲੀਆ ਔਰ ਏਕ ਗਹਿਰੀ ਆਹ ਭਰੀ। ਸਾਥ ਹੀ ਉਨ ਬੱਚੋਂ ਪਰ ਹੋ ਰਹੇ ਅੱਤਿਆਚਾਰ ਕੋ ਨਾ ਦੇਖਤਾ ਹੂਆ ਦਰਬਾਰ ਸੇ ਉਠ ਗਿਆ.......... ਇਹ ਤਾਂ ਹੈ ਵਾਕਿਆ ਸਰਹਿੰਦ ਦਰਬਾਰ ਦਾ।"

ਕੁੱਝ ਪੰਨੇ ਹੋਰ ਉਲਟ ਕੇ ਦਿਨੇਸ਼ ਨੇ ਆਪਣੀ ਗੱਲ ਅਗਾਂਹ

ਤੋਰੀ,

"ਪਰ ਵਾਕਿਆ ਇਹ ਵੀ ਹੈ ਕਿ ਸੰਨ ੧੭੦੪ ਵਿਚ, ਸਿਰਸਾ ਨਦੀ ਵਿਚ ਆਏ ਅਚਾਨਕ ਹੜ੍ਹ ਦੌਰਾਨ ਸ਼ੇਰ ਮੁਹੰਮਦ ਖ਼ਾਂ ਗੋਬਿੰਦ ਸਿੰਘ ਦੀ ਇਕ ਟਹਿਲਣ ਅਨੂਪ ਕੌਰ ਨੂੰ ਅਗਵਾ ਕਰਕੇ ਲੈ ਗਿਆ। ਉਸ ਖ਼ੁੱਦਾਰ ਔਰਤ ਨੇ ਨਵਾਬ ਨੂੰ ਆਪਣਾ ਸਰੀਰ ਨਹੀਂ ਛੂਹਣ ਦਿੱਤਾ ਤੇ ਉਸੇ ਦੀ ਕਟਾਰ ਨਾਲ ਖ਼ੁਦਕੁਸ਼ੀ ਕਰ ਲਈ। ਉਸਦੀ ਲਾਸ਼ ਨੂੰ ਦਫ਼ਨਾ ਦਿੱਤਾ ਗਿਆ। ਬੰਦਾ ਬਹਾਦਰ ਦੇ ਸਿੱਖਾਂ ਨੇ ਕਬਰ ਖੋਦ ਕੇ ਅਨੂਪ ਕੌਰ ਦੀ ਲਾਸ਼ ਕੱਢੀ ਤੇ ਉਸਦਾ ਸਸਕਾਰ ਕੀਤਾ। ਨਵਾਬ ਮਾਲੇਰਕੋਟਲਾ ਨੂੰ ਉਨ੍ਹਾਂ ਇਸ ਲਈ ਛੱਡ ਦਿੱਤਾ ਕਿਉਂਕਿ ਉਸਨੇ ਸਰਹਿੰਦ-ਦਰਬਾਰ ਵਿਚ ਗੁਰੂ ਦੇ ਬੱਚਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਬੁਲੰਦ ਕੀਤਾ ਸੀ।.........ਫਿਰ ਜਦੋਂ ਪਟਿਆਲਾ ਰਾਜ ਦੇ ਬਾਨੀ ਆਲਾ ਸਿੰਘ ਦੇ ਪਿਤਾ ਰਾਮਚੰਦ ਨੇ ਰਾਏਕੋਟ 'ਤੇ ਹਮਲਾ ਕੀਤਾ ਤਾਂ ਸ਼ੇਰ ਮੁਹੰਮਦ ਖ਼ਾਂ ਉਥੋਂ ਦੇ ਰਾਏ ਮੁਸਲਮਾਨ ਹਾਕਿਮ ਦੇ ਨਾਲ ਹੋ ਗਿਆ। ਇੱਥੇ ਤਾਂ ਸਿੱਖਾਂ ਦੀ ਮਾਲੇਰਕੋਟਲੇ ਨਾਲ ਦੁਸ਼ਮਨੀ ਖੁਲ੍ਹ ਕੇ ਸਾਮ੍ਹਣੇ ਆ ਗਈ ਜੋ ਸਦੀਆਂ-ਸਦੀਆਂ ਚੱਲੀ।"

"ਮਗਰ ਸਿੱਖ ਤਾਂ ਅੱਜ ਵੀ ਮਾਲੇਰਕੋਟਲਾ ਨੂੰ ਇੱਜ਼ਤ ਦੀ ਨਿਗਾਹ ਨਾਲ ਦੇਖਦੇ ਨੇ ਤੇ ਰਿਆਸਤ ਤੇ ਅਹਿਸਾਨਮੰਦ ਹਨ ਕਿ ਸ਼ੇਰ ਮੁਹੰਮਦ ਖ਼ਾਂ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ।" ਆਬਿਦ ਅਲੀ ਨੇ ਕਿਹਾ।

"ਇਹ ਦੁਰੁਸਤ ਹੈ ਕਿ ਸਰਹਿੰਦ ਦਾ ਵਾਕਿਆ ਸੁਣ ਕੇ ਗੁਰੂ ਗੋਬਿੰਦ ਸਿੰਘ ਨੇ ਨਵਾਬ ਅਤੇ ਉਸਦੀ ਰਿਆਸਤ ਨੂੰ ਆਸ਼ੀਰਵਾਦ ਦਿੱਤਾ ਸੀ ਪਰ ਇਸ ਹਕੀਕਤ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਨਾ ਸ਼ੇਰ ਮੁਹੰਮਦ ਖ਼ਾਂ ਸਿੱਖਾਂ ਦਾ ਹਮਦਰਦ ਸੀ ਤੇ ਨਾ ਉਸਤੋਂ ਮਗਰੋਂ ਕਿਸੇ ਨਵਾਬ ਨੂੰ ਸਿੱਖਾਂ ਨਾਲ ਕੋਈ ਹਮਦਰਦੀ ਸੀ। ਕਾਫ਼ੀ ਵੱਡੀ ਰਿਆਸਤ ਸੀ ਮਾਲੇਰਕੋਟਲਾ ਕਦੇ। ਸਿੱਖਾਂ ਨੇ ਬਾਰਬਾਰ ਇਸ 'ਤੇ ਹਮਲੇ ਕੀਤੇ ਤੇ ਹਰ ਹਮਲੇ ਵਿਚ ਰਿਆਸਤ ਦਾ ਕੋਈ ਨਾ ਕੋਈ ਇਲਾਕਾ ਉਨ੍ਹਾਂ ਦੇ ਹੱਥ ਲੱਗਦਾ ਰਿਹਾ। ਸੁੰਗੜ ਕੇ ਏਨੀ ਕੁ ਰਹਿ ਗਈ ਇਹ ਰਿਆਸਤ। ਬਸ, ਡੇਢ ਸ਼ਹਿਰ, ਇਕ ਮਾਲੇਰਕੋਟਲਾ, ਅੱਧਾ ਅਹਿਮਦਗੜ੍ਹ ਤੇ ਸੱਠ ਪਿੰਡ। ੧੭੫੭ ਵਿਚ ਆਲਾ ਸਿੰਘ ਨੇ ਇਸਦੇ ਪੁਹੀੜ ਤੇ ਸ਼ੇਰਪੁਰ ਨਾਮੀਂ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਉਸਦੇ ਪੋਤੇ ਅਮਰ ਸਿੰਘ ਨੇ ਈਸੜੂ ਤੇ ਪਾਇਲ ਖੋਹ ਲਏ। ਕੁਝ ਇਲਾਕਾ ਜੱਸਾ ਸਿੰਘ ਆਹਲੂਵਾਲੀਆ ਲੈ ਗਿਆ। ਚੂਹੜ ਸਿੰਘ ਭਦੌੜੀਆ ਕੰਗਨਵਾਲ ਖੋਹ ਕੇ ਲੈ ਗਿਆ। ਮਾਨ ਸਿੰਘ ਨੇ ਮਲੌਦ 'ਤੇ ਕਬਜ਼ਾ ਕਰ ਲਿਆ। ਰਣਜੀਤ ਸਿੰਘ ਨੇ ਮਾਲੇਰਕੋਟਲੇ 'ਤੇ ਧਾਵਾ ਬੋਲਿਆ ਤੇ ਇਕ ਲੱਖ ਦਾ ਨਜ਼ਰਾਨਾ ਮੰਗਿਆ। ਨਵਾਬ ਨੇ ਸਤਾਈ ਹਜ਼ਾਰ ਰੁਪਏ ਨਕਦ ਦੇ ਕੇ ਬਾਕੀ ਰਕਮ ਲਈ ਨਾਭਾ, ਜੀਂਦ ਤੇ ਕੈਥਲ ਤੋਂ ਜ਼ਮਾਨਤ ਦੁਆ ਦਿੱਤੀ। ਮਗਰੋਂ ਇਨ੍ਹਾਂ ਤਿੰਨਾਂ ਰਿਆਸਤਾਂ ਦੀ ਮਦਦ ਨਾਲ ਉਸਨੇ ਬੜੀ ਮੁਸ਼ਕਿਲ ਨਾਲ ਬਾਕੀ ਦੀ ਰਕਮ ਮੁਆਫ਼ ਕਰਾਈ। ਹੁਣ ਤੂੰ ਹਿਸਾਬ ਲਾ ਲੈ, ਕਿੰਨੇ ਕੁ ਹਮਦਰਦ ਸਨ ਇਥੋਂ ਦੇ ਨਵਾਬ ਸਿੱਖਾਂ ਦੇ।"

"ਇਹ ਸਭ ਇਸ ਕਿਤਾਬ 'ਚ ਲਿਖਿਐ?" ਨਿਸ਼ਚਾ ਕਰਨਾ ਚਾਹਿਆ ਆਬਿਦ ਨੇ।

"ਹੋਰ ਕੀ, ਮੈਂ ਆਪਣੇ ਵਲੋਂ ਦੱਸੀ ਜਾ ਰਿਹਾਂ? ਕਿਤਾਬ ਲੈ ਜਾ ਮੀਆਂ, ਘਰ ਬੈਠ ਕੇ ਤਸੱਲੀ ਨਾਲ ਪੜ੍ਹੀਂ। ਕਈ ਗ਼ਲਤਫ਼ਹਿਮੀਆਂ ਦੂਰ ਹੋ ਜਾਣਗੀਆਂ ਤੇਰੀਆਂ।" ਆਖਦੇ-ਆਖਦੇ ਕਿਤਾਬ ਆਬਿਦ ਅਲੀ ਵੱਲ ਵਧਾ ਦਿੱਤੀ ਦਿਨੇਸ਼ ਨੇ।

"ਮੀਆਂ, ਹਿੰਦੀ ਜਾਣਦਾ ਹੁੰਦਾ ਤਾਂ ਜ਼ਰੂਰ ਲੈ ਜਾਂਦਾ ਪਰ ਏਥੇ ਤਾਂ ਆਲਮ ਇਹ ਹੈ ਕਿ ਜ਼ਬਾਨੇ-ਯਾਰੇ-ਮਨ ਹਿੰਦੀ ਵਲੇ ਹਿੰਦੀ ਨਾ ਮੀ ਦਾਨਮ।"

"ਓਹ!" ਕਹਿਕੇ ਕਿਤਾਬ ਤਿਪਾਈ 'ਤੇ ਰੱਖ ਦਿੱਤੀ ਦਿਨੇਸ਼ ਨੇ।

"ਚਲ, ਮੈਂ ਦੱਸ ਤਾਂ ਰਿਹਾਂ ਤੈਨੂੰ ਰਿਆਸਤ ਦੀ ਤਾਰੀਖ਼।.........ਔਰੰਗਜ਼ੇਬ ਦੀ ਵਫ਼ਾਤ ਤੋਂ ਮਗਰੋਂ, ੧੭੫੬ ਵਿਚ, ਜਦੋਂ ਦੁੱਰਾਨੀ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ ਤਾਂ ਇਥੋਂ ਦੇ ਨਵਾਬ ਜਮਾਲ ਖ਼ਾਂ ਨੇ ਰਿਆਸਤ ਦੀ ਵਫ਼ਾਦਾਰੀ ਦਾ ਰੁਖ਼ ਦੁੱਰਾਨੀ ਵੱਲ ਮੋੜ ਦਿੱਤਾ। ਉਸਨੇ ਸਿੱਖਾਂ ਦੀ ਸਰਕੋਬੀ ਵਿਚ ਡਟ ਕੇ ਮਦਦ ਕੀਤੀ ਦੁੱਰਾਨੀ ਦੀ। ਉਸਨੇ ਆਲਾ ਸਿੰਘ ਦੀ ਧੌਣ ਨੱਪਣ ਵਿਚ ਜਲੰਧਰ ਦੇ ਫੌਜਦਾਰ ਅਸਦ ਅਲੀ ਦਾ ਸਾਥ ਦਿੱਤਾ। ਮਰਾਠਿਆਂ ਨੇ ਅਦੀਨਾ ਬੇਗ ਨੂੰ ਪੰਜਾਬ ਦਾ ਗਵਰਨਰ ਬਣਾਇਆ ਤਾਂ ਜਮਾਲ ਖ਼ਾਂ ਨੇ ਦੁੱਰਾਨੀ ਦੇ ਹੁਕਮ 'ਤੇ ਅਦੀਨਾ ਬੇਗ ਨੂੰ ਜਾ ਲਲਕਾਰਿਆ। ਫਿਲੌਰ ਦੇ ਮਕਾਮ 'ਤੇ ਜੰਗ ਹੋਈ, ਜਿਸ ਵਿਚ ਜਮਾਲ ਖ਼ਾਂ ਮਾਰਿਆ ਗਿਆ। ਉਸਦਾ ਬੇਟਾ ਭੀਖਨ ਖ਼ਾਂ ਨਵਾਬ ਬਣਿਆ ਤਾਂ ਉਸਨੇ ਦੁੱਰਾਨੀ ਦੇ ਸੂਬੇਦਾਰ-ਸਰਹਿੰਦ ਜ਼ੈਨ ਖ਼ਾਂ ਨੂੰ ਭਰਪੂਰ ਇਮਦਾਦ ਦਿੱਤੀ। ੧੭੬੨ ਵਿਚ ਜਦੋਂ ਸਿੱਖਾਂ ਨੇ ਸਰਹਿੰਦ 'ਤੇ ਹਮਲਾ ਕੀਤਾ ਤਾਂ ਭੀਖਨ ਖ਼ਾਂ ਆਪਣੀਆਂ ਫੌਜਾਂ ਲੈ ਕੇ ਜ਼ੈਨ ਖ਼ਾਂ ਦੀ ਮਦਦ 'ਤੇ ਜਾ ਪਹੁੰਚਿਆ। ਏਨੇ ਵਿਚ ਦੁੱਰਾਨੀ ਆਪ ਆ ਗਿਆ। ਉਸਨੇ ਰੋਹੀੜਾ ਦੇ ਮਕਾਮ 'ਤੇ ਸਿੱਖਾਂ ਨੂੰ ਕਰਾਰੀ ਹਾਰ ਦਿੱਤੀ। ਦੁੱਰਾਨੀ ਦੀਆਂ ਫੌਜਾਂ ਦੇ ਨਾਲ ਭੀਖਨ ਖਾਂ ਆਪ ਬਰਨਾਲੇ ਗਿਆ ਤੇ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰਨ 'ਚ ਕਾਮਯਾਬ ਹੋਇਆ। ਦੁੱਰਾਨੀ ਨੇ ਖ਼ੁਸ਼ ਹੋ ਕੇ ਭੀਖਨ ਖ਼ਾਂ ਨੂੰ ਆਪਣੇ ਨਾਂ ਦਾ ਸਿੱਕਾ ਜਾਰੀ ਕਰਨ ਦੀ ਇਜਾਜ਼ਤ ਦੇ ਦਿੱਤੀ।"

"ਮੇਰਾ ਦੇਖਿਆ ਹੋਇਐ ਉਹ ਸਿੱਕਾ। ਪਿਓਂਦੀ ਬੇਰ ਵਰਗਾ ਹੁੰਦਾ ਸੀ ਚਾਂਦੀ ਦਾ ਰੁਪਈਆ। ਇਕ ਪਾਸੇ 'ਲਾ ਇਲਾਹ ਇਲ ਲਿੱਲਾਹ' ਲਿਖਿਆ ਹੁੰਦਾ ਸੀ, ਦੂਜੇ ਪਾਸੇ 'ਰਿਆਸਤ ਮਾਲੇਰਕੋਟਲਾ।" ਆਬਿਦ ਅਲੀ ਨੇ ਆਖਿਆ।

"ਜ਼ਰੂਰ ਦੇਖਿਆ ਹੋਊਗਾ। ਸਾਡੇ ਘਰ ਬਹੁਤ ਹੁੰਦੇ ਸਨ ਇਹ ਸਿੱਕੇ। ਮੇਰੀ ਦਾਦੀ ਸਾਂਭ-ਸਾਂਭ ਰੱਖਦੀ ਹੁੰਦੀ ਸੀ ਕਿ ਮੇਰੀ ਸ਼ਾਦੀ 'ਤੇ ਦੁਲਹਿਨ ਲਈ ਚਾਂਦੀ ਦੇ ਜ਼ੇਵਰ ਬਣਨਗੇ।"

"ਤੁਸੀਂ ਪਾਏ ਚਾਂਦੀ ਦੇ ਜ਼ੇਵਰ ਭਾਬੀ ਜੀ?" ਸਕੀਨਾ ਨੇ ਮੁਸਕਰਾ ਕੇ ਰਜਨੀ ਤੋਂ ਪੁੱਛਿਆ।

"ਦਾਦੀ ਜੀ ਤਾਂ ਸਾਡੇ ਵਿਆਹ ਤੋਂ ਪਹਿਲਾਂ ਹੀ ਤੁਰ ਗਏ ਸੀ। ਸ਼ਾਇਦ ਜਾਂਦੇ ਹੋਏ ਨਾਲ ਹੀ ਲੈ ਗਏ ਸੀ ਸਿੱਕੇ।" ਦਿਨੇਸ਼ ਵੱਲ ਤੱਕਦਿਆਂ ਰਜਨੀ ਨੇ ਕਿਹਾ।

"ਤੁਸੀਂ ਔਰਤਾਂ ਕਦੇ ਜ਼ੇਵਰਾਂ ਦੀ ਦੁਨੀਆਂ ਤੋਂ ਬਾਹਰ ਨਿਕਲ ਕੇ ਵੀ ਦੇਖੋ ਬਾਕੀ ਦੀ ਦੁਨੀਆ ਕਿੰਨੀ ਖ਼ੂਬਸੂਰਤ ਹੈ।"

"ਮੈਂ ਤਾਂ ਮਜ਼ਾਕ ਕਰ ਰਹੀ ਸੀ, ਤੁਸੀਂ ਬੁਰਾ ਮੰਨ ਗਏ।" ਰਜਨੀ ਨੇ ਦਿਨੇਸ਼ ਦੀ ਆਵਾਜ਼ ਵਿਚ ਆਈ ਤਲਖ਼ੀ ਨੂੰ ਮਹਿਸੂਸ ਕਰਦਿਆਂ ਆਖਿਆ।

"ਇਕ ਕਿੱਸਾ ਸੁਣਾਉਂਦੇ ਹੁੰਦੇ ਸੀ ਸਾਡੇ ਵਾਲਿਦ ਮਰਹੂਮ, ਬਈ ਇਕ ਔਰਤ ਇਹ ਰੁਪਈਆ ਲੈ ਕੇ ਨਵਾਬ ਸ਼ੇਰ ਮੁਹੰਮਦ ਖ਼ਾਂ ਪਾਸ ਗਈ ਤੇ ਸਿੱਕੇ 'ਤੇ ਗੂਠਾ ਘਸਾਉਂਦਿਆਂ ਉਸਦੇ ਅੱਖਰ ਮੇਟ ਕੇ ਬੋਲੀ 'ਵੇ ਵੇਖੀਂ, ਆਹ ਸਿੱਕਾ ਖਰਾ ਹੈ ਜਾਂ ਖੋਟਾ?' ਸ਼ੇਰ ਮੁਹੰਮਦ ਖ਼ਾਂ ਨੇ ਸਿੱਕਾ ਉਸ ਤੋਂ ਲਿਆ ਤੇ ਉਂਗਲਾਂ ਨਾਲ ਹੀ ਗੱਭਿਓਂ ਤੋੜ ਕੇ ਕਿਹਾ, 'ਮਾਈ, ਦੇਖਣ 'ਚ ਚਾਂਦੀ ਖ਼ਾਲਿਸ ਦਿਸਦੀ ਐ।" ਆਬਿਦ ਅਲੀ ਬੋਲਿਆ।

"ਕੁਝ ਕਹਿ ਨਹੀਂ ਸਕਦਾ, ਇਹ ਵਾਕਿਆ ਸਹੀ ਹੈ ਜਾਂ ਮਨਘੜੰਤ। ਸ਼ੇਰ ਮੁਹੰਮਦ ਖ਼ਾਂ ਦੀ ਤਸਵੀਰ ਮੈਂ ਦੇਖੀ ਐ। ਤਕੜਾ ਤਾਂ ਬਹੁਤ ਸੀ ਉਹ। ਪਰ ਸਿੱਕਾ ਉਸਦੇ ਸਮੇਂ ਰਾਇਜ ਸੀ ਜਾਂ ਨਹੀਂ, ਇਹ ਕਹਿਣਾ ਮੁਸ਼ਕਿਲ ਹੈ। ਸਿੱਕਾ ਜਾਰੀ ਕਰਨ ਦੀ ਇਜਾਜ਼ਤ ਭੀਖਨ ਖ਼ਾਂ ਨੂੰ ਮਿਲੀ ਸੀ। ਹੋ ਸਕਦੈ, ਸਿੱਕਾ ਪਹਿਲਾਂ ਤੋਂ ਹੀ ਜਾਰੀ ਹੋਵੇ, ਭੀਖਨ ਖ਼ਾਂ ਨੂੰ ਆਪਣੇ ਨਾਮ ਦਾ ਸਿੱਕਾ ਜਾਰੀ ਕਰਨ ਦੀ ਇਜਾਜ਼ਤ ਮਿਲੀ ਹੋਵੇ।"

"ਚਲੋ ਖ਼ੈਰ।" ਆਬਿਦ ਅਲੀ ਨੂੰ ਕਹਾਣੀ ਅਗਾਂਹ ਤੋਰਨ ਦੀ ਕਾਹਲ ਸੀ।

"ਭੀਖਨ ਖ਼ਾਂ ਨੂੰ ਵੀ ਸਿੱਖਾਂ ਨੇ ਹੀ ਮਾਰਿਆ ਸੀ। ਭੀਖਨ ਖ਼ਾਂ ਦੀ ਮੌਤ 'ਤੇ ਨਕਸ਼ਾ ਹੀ ਬਦਲ ਗਿਆ ਰਿਆਸਤ ਦਾ। ਭੀਖਨ ਖ਼ਾਂ ਦੇ ਦੋ ਬੇਟੇ ਸਨ ਵਜ਼ੀਰ ਖ਼ਾਂ ਤੇ ਫਤਿਹ ਮੁਹੰਮਦ ਖ਼ਾਂ। ਭੀਖਨ ਖ਼ਾਂ ਮਰਿਆ ਤਾਂ ਅਜੇ ਦੋਵੇਂ ਨਾਬਾਲਿਗ ਸਨ। ਵੱਡੇ ਬੇਟੇ ਵਜ਼ੀਰ ਖ਼ਾਂ ਦੇ ਬਾਲਿਗ ਹੋਣ ਤਕ ਨਵਾਬ ਬਣਿਆ ਉਸਦਾ ਚਾਚਾ ਬਹਾਦੁਰ ਖ਼ਾਂ, ਪਰ ਫੇਰ ਸਾਲਾਂ-ਸਾਲ ਨਵਾਬੀ ਹੱਥ ਨਾ ਆਈ ਵਜ਼ੀਰ ਖ਼ਾਂ ਦੇ। ਬਹਾਦੁਰ ਖ਼ਾਂ ਮਰਿਆ ਤਾਂ ਗੱਦੀ ਉਸਦੇ ਦੂਜੇ ਚਾਚੇ ਉਮਰ ਖ਼ਾਂ ਨੇ ਹਥਿਆ ਲਈ। ਉਹ ਮਰਿਆ ਤਾਂ ਉਸ ਤੋਂ ਛੋਟਾ ਭਰਾ ਅਸਦੁੱਲਾ ਖ਼ਾਂ ਨਵਾਬ ਬਣ ਬੈਠਾ। ਅਸਦੁੱਲਾ ਮਰਿਆ ਤਾਂ ਭੀਖਨ ਖ਼ਾਂ ਦਾ ਸਭ ਤੋਂ ਛੋਟਾ ਭਰਾ ਅਤਾ-ਉੱਲਾ-ਖ਼ਾਂ ਨਵਾਬ ਬਣ ਗਿਆ। ੧੮੦੯ ਵਿਚ ਜਦੋਂ ਅੰਗਰੇਜ਼ਾਂ ਦੀ ਪਕੜ ਪੰਜਾਬ 'ਤੇ ਮਜ਼ਬੂਤ ਹੋਈ ਤਾਂ ਰਿਆਸਤ ਨੇ ਆਪਣੀ ਵਫ਼ਾਦਾਰੀ ਸਰ ਡੇਵਿਡ ਆਕਟਰਲੋਨੀ ਦੇ ਹੱਥ 'ਤੇ ਬੈਤ ਕਰ ਦਿੱਤੀ। ਇਸੇ ਦੀ ਮਦਦ ਨਾਲ, ਸੰਨ ੧੮੧੦ ਵਿਚ, ਅਤਾ-ਉੱਲਾ-ਖ਼ਾਂ ਦੇ ਮਰਨ 'ਤੇ ਵਜ਼ੀਰ ਖ਼ਾਂ ਨੂੰ ਨਵਾਬੀ ਨਸੀਬ ਹੋਈ। ਗਿਆਰਾਂ ਸਾਲ ਨਵਾਬੀ ਕੀਤੀ ਵਜ਼ੀਰ ਖ਼ਾਂ ਨੇ। ਉਸ ਤੋਂ ਮਗਰੋਂ ਉਸਦਾ ਬੇਟਾ ਅਮੀਰ ਖ਼ਾਂ ਨਵਾਬ ਬਣਿਆ। ਅਮੀਰ ਖ਼ਾਂ ਨੇ ਅਕਾਲੀਆਂ ਦੇ ਖ਼ਿਲਾਫ਼ ਅੰਗਰੇਜ਼ਾਂ ਦੀ ਮੁਹਿੰਮ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਉਸਨੇ ਮੁੱਦਕੀ ਦੀ ਜੰਗ ਵਿਚ ਵੀ ਸਿੱਖਾਂ ਦੇ ਖ਼ਿਲਾਫ਼ ਅੰਗਰੇਜ਼ਾਂ ਨੂੰ ਭਰਪੂਰ ਮਦਦ ਦਿੱਤੀ। ਉਸ ਤੋਂ ਮਗਰੋਂ ਉਸਦਾ ਬੇਟਾ ਮਹਿਬੂਬ ਅਲੀ ਖ਼ਾਂ ਤਖ਼ਤ 'ਤੇ ਬੈਠਿਆ। ਮਹਿਬੂਬ ਅਲੀ ਦੀ ਤਾਜ-ਪੋਸ਼ੀ 'ਤੇ ਲਾਰਡ ਹਾਰਡਿੰਗ ਆਪ ਆਇਆ ਸੀ ਏਥੇ ਤੇ ਨਜ਼ਰਾਨੇ ਦੇ ਤੌਰ 'ਤੇ ਰਿਆਸਤ ਨੂੰ ਮਹੇਰਨਾ, ਰਸੂਲਪੁਰ ਤੇ ਫਤਿਹਪੁਰ ਨਾਂ ਦੇ ਤਿੰਨ ਪਿੰਡ ਦੇ ਗਿਆ ਸੀ। ੧੮੫੭ ਦੀ ਜੰਗੇ-ਆਜ਼ਾਦੀ ਦੇ ਦੌਰਾਨ ਵੀ ਰਿਆਸਤ ਮਾਲੇਰਕੋਟਲਾ ਅੰਗਰੇਜ਼ਾਂ ਦੀ ਪੂਰੀ ਵਫ਼ਾਦਾਰ ਰਹੀ। ਅੰਗਰੇਜ਼ਾਂ ਨੇ ਜੀ. ਟੀ. ਰੋਡ ਤੇ ਲੁਧਿਆਣਿਓਂ ਨਿਕਲਦੀਆਂ ਦੂਜੀਆਂ ਸੜਕਾਂ ਦੀ ਹਿਫ਼ਾਜ਼ਤ ਮਾਲੇਰਕੋਟਲਾ ਜ਼ਿੰਮੇ ਲਾਈ ਸੀ। ਮਹਿਬੂਬ ਅਲੀ ਨੇ ਆਪ ਲੁਧਿਆਣੇ ਬੈਠ ਕੇ ਅੰਗਰੇਜ਼ਾਂ ਦੀ ਖ਼ਿਦਮਤ ਕੀਤੀ। ਉਥੇ ਹੀ ਉਸਦਾ ਇੰਤਕਾਲ ਹੋਇਆ।"

"ਰਿਆਸਤ ਕਾਹਦੀ ਸੀ, ਹਰ ਹਾਕਿਮੇ-ਵਕਤ ਦੀ ਪਿੱਠੂ ਸੀ।" ਸਕੀਨਾ ਨੇ ਟਿੱਪਣੀ ਕੀਤੀ।

"ਹਾਂ ਭਾਬੀ, ਨਵਾਬ ਇਫ਼ਤਿਖ਼ਾਰ ਅਲੀ ਖ਼ਾਂ ਨੇ ਜਦੋਂ ਕਾਂਗਰਸ ਛੱਡ ਕੇ ਅਕਾਲੀ ਦਲ ਦੇ ਟਿਕਟ 'ਤੇ ਐਮ. ਐਲ. ਏ. ਦੀ ਚੋਣ ਲੜੀ ਤਾਂ ਉਸ 'ਤੇ ਦਲ-ਬਦਲੀ ਦਾ ਇਲਜ਼ਾਮ ਲਾਇਆ ਗਿਆ। ਇਕ ਜਲਸੇ 'ਚ ਬੋਲਦਿਆਂ ਉਹਨੇ ਕਿਹਾ ਕਿ ਅਸੀਂ ਤਾਂ ਹਮੇਸ਼ਾ ਤੋਂ ਹੀ ਵਕਤ ਦੇ ਹਾਕਿਮ ਦਾ ਸਾਥ ਦਿੰਦੇ ਆਏ ਹਾਂ। ਪੰਜਾਬ ਵਿਚ ਜਦੋਂ ਤਕ ਕਾਂਗਰਸ ਦੀ ਸਰਕਾਰ ਸੀ, ਅਸੀਂ ਕਾਂਗਰਸੀ ਸੀ। ਹੁਣ ਅਕਾਲੀਆਂ ਦੀ ਸਰਕਾਰ ਹੈ, ਅਸੀਂ ਅਕਾਲੀ ਆਂ।"

"ਮੈਨੂੰ ਯਾਦ ਹੈ ਉਹ ਜਲਸਾ, ਤਪਿਆਂ ਵਾਲੇ ਮੁਹੱਲੇ 'ਚ ਹੋਇਆ ਸੀ।" ਆਬਿਦ ਅਲੀ ਨੇ ਤਾਈਦ ਕੀਤੀ।

"ਤਾਂ.......ਮਹਿਬੂਬ ਅਲੀ ਖ਼ਾਂ ੧੮੫੭ ਵਿਚ ਚਲ

ਵਸਿਆ। ਉਸਦਾ ਬੇਟਾ ਸਿਕੰਦਰ ਅਲੀ ਖ਼ਾਂ ਨਵਾਬ ਬਣ ਗਿਆ। ਸਿਕੰਦਰ ਅਲੀ ਦੇ ਕੋਈ ਔਲਾਦ ਨਹੀਂ ਸੀ। ਮਰਨ ਤੋਂ ਪਹਿਲਾਂ ਉਹਨੇ ਇਬਰਾਹੀਮ ਅਲੀ ਖ਼ਾਂ ਨੂੰ ਗੋਦ ਲੈ ਲਿਆ।"

"ਬੇਟਾ ਕੋਈ ਨਹੀਂ ਸੀ ਸ਼ਾਇਦ, ਬੇਟੀ ਸੀ, ਮੁਤਬੰਨਾ ਇਬਰਾਹੀਮ ਅਲੀ ਖ਼ਾਂ ਦੋਹਤਾ ਸੀ ਸ਼ਾਇਦ।" ਆਬਿਦ ਨੇ ਕਿਹਾ।

"ਹੋ ਸਕਦਾ ਹੈ।" ਦਿਨੇਸ਼ ਨੂੰ ਨਿਸ਼ਚੇਪੂਰਬਕ ਪਤਾ ਨਹੀਂ ਸੀ।

"੧੯੭੧ ਵਿਚ ਸਿਕੰਦਰ ਅਲੀ ਖ਼ਾਂ ਮਰਿਆ ਤਾਂ ਇਬਰਾਹੀਮ ਅਲੀ ਖ਼ਾਂ ਅਜੇ ਬੱਚਾ ਹੀ ਸੀ। ਉਸਦੇ ਬਾਲਿਗ਼ ਹੋਣ ਤੱਕ, ਯਾਨੀ ੧੯੭੫ ਤੱਕ, ਅੰਗਰੇਜ਼ਾਂ ਦਾ ਨੁਮਾਇੰਦਾ ਮਿਸਟਰ ਹੀਥ ਆਈ ਸੀ. ਐਸ. ਰਿਆਸਤ ਚਲਾਉਂਦਾ ਰਿਹਾ। ਬਾਲਿਗ਼ ਹੋ ਕੇ ਉਹ ਨਵਾਬ ਬਣਿਆ। ਉਸ ਤੋਂ ਮਗਰੋਂ ਗੱਦੀ ਤੇ ਬੈਠਿਆ ਅਹਿਮਦ ਅਲੀ ਖ਼ਾਂ, ਜਿਸਦੇ ਜ਼ਿਕਰ ਤੋਂ ਇਹ ਸਾਰੀ ਤਾਰੀਖ਼ ਬਿਆਨ ਹੋਈ ਹੈ ਅਜ ਮੇਰੇ ਕੋਲੋਂ।"

"ਸੁਭ਼ਾਨਅੱਲਾ ਦਿਨੇਸ਼! ਓਦਾਂ ਤਾਂ ਮੈਂ ਇਕ ਜ਼ਮਾਨੇ ਤੋਂ ਤੇਰੀ ਇਲਮੀਅਤ ਦਾ ਕਾਇਲ ਆਂ, ਪਰ ਅੱਜ ਤਾਂ ਤੂੰ ਮੈਨੂੰ ਆਪਣਾ ਮੁਰੀਦ ਬਣਾ ਲਿਆ।"

"ਮੱਛਰ ਬਹੁਤ ਹੋ ਰਹੇ ਨੇ ਬਾਹਰ, ਚਲੋ ਅੰਦਰ ਚਲ ਕੇ ਬੈਠੀਏ।" ਰਜਨੀ ਨੇ ਕੰਨ 'ਚ ਭੀਂ-ਭੀਂ ਕਰਦੇ ਮੱਛਰਾਂ ਨੂੰ ਹੱਥ ਨਾਲ ਪਰ੍ਹਾਂ ਹਟਾਉਂਦਿਆਂ ਕਿਹਾ।

"ਰਜਨੀ, ਮਾਲੇਰਕੋਟਲਾ ਦੇ ਪਹਿਲੇ ਅੱਖਰ ਮੰਮੇ ਤੋਂ ਹੀ ਇਸਦੀ ਪਹਿਚਾਨ ਕਾਇਮ ਹੈ। ਮੰਮਾ ਮੱਖੀ, ਮੰਮਾ ਮੱਛਰ, ਮੰਮਾ ਮੇਥੀ, ਮੰਮਾ ਮੁਸਲਮਾਨ। ਇਹੋ ਹੈ ਪਹਿਚਾਨ ਮਾਲੇਰਕੋਟਲਾ ਦੀ। ਮੱਛਰਾਂ ਨਾਲ ਦੋਸਤੀ ਨਹੀਂ ਪਾਵੇਂਗੀ ਤਾਂ ਏਥੇ ਰਹਿਣਾ ਔਖਾ ਹੋ ਜੂ।" ਦਿਨੇਸ਼ ਨੇ ਟਿੱਚਰ ਕੀਤੀ।

"ਲੈ ਬਈ, ਹੁਣ ਚੱਲੀਏ।" ਉਠ ਖਲੋਤਾ ਆਬਿਦ ਅਲੀ।

"ਓ ਭਰਾਵਾ, ਰੋਟੀ-ਰਾਟੀ ਖਾ ਕੇ ਚਲਿਆ ਜਾਈਂ।"

"ਰੋਟੀ ਫੇਰ ਕਿਸੇ ਦਿਨ। ਅਜੇ ਤਾਂ ਪੇਟ ਤੇਰੀ ਤਾਰੀਖ਼ਦਾਨੀ ਨਾਲ ਉੱਪਰ ਤਕ ਭਰਿਆ ਪਿਐ। ਇਹਨੂੰ ਹਜ਼ਮ ਹੋਣ ਦੇ।"

"ਚੰਗਾ ਬਈ, ਜਿਵੇਂ ਤੇਰੀ ਮਰਜ਼ੀ।"

"ਤੁਸੀਂ ਆਓ ਨਾ। ਕਲ੍ਹ ਸ਼ਾਮ ਦਾ ਖਾਣਾ ਸਾਡੇ ਨਾਲ ਖਾਓ। ਕਿਉਂ ਭਾਬੀ?" ਸਕੀਨਾ ਨੇ ਸੱਦਾ ਦਿੱਤਾ ਰਜਨੀ ਵੱਲ ਵੇਖ ਕੇ।

"ਜ਼ਰੂਰ ਆ ਜਾਂਗੇ ਸਕੀਨਾ ਭਾਬੀ, ਪਰ ਸ਼ਰਤ ਇਹ ਹੈ ਤੁਸੀਂ ਕਬਾਬ ਆਪਣੇ ਹੱਥੀਂ ਬਣਾਓਗੇ।" ਦਿਨੇਸ਼ ਨੇ ਫ਼ਰਮਾਇਸ਼ ਕੀਤੀ।

"ਅਸੀਂ ਭਾਈ ਜਾਨ! ਤੁਸੀਂ ਬਿਲਕੀਸ਼ ਦੇ ਹੱਥ ਦੇ ਕਬਾਬ ਖਾ ਕੇ ਤਾਂ ਦੇਖੋ, ਮੇਰੇ ਕਬਾਬਾਂ ਨੂੰ ਭੁੱਲ ਜੋਂ ਗੇ। ਹੁਣ ਇਹਨਾਂ ਬੁੱਢੇ ਹੱਥਾਂ 'ਚ ਏਨਾ ਦਮ ਨਹੀਂ ਕਿ ਸਿਲ-ਵੱਟਾ ਫੜ ਕੇ ਗੋਸ਼ਤ ਦਾ ਮਲੀਦਾ ਬਣਾ ਦੇਣ। ਬਿਲਕੀਸ਼ ਮਿਕਸੀ-ਮੁਕਸੀ 'ਚ ਕਰ ਲੈਂਦੀ ਐ। ਪਰ ਉਹਦੇ ਹੱਥ 'ਚ ਬਰਕਤ ਐ ਅੱਲਾ ਦੇ ਫ਼ਜ਼ਲ ਨਾਲ।" ਸਕੀਨਾ ਨੇ ਆਪਣੀ ਬੇਟੀ ਦੀ ਪ੍ਰਸ਼ੰਸਾ ਕੀਤੀ।

"ਆਈ ਹੋਈ ਐ ਬਿਲਕੀਸ਼ ਸਹੁਰੇ ਘਰੋਂ?" ਪੁੱਛਿਆ ਰਜਨੀ ਨੇ।

"ਆਉਣਾ ਕਿਹੜੇ ਵਲੈਤੋਂ ਏ ਭਾਬੀ। ਨਾਲ ਦੇ ਘਰ ਤਾਂ ਰਹਿੰਦੀ ਐ। ਇਹਨਾਂ ਦੇ ਭਤੀਜੇ ਨੂੰ ਹੀ ਤਾਂ ਵਿਆਹੀ ਹੋਈ ਐ।" ਸਕੀਨਾ ਨੇ ਦੱਸਿਆ।

"ਚਲੋ, ਕਲ੍ਹ ਨੂੰ ਉਹਦਾ ਇਮਤਿਹਾਨ ਈ ਸਹੀ। ਪਰ ਮੈਂ ਪੇਸ਼ਗੀ ਦੱਸ ਦਿੰਦਾ ਹਾਂ, ਤੁਹਾਡੇ ਹਥੋਂ ਬਣੇ ਕਬਾਬਾਂ ਦਾ ਮੁਕਾਬਲਾ ਨਹੀਂ ਕਰ ਸਕਣਗੇ ਉਹਦੇ ਹੱਥ ਦੇ ਕਬਾਬ।" ਦਿਨੇਸ਼ ਨੂੰ ਅਜੇ ਤਕ ਉਨ੍ਹਾਂ ਕਬਾਬਾਂ ਦਾ ਸਵਾਦ ਯਾਦ ਸੀ, ਜੋ ਉਸਦੇ ਕਦੀ-ਕਦਾਈਂ ਚੰਡੀਗੜ੍ਹੋਂ ਆਉਣ 'ਤੇ ਸਕੀਨਾ ਬਣਾ ਕੇ ਖਵਾਉਂਦੀ ਹੁੰਦੀ ਸੀ।

ਸ਼ਰਮਾ ਜਿਹੀ ਗਈ ਸਕੀਨਾ। ਬਾਹਰ ਤਕ ਛੱਡ ਕੇ ਆਏ ਦਿਨੇਸ਼ ਅਤੇ ਰਜਨੀ ਉਨ੍ਹਾਂ ਨੂੰ ਤੇ ਗੇਟ ਬੰਦ ਕਰਕੇ ਅੰਦਰ ਆ ਗਏ।

ਖਾਣੇ ਤੋਂ ਵਿਹਲੇ ਹੋਏ ਹੀ ਸਨ ਅਜੇ ਕਿ ਵੱਡੇ ਭਾਈ ਸਾਹਿਬ ਪਰਿਵਾਰ ਸਮੇਤ ਆ ਗਏ। ਉਨ੍ਹਾਂ ਦੀਆਂ ਦੋਵਾਂ ਨੂੰਹਾਂ ਨੇ ਰਜਨੀ ਤੇ ਦਿਨੇਸ਼ ਦੇ ਪੈਰੀਂ ਹੱਥ ਲਾਇਆ। ਭਾਈ ਸਾਹਿਬ ਤੇ ਉਨ੍ਹਾਂ ਦੇ ਦੋਵੇਂ ਪੁੱਤਰ ਤਾਂ ਦਿਨੇਸ਼ ਕੋਲ ਡ੍ਰਾਇੰਗ ਰੂਮ ਵਿਚ ਬੈਠ ਗਏ ਤੇ ਭਾਬੀ ਜੀ ਨੂਹਾਂ ਸਮੇਤ ਦੂਜੇ ਕਮਰੇ ਵਿਚ ਰਜਨੀ ਕੋਲ ਜਾ ਬੈਠੇ।

"ਕਿਵੇਂ ਲਗ ਰਿਹੈ ਦਿਨੇਸ਼?" ਭਾਈ ਸਾਹਿਬ ਨੇ ਪੁੱਛਿਆ।

"ਚੰਗਾ ਲੱਗ ਰਿਹੈ ਭਾਈ ਸਾਹਿਬ। ਬਹੁਤ ਦੇਰ ਦਾ ਆਪਣੀ ਧਰਤੀ ਤੋਂ ਦੂਰ ਬਗਾਨੀ ਧਰਤੀ 'ਤੇ ਪਿਆ ਹੋਇਆ ਸੀ। ਹਵਾ-ਪਾਣੀ ਉਥੇ ਵੀ ਮਿਲ ਰਿਹਾ ਸੀ ਪਰ ਉਥੋਂ ਦੀ ਮਿੱਟੀ ਇਹੋ ਜਿਹੀ ਨਮ ਨਹੀਂ ਸੀ। ਆਪਣੇ ਲੋਕਾਂ ਵਿਚ, ਅਪਣਿਆਂ ਦੇ ਨਾਲ, ਰਹਿਣਾ ਹਮੇਸ਼ਾ ਤੋਂ ਹੀ ਮੇਰੀ ਆਰਜ਼ੂ ਸੀ ਪਰ ਪਰਮਾਤਮਾ ਨੇ ਅੰਨ-ਜਲ ਹੀ ਚੰਡੀਗੜ੍ਹ ਦਾ ਲਿਖਿਆ ਹੋਇਆ ਸੀ, ਸੋ ਉਹ ਚੁਗਦਾ ਰਿਹਾ ਸਾਰੀ ਉਮਰ।"

"ਚਾਚਾ ਜੀ, ਹੁਣ ਮਾਲੇਰਕੋਟਲਾ ਵੀ ਉਹ ਪੁਰਾਣਾ ਮਾਲੇਰਕੋਟਲਾ ਨਹੀਂ ਰਿਹਾ। ਤੁਸੀਂ ਵੇਖ ਹੀ ਲਿਆ ਹੋਣੈ, ਕੈਸੀ-ਕੈਸੀ ਇੰਡਸਟਰੀ ਆ ਗਈ ਹੈ ਏਥੇ। ਕਿੰਨਾ ਐਕਸਪੈਨਸ਼ਨ ਹੋ ਗਿਐ ਸ਼ਹਿਰ ਦਾ। ਪ੍ਰਾਸਪੈਰਿਟੀ ਆਈ ਐ ਤਾਂ ਸੋਸ਼ਲ ਐਕਟੀਵਿਟੀ ਵੀ ਵਧ ਗਈ ਐ। ਹੁਣ ਏਥੇ ਕਲੱਬ ਨੇ, ਸਾਈਬਰ ਕੈਫ਼ੇ ਨੇ, ਕੇਸੀਨੋ ਨੇ।" ਵੱਡੇ ਭਾਈ ਸਾਹਿਬ ਦੇ ਵੱਡੇ ਬੇਟੇ

ਸ਼ਿਵਦਾਨ ਨੇ ਕਿਹਾ।

"ਹੁਣ ਏਥੇ ਮੁਸਲਮਾਨਾਂ ਦਾ ਇਕ-ਛਤਰ ਰਾਜ ਵੀ ਨਹੀਂ ਚਾਚਾ ਜੀ।" ਛੋਟਾ ਬੇਟਾ ਮਕਰੰਦ ਬੋਲਿਆ, "ਰਿਆਸਤ ਦੇ ਜ਼ਮਾਨੇ ਵਿਚ ਤਾਂ ਉਨ੍ਹਾਂ ਦਾ ਆਤੰਕ ਸਮਝ ਆਉਂਦਾ ਸੀ ਕਿਉਂਕਿ ਰਿਆਸਤ ਹੀ ਮੁਸਲਮਾਨਾਂ ਦੀ ਸੀ ਪਰ ਭਾਰਤ ਦੀ ਸੁਤੰਤਰਤਾ ਮਗਰੋਂ ਵੀ ਇਨ੍ਹਾਂ ਦਾ ਆਤੰਕ ਬਣਿਆ ਰਿਹਾ ਕਿਉਂਕਿ ਇਹ ਗਿਣਤੀ ਵਿਚ ਬਹੁਤੇ ਸੀ। ਹੁਣ ਇਹ ਦਬਦੇ ਨੇ ਸਾਡੇ ਤੋਂ। ਗਿਣਤੀ ਵਿਚ ਵੀ ਦੋ ਪ੍ਰਤੀਸ਼ਤ ਘੱਟ ਹੋ ਗਏ ਨੇ ਹਿੰਦੂਆਂ-ਸਿੱਖਾਂ ਦੇ ਮੁਕਾਬਲੇ। ਇਸ ਵਾਰ ਜੇ ਕਿਧਰੇ ਵੋਟਾਂ ਅਕਾਲੀਆਂ ਤੇ ਆਜ਼ਾਦ ਉਮੀਦਵਾਰ ਵਿਚ ਨਾ ਵੰਡੀਆਂ ਜਾਂਦੀਆਂ ਤਾਂ ਕਾਂਗਰਸ ਦੇ ਮੁਸਲਮਾਨ ਉਮੀਦਵਾਰ ਨੇ ਇਲੈਕਸ਼ਨ ਹਾਰ ਜਾਣੀ ਸੀ।"

ਧੱਕਾ ਜਿਹਾ ਲੱਗਾ ਦਿਨੇਸ਼ ਨੂੰ ਭਤੀਜੇ ਦੀ ਗੱਲ ਸੁਣ ਕੇ। ਉਸਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਮਾਲੇਰਕੋਟਲੇ ਦੇ ਲੋਕਾਂ ਦੀ ਸੋਚ ਵਿਚ ਏਡਾ ਵੱਡਾ ਫਰਕ ਆ ਜਾਵੇਗਾ ਕਿ ਉਹ ਜਨ-ਸੰਖਿਆ ਦਾ ਸੰਪ੍ਰਦਾਇਗਤ ਗਣਿਤ ਲਾ ਕੇ ਫੈਸਲਾ ਕਰਨਗੇ ਕਿ ਉਨ੍ਹਾਂ ਦਾ ਪ੍ਰਤੀਨਿਧ ਕੌਣ ਬਣੇਗਾ। ਕੀ ਰਿਆਸਤ ਦੇ ਇਤਿਹਾਸ ਤੋਂ ਨਵੀਂ ਪੋਚ ਨੇ ਇਹੋ ਸਿੱਖਿਆ ਹੈ ਕਿ ਇਥੇ ਹਿੰਦੂ ਹਮੇਸ਼ਾ ਦੂਜੇ ਦਰਜੇ ਦਾ ਸ਼ਹਿਰੀ ਬਣ ਕੇ ਰਿਹਾ ਹੈ? ਕਿਉਂ ਆ ਗਿਆ ਏਡਾ ਵੱਡਾ ਪ੍ਰੀਵਰਤਨ ਨਵੀਂ ਪੀੜ੍ਹੀ ਦੀ ਸੋਚ ਅੰਦਰ?

"ਹਾਂ ਦਿਨੇਸ਼, ਇਥੋਂ ਦਾ ਮਾਹੌਲ ਹੁਣ ਉਹ ਆਪਣੇ ਵੇਲੇ ਵਾਲਾ ਨਹੀਂ ਰਿਹਾ ਕਿ ਹਿੰਦੂ-ਮੁਸਲਮਾਨ ਵਿਚ ਕੋਈ ਫਰਕ ਹੀ ਨਹੀਂ ਸੀ। ਤੈਨੂੰ ਪਤਾ ਹੀ ਹੈ ਆਪਾਂ ਸਨਾਤਨ ਧਰਮ ਸਕੂਲ ਵਿਚ ਮੁਸਲਮਾਨ ਅਧਿਆਪਕਾਂ ਤੋਂ ਪੜ੍ਹੇ ਹਾਂ। ਇਸਲਾਮੀਆਂ ਸਕੂਲ ਵਿਚ ਵੀ ਇਕ ਸਰਦਾਰ ਜੀ ਪੜ੍ਹਾਉਂਦੇ ਰਹੇ ਸਾਰੀ ਉਮਰ। ਅਸੀਂ ਕਦੇ ਸੋਚਿਆ ਹੀ ਨਹੀਂ ਸੀ ਹਿੰਦੂ ਕੀ ਹੁੰਦਾ ਹੈ, ਮੁਸਲਮਾਨ ਕੀ ਹੁੰਦਾ ਹੈ। ਦੋਵੇਂ ਇਕ-ਦੂਜੇ ਦਾ ਪੂਰਾ ਧਿਆਨ ਰੱਖਦੇ ਸਨ। ਰਾਮ ਲੀਲ੍ਹਾ ਦੌਰਾਨ ਅਜ਼ਾਨ ਦੇ ਸਮੇਂ ਲਾਊਡ-ਸਪੀਕਰ ਬੰਦ ਕਰਕੇ ਸੀਨ ਵਿਚ ਰੋਕ ਲਿਆ ਜਾਂਦਾ ਸੀ। ਕਿਸੇ ਵਿਆਹ-ਸ਼ਾਦੀ ਦਾ, ਜਲੂਸ-ਜਲਸੇ ਦਾ ਬੈਂਡ-ਬਾਜਾ ਮਸਜਿਦ ਦੇ ਅਗੋਂ ਦੀ ਖਾਮੋਸ਼ ਹੋ ਕੇ ਲੰਘਦਾ ਸੀ। ਹੋਲੀ ਦੇ ਦਿਨ ਹੁੱਲੜ ਮਚਾਉਂਦੇ ਹੋਏ ਵੀ ਸਾਨੂੰ ਧਿਆਨ ਰਹਿੰਦਾ ਸੀ ਕਿ ਕਿਸੇ ਕੋਲੋਂ ਦੀ ਲੰਘਦੇ ਮੁਸਲਮਾਨ 'ਤੇ ਰੰਗ ਨਾ ਪਵੇ।" ਵੱਡਾ ਭਰਾ ਵੀ ਸ਼ਾਇਦ ਅਜੇ ਬਦਲੀ ਹੋਈ ਸੋਚ ਨਾਲ ਪੂਰਨ ਭਾਂਤ ਸਹਿਮਤ ਨਹੀਂ ਸੀ।

"ਉਹ ਠੀਕ ਹੈ ਪਾਪਾ। ਤੁਸੀਂ ਜਿੰਨੀਆਂ ਗੱਲਾਂ ਦੱਸੀਆਂ ਨੇ, ਉਨ੍ਹਾਂ ਵਿਚ ਹਿੰਦੂਆਂ ਦੀ ਸਹਿਣ-ਸ਼ੀਲਤਾ ਦੀ ਗੱਲ ਕੀਤੀ ਹੈ ਤੁਸੀਂ। ਮੁਸਲਮਾਨਾਂ ਨੇ ਹਿੰਦੂਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਕੀ ਕੀਤਾ ਹੈ ਕਦੀ? ਮੈਂ ਇਸਨੂੰ ਹਿੰਦੂਆਂ ਦੀ ਸਹਿਨਸ਼ੀਲਤਾ ਨਹੀਂ ਬੁਜ਼ਦਿਲੀ ਕਹਿੰਦਾ ਹਾਂ। ਰਿਆਸਤ ਦੇ ਸਮੇਂ ਤੋਂ ਹੀ ਮਹਿਕੂਮ ਹੋਣ ਦੀ ਜੋ ਭਾਵਨਾ ਉਨ੍ਹਾਂ ਦੇ ਅੰਦਰ ਘਰ ਕਰ ਗਈ ਸੀ, ਉਹ ਸੁਤੰਤਰਤਾ ਮਗਰੋਂ ਵੀ ਜਾਰੀ ਰਹੀ। ਰਿਆਸਤ ਦੇ ਸਮੇਂ ਮਾਲੇਰ ਦੇ ਹਿੰਦੂ ਅੱਗਰਵਾਲਾਂ ਨੂੰ ਮਾਲੇਰ ਛੱਡ ਕੇ ਕੋਟਲੇ ਵਿਚ ਰੀ-ਸੈਟਲ ਹੋਣਾ ਪਿਆ ਸੀ। ਕਿੰਨੇ ਹੀ ਅੱਗਰਵਾਲ ਪਰਿਵਾਰ ਲੁਧਿਆਣੇ ਫਿਰੋਜ਼ਪੁਰ ਜਾ ਵਸੇ। ਉਹ ਅਜੇ ਵੀ ਆਪਣੇ ਨਾਂ ਨਾਲ ਮਾਲੇਰੀ ਲਿਖਦੇ ਹਨ। ਫਿਰ ੧੯੩੫ ਵਿਚ, ਇਥੋਂ ਦੇ ਹਿੰਦੂਆਂ ਨੂੰ ਸ਼ਹਿਰ ਛੱਡ ਕੇ ਭੱਜਣਾ ਪਿਆ ਮੰਦਰ-ਮਸਜਿਦ ਦੇ ਝਗੜੇ ਕਾਰਨ। ਇਹ ਲੋਕ ਅਜੇ ਤਕ ਆਪਣੇ ਨੂੰ ਮਾਨਕਟਾਲਾ ਕਹਿੰਦੇ ਹਨ, ਮਾਲੇਰਕੋਟਲਾ ਦੇ ਰਿਸ਼ਤੇ ਤੋਂ।" ਰਤਾ ਜੋਸ਼ ਵਿਚ ਆ ਗਿਆ ਸੀ ਸ਼ਿਵਦਾਨ।

"ਇਹ ਗੱਲ ਨਹੀਂ ਹੈ ਬੇਟਾ।" ਸਮਝਾਉਣਾ ਚਾਹਿਆ ਦਿਨੇਸ਼ ਨੇ।" ਮਾਲੇਰ ਦੇ ਅੱਗਰਵਾਲ ਮੁਸਲਮਾਨਾਂ ਦੇ ਆਤੰਕ ਕਾਰਨ ਨਹੀਂ ਭੱਜੇ ਸਨ ਮਾਲੇਰ ਛੱਡ ਕੇ, ਸਿੱਖਾਂ ਦੇ ਹੱਲਿਆਂ ਤੋਂ ਪਰੇਸ਼ਾਨ ਹੋ ਕੇ ਭੱਜੇ ਸਨ। ਸੰਨ ਪੈਂਤੀ ਵਿਚ ਵੀ ਉਨ੍ਹਾਂ ਇਸ ਲਈ ਸ਼ਹਿਰ ਛੱਡਿਆ ਕਿ ਇਥੇ ਦੋ ਮਹੀਨੇ ਹੜਤਾਲ ਰਹੀ ਸੀ। ਉਨ੍ਹਾਂ ਦਾ ਕਾਰੋਬਾਰ ਬਰਬਾਦ ਹੋ ਰਿਹਾ ਸੀ, ਇਸ ਲਈ ਉਹ ਕਿਤੇ-ਕਿਤੇ ਜਾ ਵਸੇ।"

"ਸਿੱਖਾਂ ਦੇ ਹੱਲਿਆਂ ਤੋਂ ਡਰ ਕੇ ਮਾਲੇਰ ਦੇ ਮੁਸਲਮਾਨ ਕਿਉਂ ਨਾ ਭੱਜੇ? ਹੜਤਾਲ ਤੋਂ ਮੁਸਲਮਾਨਾਂ ਦਾ ਕਾਰੋਬਾਰ ਕਿਉਂ ਪ੍ਰਭਾਵਿਤ ਨਾ ਹੋਇਆ? " ਪੁੱਛਿਆ ਮਕਰੰਦ ਨੇ।

"ਮੁਸਲਮਾਨਾਂ ਕੋਲ ਸੀ ਹੀ ਕੀ? ਉਹ ਤਾਂ ਮਜ਼ਦੂਰ ਸਨ, ਵਰਕਿੰਗ ਕਲਾਸ। ਪੈਸਾ ਤਾਂ ਹਮੇਸ਼ਾ ਹਿੰਦੂਆਂ ਕੋਲ ਰਿਹਾ। ਹਿਫ਼ਾਜ਼ਤ ਦੀ ਲੋੜ ਵੀ ਹਿੰਦੂਆਂ ਨੂੰ ਹੀ ਸੀ। ਰਿਆਸਤ ਨੂੰ ਵੀ ਜਦੋਂ ਕਦੀ ਪੈਸੇ ਦੀ ਲੋੜ ਪੈਂਦੀ ਸੀ ਤਾਂ ਹਿੰਦੂਆਂ ਤੋਂ ਹੀ, ਕਰਜ਼ ਲੈਂਦੀ ਸੀ। ਮੁਸਲਮਾਨਾਂ ਨੇ ਕੀ ਦੇ ਦੇਣਾ ਸੀ।" ਦਲੀਲ ਦਿੱਤੀ ਦਿਨੇਸ਼ ਨੇ।

"ਨਹੀਂ ਦਿਨੇਸ਼, ਦਬ ਕੇ ਤਾਂ ਰਿਹਾ ਏਥੋਂ ਦਾ ਹਿੰਦੂ ਹਮੇਸ਼ਾ ਹੀ। ਹੁਣ ਮੰਦਰ-ਮਸਜਿਦ ਦਾ ਮਸਲਾ ਹੀ ਲੈ ਲਓ, ਜਿੱਤ ਤਾਂ ਅਖ਼ੀਰ ਮੁਸਲਮਾਨਾਂ ਦੀ ਹੀ ਹੋਈ ਨਾ।" ਵੱਡੇ ਭਰਾ ਨੇ ਆਖਿਆ।

"ਤੁਸੀਂ ਵੀ ਕਮਾਲ ਕਰਦੇ ਹੋ ਭਾਈ ਸਾਹਿਬ। ਇਸ ਵਿਚ ਜਿੱਤ-ਹਾਰ ਦਾ ਸਵਾਲ ਹੀ ਕਿੱਥੇ ਸੀ, ਇਨਸਾਫ਼ ਦੀ ਗੱਲ ਸੀ, ਇਨਸਾਫ਼ ਹੋ ਗਿਆ।" ਦਿਨੇਸ਼ ਨੇ ਮੋੜਵੀਂ ਦਲੀਲ ਦਿੱਤੀ।

"ਤੱਥ ਕੀ ਸਨ ਉਸ ਘਟਨਾ ਦੇ ਚਾਚਾ ਜੀ? " ਪੁੱਛਿਆ ਮਕਰੰਦ ਨੇ।

"ਬੇਟਾ! ਜਮਾਲਪੁਰਾ ਦਰਵਾਜ਼ੇ ਦੇ ਬਾਹਰ ਜਿਹੜੀ ਮਸਜਿਦ ਹੈ, ਉਸਦੀ ਕੰਧ ਸਾਂਝੀ ਹੈ ਮੰਦਰ ਦੇ ਨਾਲ। ਇਸ ਮੰਦਰ ਨੂੰ ਕਦੀ 'ਚੌਧਰੀਆਂ ਦੀ ਕੁਟੀ' ਕਿਹਾ ਜਾਂਦਾ ਸੀ। ਇਕ ਪੁਜਾਰੀ ਕਿਤੋਂ

ਯੂ. ਪੀ., ਸੀ. ਪੀ. ਤੋਂ ਆ ਬੈਠਿਆ ਇਸ ਮੰਦਰ 'ਚ। ਸਵੇਰੇ-ਸ਼ਾਮ ਨਮਾਜ਼ ਲਈ ਅਜ਼ਾਨ ਦੇ ਹੁੰਦਿਆਂ ਹੀ ਸ਼ੰਖ-ਘੜਿਆਲ ਵਜਾ ਕੇ ਆਰਤੀ ਕਰਨ ਲੱਗਾ। ਮੁਸਲਮਾਨਾਂ ਨੇ ਇਸ 'ਤੇ ਇਤਰਾਜ਼ ਕੀਤਾ ਕਿ ਨਮਾਜ਼ ਵਿਚ ਖ਼ਲਲ ਪੈਂਦਾ ਹੈ। ਪੁਜਾਰੀ ਅਤੇ ਉਸਦੇ ਭਗਤ ਅੜ ਗਏ ਕਿ ਤੁਸੀਂ ਹੁੰਦੇ ਕੌਣ ਹੋ ਸਾਨੂੰ ਰੋਕਣ ਵਾਲੇ। ਮਾਮਲਾ ਵਧ ਗਿਆ। ਹਿੰਦੂਆਂ ਨੇ ਹੜਤਾਲ ਕਰ ਦਿੱਤੀ। ਗੱਲ ਨਵਾਬ ਤਕ ਪਹੁੰਚੀ। ਨਵਾਬ ਨੇ ਸੋਚਿਆ ਕਿ ਜੇ ਉਹ ਹਿੰਦੂਆਂ ਨੂੰ ਮਨ੍ਹਾ ਕਰੇਗਾ ਤਾਂ ਹਿੰਦੂ ਨਾਰਾਜ਼ ਹੋਣਗੇ, ਮੁਸਲਮਾਨਾਂ ਨੂੰ ਰੋਕੇਗਾ ਤਾਂ ਮੁਸਲਮਾਨ ਵਿਗੜਣਗੇ। ਇਸ ਲਈ ਉਸਨੇ ਲੁਧਿਆਣਿਓਂ ਅੰਗਰੇਜ਼ ਮੈਜਿਸਟਰੇਟ ਬੁਲਵਾ ਲਿਆ ਕਿ ਮੁਕੱਦਮਾ ਸੁਣ ਕੇ ਫੈਸਲਾ ਕਰ ਦੇਵੇ। ਅੰਗਰੇਜ਼ ਨੇ ਕਿਹਾ, ਹਮ ਮੌਕਾ ਦੇਖੇਗਾ। ਸਵੇਰੇ ਦਸ ਵਜੇ ਦਾ ਸਮਾਂ ਦਿੱਤਾ ਉਸਨੇ ਮੌਕਾ-ਮੁਲਾਹਿਜ਼ੇ ਲਈ। ਪੁਜਾਰੀ ਨੇ ਵੱਡੀ ਗਿਣਤੀ ਵਿਚ ਹਿੰਦੂ ਇਕੱਠੇ ਕਰ ਲਏ। ਅੰਗਰੇਜ਼ ਨੇ ਕਿਹਾ 'ਚਲੋ, ਤੁਸੀਂ ਨਮਾਜ਼ ਪੜ੍ਹੋ ਤੇ ਤੁਸੀਂ ਆਰਤੀ ਕਰੋ, ਵੇਖਦੇ ਹਾਂ ਕੀ ਵਿਘਨ ਪੈਂਦਾ ਹੈ।' ਇਹ ਸੁਣਨ ਦੀ ਦੇਰ ਸੀ, ਹਿੰਦੂਆਂ ਨੇ ਸ਼ੰਖ-ਘੜਿਆਲ ਗੁੰਜਾ ਦਿੱਤੇ ਪਰ ਮੁਸਲਮਾਨਾਂ ਨੇ ਨਮਾਜ਼ ਪੜ੍ਹਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਨਮਾਜ਼ ਜਦੋਂ ਮਰਜ਼ੀ ਹੋਵੇ, ਉਦੋਂ ਨਹੀਂ ਪੜ੍ਹੀ ਜਾਂਦੀ, ਨਿਸ਼ਚਤ ਸਮੇਂ 'ਤੇ ਪੜ੍ਹੀ ਜਾਂਦੀ ਹੈ। ਅੰਗਰੇਜ਼ ਸਮਝ ਗਿਆ ਕਿ ਨਮਾਜ਼ ਦਾ ਸਮਾਂ ਤਾਂ ਨਿਸ਼ਚਤ ਹੈ, ਆਰਤੀ ਜਦੋਂ ਚਾਹੋ ਉਦੋਂ ਕੀਤੀ ਜਾ ਸਕਦੀ ਹੈ। ਉਸਨੇ ਫੈਸਲਾ ਸੁਣਾ ਦਿੱਤਾ ਕਿ ਨਮਾਜ਼ ਦੇ ਸਮੇਂ ਆਰਤੀ ਨਹੀਂ ਹੋਵੇਗੀ। ਹੁਣ ਦੱਸੋ, ਇਸ ਵਿਚ ਮੁਸਲਮਾਨਾਂ ਦੀ ਤਰਫ਼ਦਾਰੀ ਕਿਵੇਂ ਹੋ ਗਈ? ਇਨਸਾਫ਼ ਕਰਨ ਆਇਆ ਸੀ ਅੰਗਰੇਜ਼, ਇਨਸਾਫ਼ ਕਰ ਦਿੱਤਾ ਉਸਨੇ।"

"ਇਹੋ ਘਟਨਾ ਨਾਭੇ ਜਾਂ ਪਟਿਆਲੇ ਵਾਪਰੀ ਹੁੰਦੀ, ਤਾਂ?" ਪੁੱਛਿਆ ਸ਼ਿਵਦਾਨ ਨੇ।

"ਤਾਂ ਸ਼ਾਇਦ ਅੰਗਰੇਜ਼ ਨੂੰ ਬੁਲਾਇਆ ਹੀ ਨਾ ਜਾਂਦਾ। ਉਥੋਂ ਦਾ ਰਾਜਾ ਹੀ ਫੈਸਲਾ ਕਰ ਦਿੰਦਾ ਕਿ ਮੁਸਲਮਾਨ ਆਪਣੀ ਮਸਜਿਦ ਚੁੱਕ ਕੇ ਕਿਤੇ ਹੋਰ ਲੈ ਜਾਣ।"

"ਏਥੇ ਇਹ ਫੈਸਲਾ ਇਸ ਲਈ ਨਹੀਂ ਹੋਇਆ ਕਿਉਂਕਿ ਇਹ ਮੁਸਲਿਮ ਰਿਆਸਤ ਸੀ?" ਮਕਰੰਦ ਨੇ ਪੁੱਛਿਆ।

"ਏਥੇ ਮੁਸਲਿਮ ਸ਼ੌਵਨਿਜ਼ਮ ਨਹੀਂ ਸੀ, ਨਾਭੇ-ਪਟਿਆਲੇ ਵਿਚ ਹਿੰਦੂ ਜਾਂ ਸਿੱਖ ਸ਼ੌਵਨਿਜ਼ਮ ਸੀ।"

ਤੈਸ਼ 'ਚ ਆ ਕੇ ਵੀ ਚੁੱਪ ਰਹਿ ਗਿਆ ਸ਼ਿਵਦਾਨ ਪਰ ਉਸਨੇ ਜਿਵੇਂ ਗਰਦਨ ਘੁੰਮਾਈ, ਉਸਦੀ ਚੁੱਪ ਵੀ ਚਾਚੇ ਪ੍ਰਤੀ ਅਨਾਦਰ ਦੀਆਂ ਹੱਦਾਂ ਛੋਹ ਗਈ। ਵੱਡੇ ਭਰਾ ਨੇ ਗੱਲਬਾਤ ਵਿਚ ਆਈ ਤਲਖ਼ੀ ਨੂੰ ਬੁੱਝ ਲਿਆ ਤੇ ਵਿਸ਼ਾ ਬਦਲਣ ਦਾ ਯਤਨ ਕੀਤਾ।

"ਛੱਡੋ ਯਾਰੋ, ਕੀ ਪੀਹਣ ਪਾ ਲਿਐ ਤੁਸੀਂ। ਮਰ ਗਏ, ਮਰਾ ਗਏ ਪੁਰਾਣੇ ਲੋਕ......ਬੱਚੇ ਕਦੋਂ ਗਏ?"

"ਅੱਜ ਦੁਪਹਿਰੇ ਹੀ ਗਏ ਨੇ।" ਦਿਨੇਸ਼ ਨੇ ਵੀ ਵਿਸ਼ਾ-ਪ੍ਰੀਵਰਤਨ ਹੀ ਉਚਿਤ ਸਮਝਿਆ।

"ਮਿਲ ਕੇ ਨਹੀਂ ਗਏ ਜਾਂਦੀ ਵਾਰੀ।"

"ਭਾਈ ਸਾਹਿਬ, ਉਨ੍ਹਾਂ ਦਾ ਪ੍ਰੋਗਰਾਮ ਤਾਂ ਹਵੇਲੀ ਹੋ ਕੇ ਜਾਣ ਦਾ ਹੀ ਸੀ ਪਰ ਬਹੂਆਂ ਨੇ ਤਿਆਰ ਹੁੰਦੇ-ਹੁੰਦੇ ਦੁਪਹਿਰ ਪਾ ਲਈ। ਫੇਰ ਰਜਨੀ ਜ਼ਿਦ ਕਰਨ ਲੱਗੀ ਕਿ ਖਾਣੇ ਦਾ ਟਾਈਮ ਹੈ, ਖਾਣਾ ਖਾ ਕੇ ਹੀ ਜਾਵੋ। ਏਸੇ 'ਚ ਦੋ ਵਜ ਗਏ। ਅਖਿਲੇਸ਼ ਨੂੰ ਦਿੱਲੀ ਪਹੁੰਚਣ 'ਚ ਛੇ ਘੰਟੇ ਤਾਂ ਲੱਗਣਗੇ ਹੀ। ਅੱਠ-ਸਾਢੇ ਅੱਠ ਵਜੇ ਪਹੁੰਚਿਆ ਹੋਵੇਗਾ।"

"ਅਵਿਨਾਸ਼ ਨੇ ਤਾਂ ਲੁਧਿਆਣੇ ਹੀ ਜਾਣਾ ਸੀ। ਪੰਜਾਹ ਮਿੰਟਾਂ ਦਾ ਰਸਤਾ ਐ।"

"ਉਸਦੀ ਸਾਲੀ ਦਾ ਫ਼ੋਨ ਆ ਗਿਆ ਸੀ। ਉਹ ਸਵੇਰ ਦੀ ਪਰਿਵਾਰ ਸਮੇਤ ਲੁਧਿਆਣੇ ਪਹੁੰਚੀ ਹੋਈ ਹੈ।"

"ਅਖਿਲੇਸ਼ ਦੇ ਬੱਚੇ ਕਿਹੜੀ-ਕਿਹੜੀ ਕਲਾਸ 'ਚ ਨੇ?"

"ਵੱਡਾ ਬੇਟਾ ਡੱਬੂ ਤਾਂ ਅੱਠਵੀਂ 'ਚ ਹੈ। ਗੁੜੀਆ ਛੇਵੀਂ 'ਚ ਹੈ।"

"ਬੜਾ ਸ਼ਰਾਰਤੀ ਐ ਡੱਬੂ।" ਆਪਣਾ ਮੂਡ ਠੀਕ ਕਰਕੇ ਸ਼ਿਵਦਾਨ ਨੇ ਕਿਹਾ।

"ਬੱਚਾ ਤੇ ਬਾਂਦਰ ਜੇ ਸ਼ਰਾਰਤ ਨਾ ਕਰ ਰਹੇ ਹੋਣ ਤਾਂ ਸਮਝਣਾ ਚਾਹੀਦਾ ਹੈ ਕਿ ਬਿਮਾਰ ਨੇ।" ਭਾਈ ਸਾਹਿਬ ਬੋਲੇ।

"ਬੱਚਿਆਂ ਨੂੰ ਨਾਲ ਨਹੀਂ ਲਿਆਇਆ ਉਹ?"

"ਨਾਲ ਲਿਆ ਕੇ ਕੀ ਕਰਦਾ। ਚੰਡੀਗੜ੍ਹ ਦਾ ਘਰ ਖਾਲੀ ਕਰਨਾ ਸੀ। ਏਥੇ ਸਮਾਨ ਸੈਟ ਕਰਨਾ ਸੀ। ਬੱਚੇ ਕੁਝ ਵੀ ਨਾ ਕਰਨ ਦਿੰਦੇ ਮਾਂ-ਪਿਓ ਨੂੰ, ਆਪਣਾ ਹੀ ਘੜਮੱਸ ਪਾਈ ਰੱਖਦੇ।"

"ਉਹ ਤਾਂ ਹੈ। ਰਹਿ ਲੈਂਦੇ ਨੇ ਇਕੱਲੇ ਉਹ ਇਨ੍ਹਾਂ ਤੋਂ ਬਗੈਰ?"

"ਓਦਾਂ ਤਾਂ ਰਹਿ ਵੀ ਸਕਦੇ ਹਨ, ਡੱਬੂ ਕਾਫ਼ੀ ਸਮਝਦਾਰ ਹੈ, ਜ਼ਿੰਮੇਵਾਰ ਵੀ ਹੈ। ਪਰ ਐਤਕਾਂ ਤਾਂ ਸੁਨੰਦਾ ਆ ਗਈ ਸੀ ਬੱਚਿਆਂ ਕੋਲ ਰਹਿਣ ਲਈ।"

"ਸੁਨੰਦਾ ਕੌਣ?" ਪੁੱਛਿਆ ਮਕਰੰਦ ਨੇ।

"ਸਾਡੀ ਮਾਸੀ ਦੀ ਧੀ ਹੈ। ਉਥੇ ਦਿੱਲੀ ਹੀ ਰਹਿੰਦੀ ਹੈ।"

ਚਾਹ-ਪਾਣੀ ਪੀ ਕੇ, ਘੰਟਾ ਭਰ ਗੱਲਾਂ-ਗੱਪਾਂ ਮਾਰ ਕੇ, ਭਾਈ ਸਾਹਿਬ ਦਾ ਪਰਿਵਾਰ ਹਵੇਲੀ ਪਰਤ ਗਿਆ। ਦਿਨੇਸ਼ ਅਤੇ ਰਜਨੀ ਵੀ ਗੇਟ ਨੂੰ ਜੰਦਰਾ ਮਾਰ ਕੇ ਸੌਣ ਲਈ ਜਾ ਲੇਟੇ।

—੧੬੯, ਸੈਕਟਰ-੧੭,
ਪੰਚਕੂਲਾ-੧੩੪੧੦੯

ਪ੍ਰੋ. ਤਾਰਾ ਸਿੰਘ ਅਨਜਾਣ ਦੀਆਂ ਪੁਸਤਕਾਂ ਬਾਰੇ ਗੋਸ਼ਟੀ

—ਗੁਰਭੇਜ ਸਿੰਘ ਗੁਰਾਇਆ (ਦਿੱਲੀ)

ਨਵੀਂ ਦਿੱਲੀ ੬ ਦਸੰਬਰ : ਅੱਜ ਏਥੇ ਪ੍ਰਸਿੱਧ ਮਨੋਵਿਗਿਆਨੀ ਤੇ ਕਵੀ ਡਾ. ਜਸਵੰਤ ਸਿੰਘ ਨੇਕੀ ਨੇ ਪੰਜਾਬੀ ਭਵਨ ਵਿਚ ਇਕ ਵਿਚਾਰ ਗੋਸ਼ਟੀ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗੁਰਬਾਣੀ ਅਨੁਸਾਰ 'ਗੁਰ ਕੇ ਚਰਨ ਧੋਇ ਧੋਇ ਪੀਵਾ' ਵਾਲਾ ਗੁਰੂ ਚਰਨਾਂ ਵਾਲਾ ਹੀ ਹੋ ਸਕਦਾ ਹੈ। ਉਹ ਸ. ਤਾਰਾ ਸਿੰਘ ਅਨਜਾਣ ਦੀਆਂ ਵਾਰਤਕ ਤੇ ਇਤਿਹਾਸ ਸੰਬੰਧੀ ਰਚਨਾਵਾਂ ਬਾਰੇ ਕੀਤੀ ਵਿਚਾਰ ਗੋਸ਼ਟੀ ਵਿਚ ਮੁੱਖ ਮਹਿਮਾਨ ਵਜੋਂ ਭਾਸ਼ਣ ਦੇ ਰਹੇ ਸਨ। ਇਹ ਗੋਸ਼ਟੀ ਪੰਜਾਬੀ ਵਿਕਾਸ ਮੰਚ ਅਤੇ ਪੰਜਾਬੀ ਅਕਾਦਮੀ ਦੇ ਸਹਿਯੋਗ ਨਾਲ ਕਰਵਾਈ ਗਈ ਸੀ। ਇਸ ਗੋਸ਼ਟੀ ਦੀ ਪ੍ਰਧਾਨਗੀ ਸ. ਹਰਵਿੰਦਰ ਸਿੰਘ ਹੰਸਪਾਲ ਨੇ ਕੀਤੀ ਅਤੇ ਡਾ. ਨਰਿਦਰ ਸਿੰਘ ਤੇ ਡਾ. ਮਨਜੀਤ ਸਿੰਘ ਨੇ ਅਨਜਾਣ ਜੀ ਬਾਰੇ ਪਰਚੇ ਪੜ੍ਹੇ।

ਗੋਸ਼ਟੀ ਦਾ ਆਰੰਭ ਪੰਜਾਬੀ ਵਿਕਾਸ ਮੰਚ ਦੇ ਪ੍ਰਧਾਨ ਪ੍ਰੋ. ਰਣਜੀਤ ਸਿੰਘ ਜਨਰਲ ਸਕੱਤਰ ਸ੍ਰੀ ਐਨ. ਆਰ. ਗੋਇਲ ਤੇ ਅਕਾਦਮੀ ਦੇ ਸਾਬਕਾ ਡਿਪਟੀ ਸੈਕਟਰੀ ਸ੍ਰੀ ਜਗਦੀਸ਼ ਸਿੰਘ ਵਲੋਂ ਡਾ. ਨੇਕੀ, ਸ਼੍ਰੀ ਹੰਸਪਾਲ, ਡਾ. ਮਨਜੀਤ ਸਿੰਘ, ਡਾ. ਨਰਿਦਰ ਸਿੰਘ ਤੇ ਅਨਜਾਣ ਜੀ ਨੂੰ ਬੁਕੇ ਦੇ ਕੇ ਸਨਮਾਨ ਕਰਨ ਨਾਲ ਹੋਇਆ। ਪ੍ਰਸਿੱਧ ਗਲਪਕਾਰ ਤੇ ਅਧਿਆਪਕ ਆਗੂ ਸ੍ਰੀ ਜਗਦੀਸ਼ ਕੌਸ਼ਲ ਨੇ ਸਟੇਜ ਸੰਭਾਲਦਿਆਂ ਅਨਜਾਣ ਜੀ ਬਾਰੇ ਜਾਣਕਾਰੀ ਦੇਂਦਿਆਂ ਕਿਹਾ ਕਿ ਉਹ ਨਾਮਧਾਰੀ ਬਾਣੇ ਵਿਚ ਪੰਜਾਬੀ ਅਧਿਆਪਨ ਨੂੰ ਸਮਰਪਿਤ, ਪੰਜਾਬੀ ਦੇ ਪ੍ਰਚਾਰ ਪਸਾਰ ਲਈ ਕੰਮ ਕਰਨ ਵਾਲਾ ਅਧਿਆਪਕ ਆਗੂ ਰਿਹਾ ਹੈ। ਪਤਾ ਨਹੀਂ ਉਹ ਲਿਖਣ ਲਈ ਕਦੋਂ ਸਮਾਂ ਕੱਢ ਲੈਂਦਾ ਸੀ ਤੇ ਉਸ ਨੇ ਦੋ ਦਰਜਨ ਤੋਂ ਵੱਧ ਜੀਵਨੀਆਂ, ਇਤਿਹਾਸ ਤੇ ਨਿਬੰਧਾਂ ਦੀਆਂ ਪੁਸਤਕਾਂ ਲਿਖੀਆਂ ਅਤੇ ਪਾਠ ਪੁਸਤਕਾਂ ਸੰਪਾਦਿਤ ਕੀਤੀਆਂ। ਉਹ ਇਕ ਸਰਬ ਪੱਖੀ ਸ਼ਖਸੀਅਤ ਵਜੋਂ ਉਭਰਿਆ ਅਤੇ ਉਸ ਇਕ ਸੰਸਥਾ ਜਿੰਨਾ ਕੰਮ ਕੀਤਾ ਤੇ ਕਰ ਰਿਹਾ ਹੈ। ਉਹ ਅੱਜ ਦਾ ਇਕੋ ਇਕ ਵਾਰਤਕਕਾਰ ਹੈ।

ਦੇਸ਼ ਬੰਧੂ ਕਾਲਜ ਕਾਲਕਾ ਜੀ ਦੇ ਰੀਡਰ ਡਾ. ਨਰਿਦਰ ਸਿੰਘ ਨੇ ਆਪਣੇ ਪਰਚੇ ਵਿਚ ਕਿਹਾ ਕਿ ਪੰਜਾਬੀ ਸਾਹਿਤ ਵਿਚ "ਪਛਾਣ ਕੰਮ ਤੋਂ ਇਲਾਵਾ ਵੀ ਕਈ ਕਾਰਨਾਂ ਕਰਕੇ ਬਣਦੀ ਹੈ। ਇਹ ਕਾਰਨ ਸ਼ਾਇਦ ਅਨਜਾਣ ਪੈਦਾ ਨਹੀਂ ਕਰ ਸਕਿਆ, ਉਹ ਇਹਨਾਂ ਪੈਂਤੜਿਆਂ ਤੋਂ ਅਨਜਾਣ ਹੋਵੇਗਾ।" ਉਹਨਾਂ ਅੱਗੇ ਕਿਹਾ ਕਿ ਅਨਜਾਣ ਦਾ ਵਿਅਕਤਿਤਵ ਹੀ ਨਿਬੰਧਾਂ ਵਿਚ ਪੇਸ਼ ਹੈ ਜੋ Style is Man ਦਾ ਵਿਹਾਰਕ ਪੱਖ ਹੈ। ਇਸ ਦੇ ਨਿਬੰਧਾਂ ਦੀ ਇਕਸਾਰਤਾ ਕਿਤੇ ਖੰਡਤ ਨਹੀਂ ਹੁੰਦੀ, ਇਹ ਗੁਰਬਾਣੀ ਨੂੰ ਜੀਵਨ ਵਿਚ ਰਚਿਆ ਹੋਇਆ ਪ੍ਰਗਟ ਕਰਦੀ ਹੈ। ਲੇਖਕ ਆਪਣੇ ਪਾਠਕਾਂ ਨੂੰ ਤਰਕ ਵਿਧੀ ਰਾਹੀਂ ਨਾਲ ਤੋਰਦਾ ਹੈ, ਉਸਨੂੰ ਆਪਣੀ ਲਿਖਤ ਵਿਚ ਭਰਪੂਰ ਵਿਸ਼ਵਾਸ ਹੈ। ਇਹ Open Ended ਨਹੀਂ ਸਗੋਂ ਹਰ ਨਿਬੰਧ ਦਾ ਆਦਿ, ਮੱਧ ਤੇ ਅੰਤ ਹੈ। ਇਹ ਉਸਰਿਆ ਸਵਿਮਿੰਗ ਪੂਲ ਨਹੀਂ ਉਗਮਿਆਂ ਹੋਇਆ ਚਸ਼ਮਾ ਹੈ। ਇਸ ਦਾ ਵਿਸ਼ਾਲ ਗਿਆਨ ਭੰਡਾਰ ਗੁਰਬਾਣੀ, ਬਾਈਬਲ, ਉਪਨਿਸ਼ਦਾਂ ਤੇ ਹੋਰ ਗ੍ਰੰਥਾਂ ਨਾਲ ਭਰਪੂਰ ਹੈ। ਡਾ. ਨਰਿਦਰ ਸਿੰਘ ਨੇ ਅੰਤ ਵਿਚ ਕਿਹਾ ਕਿ ਇਸ ਵਾਰਤਕਕਾਰ ਬਾਰੇ ਸਾਡੀਆਂ ਸੰਸਥਾਵਾਂ ਨੂੰ ਫਰਾਖਦਿਲੀ ਨਾਲ ਸੋਚਣਾ ਚਾਹੀਦਾ ਹੈ। ਸੰਕੀਰਣਤਾ ਨੇ ਸਾਨੂੰ ਕਿਤਨੀ ਢਾਅ ਲਾਈ ਹੈ, ਅਸੀਂ ਕੋਈ ਅਨਜਾਣ ਤਾਂ ਨਹੀਂ।

ਦਿੱਲੀ ਯੂਨੀਵਰਸਿਟੀ ਦੇ ਰੀਡਰ ਡਾ. ਮਨਜੀਤ ਸਿੰਘ ਹੋਰਾਂ ਦਾ ਪਰਚਾ 'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' ਇਕ ਦਸਤਾਵੇਜ਼ੀ ਪੁਸਤਕ ਸੀ। ਡਾਕਟਰ ਸਾਹਿਬ ਅਨੁਸਾਰ ਇਸ ਪੁਸਤਕ ਵਿਚ ਸਿਰਲੇਖ ਦੇ ਐਨੇ ਅਨੁਕੂਲ ਭਾਰਤ ਦੀ ਜੰਗੇ ਆਜ਼ਾਦੀ ਦੇ ਮਹਾਂਨਾਇਕ ਅਤੇ ਧਾਰਮਿਕ ਅਧਿਆਤਮਕ ਆਗੂ ਸਤਿਗੁਰੂ ਰਾਮ ਸਿੰਘ ਦੀ ਕਥਨੀ, ਕਰਨੀ, ਉਪਦੇਸ਼ਾਂ ਅਤੇ ਉਹਨਾਂ ਦੁਆਰਾ ਆਰੰਭ ਕੀਤੀ ਗਈ ਕੂਕਾ ਲਹਿਰ ਦੇ ਉਦੇਸ਼ਾਂ ਪ੍ਰਭਾਵਾਂ ਤੇ ਸੰਘਰਸ਼ਾਂ ਦਾ ਜਗਦਾ ਮਘਦਾ ਬਿੰਬ ਸਿਰਜਿਆ ਗਿਆ ਹੈ। ਇਤਿਹਾਸ ਦੇ ਸਿਧਾਂਤਕ ਪਹਿਲੂਆਂ ਬਾਰੇ ਚਰਚਾ ਕਰਨ ਪਿਛੋਂ ਪਰਚਾ ਲੇਖਕ ਨੇ ਅਨਜਾਣ ਰਾਹੀਂ ਪੇਸ਼ ਕੀਤੇ ਇਸ ਪੁਸਤਕ ਦੇ ਇਤਿਹਾਸਕ ਪੱਖ ਦਾ ਵਿਸ਼ਲੇਸ਼ਣ ਕੀਤਾ ਤੇ ਕਿਹਾ ਹੈ ਕਿ ਕੂਕਾ ਲਹਿਰ ਬਹੁ ਆਯਾਮੀ ਲਹਿਰ ਸੀ, ਜਿਸਨੇ ਆਜ਼ਾਦੀ ਲਈ ਸਭ ਤੋਂ ਪਹਿਲਾਂ ਸੁਦੇਸ਼ੀ ਤੇ ਅੰਗਰੇਜ਼ਾਂ ਪ੍ਰਤੀ ਨਾਮਿਲਵਰਤਨ ਰਾਹੀਂ ਲੋਕ ਰਾਏ ਪ੍ਰਚੰਡ ਕਰਨ ਦੀ ਗੱਲ ਕਹੀ। ਕੱਟੜ ਦੇਸ਼ ਭਗਤ ਕੂਕੇ ਪ੍ਰਭੂ ਭਗਤ ਵੀ ਹਨ। ਲੇਖਕ ਅਨਜਾਣ ਦੀ ਅਣਕਹੀ ਗੱਲ ਦਾ ਵੀ ਜ਼ਿਕਰ ਕਰਦਾ ਹੈ। ਉਹ ਗੱਲ ਹੈ ਗੁਰੂ ਗੋਬਿੰਦ ਸਿੰਘ ਤੋਂ ਗੁਰੂ ਬਾਲਕ ਸਿੰਘ ਵਿਚਲਾ ਖੱਪਾ। ਜਿਸ ਮਸਲੇ ਬਾਰੇ ਸ੍ਰੀ ਅਮਰ ਭਾਰਤੀ ਨੇ 'ਸ੍ਰੀ ਦਸਮੇਸ਼ ਨੰਦੇੜ ਪਿਛੋਂ' ਵਿਚ ਚਰਚਾ ਛੇੜੀ ਹੈ। ਡਾ. ਮਨਜੀਤ

ਸਿੰਘ ਨੇ ਹੋਰ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਪਹਿਲਾਂ ਅਪਣਾਏ ਗਏ ਪੈਂਤੜਿਆਂ ਦੇ ਬਾਵਜੂਦ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਇਤਿਹਾਸ ਵਿਚ ਇਸ ਲਹਿਰ ਨੂੰ ਉਹ ਥਾਂ ਹਾਸਿਲ ਨਹੀਂ ਹੋ ਸਕੀ, ਜਿਸਦੀ ਇਹ ਹੱਕਦਾਰ ਹੈ। ਅਨਜਾਣ ਦਾ ਇਹੋ ਖੋਜ ਕਾਰਜ ਇਸ ਖੇਤਰ ਵਿਚ ਜ਼ਰੂਰ ਰੰਗ ਲਿਆਏਗਾ।

ਚਰਚਾ ਆਰੰਭ ਕਰਦਿਆਂ ਪ੍ਰੋ. ਰਣਜੀਤ ਸਿੰਘ ਨੇ ਕਿਹਾ ਪਰਚੇ ਬਹੁਤ ਵਧੀਆ ਪੇਸ਼ ਕੀਤੇ ਗਏ ਹਨ ਤੇ ਖੱਪੇ ਬਾਰੇ ਵਿਚਾਰ ਨਾਲ ਖੋਜ ਹੋਵੇ। ਉਹਨਾਂ ਕਿਹਾ ਸਿੱਖ ਦੇਹਧਾਰੀ ਗੁਰੂ ਤੋਂ ਬਿਨਾਂ ਵੱਖਰੀ ਵਿਚਾਰਧਾਰਾ ਦੇ ਧਾਰਨੀ ਹਨ। ਪੰਥ ਅਕਾਲ ਪੁਰਖ ਦਾ ਉਪਾਸ਼ਕ ਹੈ ਪਰ ਗੁਰ ਪ੍ਰਸਾਦ ਵਾਲੀ ਵੀ ਗੱਲ ਹੈ। ਸੋ ਗੁਰੂ ਦਾ ਥਾਂ ਵੀ ਹੈ। ਗੁਰਭੇਜ ਸਿੰਘ ਗੁਰਾਇਆ ਨੇ ਕਿਹਾ ਕਿ ਅਨਜਾਣ ਨੇ ਇਤਿਹਾਸ ਉਜਾਗਰ ਕੀਤਾ ਹੈ। ਜੇ ਕੂਕੇ ਨਾ ਹੁੰਦੇ ਤਾਂ ਸਿੱਖਾਂ ਦੀ ਕੁਰਬਾਨੀ ਤੇ ਕਿੰਤੂ-ਪ੍ਰੰਤੂ ਹੁੰਦਾ। ਇਹ 'ਕੱਲਾ ਸਿੱਖ ਲੇਖਕ ਹੈ ਜਿਹੜਾ ਸਭਹਨ ਕੇ ਸਿਰਮੌਰ (ਸੀ. ਬੀ. ਐਸ. ਈ. ਦੀ ਦਸਵੀਂ ਦੀ ਪਾਠ ਪੁਸਤਕ ਵਿਚ ਲੇਖ) ਹਰ ਸਾਲ ੪੦-੫੦ ਹਜ਼ਾਰ ਵਿਦਿਆਰਥੀਆਂ ਨੂੰ ਕੂਕਿਆਂ ਬਾਰੇ ਪੜ੍ਹਾ ਦਿੰਦਾ ਹੈ। ਮੰਚ ਦੀ ਇਸ ਗੋਸ਼ਟੀ ਨੇ ਇਤਿਹਾਸ ਦੇ ਅਣਗੌਲੇ ਪੰਨਿਆਂ ਦੇ ਲੇਖਕ ਨੂੰ ਅਣਗੌਲਿਆਂ ਨਹੀਂ ਰਹਿਣ ਦਿੱਤਾ।

ਸ. ਜਸਵਿੰਦਰ ਸਿੰਘ ਰਿਸਰਚ ਸਕਾਲਰ ਨੇ ਕਿਹਾ ਕਿ ਭਾਰਤ ਸਰਕਾਰ ਰਾਹੀਂ ਕੂਕਾ ਲਹਿਰ ਬਾਰੇ ਛਾਪੀ ਪੁਸਤਕ ਵਿਚ ਬਹਿਸ ਵਾਲੀਆਂ ਗੱਲਾਂ ਦੀ ਲੋੜ ਨਹੀਂ ਸੀ। ਉਂਜ ਦਸਤਾਵੇਜ਼ਾਂ ਵਿਚ ਬਹੁਤ ਕੁਝ ਹੈ।

ਅਵਤਾਰ ਸਿੰਘ ਸਰੀਂਹ ਨੇ ਨਾਮਧਾਰੀ ਲਹਿਰ ਦੇ ਸ਼ਾਨਾਂਮੱਤੇ ਇਤਿਹਾਸ ਦੀ ਪ੍ਰਸੰਸਾ ਕੀਤਾ ਤੇ ਨਾਲ ਹੀ ਖੱਪੇ ਵਾਲੀ ਗੱਲ ਵੀ ਕੀਤੀ।

ਡਾ. ਜਸਵੰਤ ਸਿੰਘ ਨੇਕੀ ਨੇ ਕਿਹਾ ਕਿ ਅਨਜਾਣ, ਅਨਜਾਣ ਨਹੀਂ ਹੈ ਪਰ ਇਸ ਦੇ ਅਣਗੌਲੇ ਰਹਿਣ ਦੇ ਕਾਰਨ ਇਸ ਦਾ ਪਿਛੇ ਰਹਿ ਕੇ ਕੰਮ ਕਰਨ, ਧਾਰਮਕ ਪ੍ਰੰਪਰਾਵਾਂ ਤੇ ਕਦਰਾਂ ਕੀਮਤਾਂ ਬਾਰੇ ਲਿਖਣਾ ਤੇ ਨਾਮਧਾਰੀ ਹੋਣਾ ਹੈ। ਉਹਨਾਂ ਹੋਰ ਕਿਹਾ ਕਿ ਗੁਰਬਾਣੀ ਦੇਹਧਾਰੀ ਗੁਰੂ ਦੀ ਵੀ ਗੱਲ ਕਰਦੀ ਹੈ। ਨਾਮਧਾਰੀ ਆਪਣੀ ਮਰਯਾਦਾ ਵਿਚ ਪਰਪੱਕ ਹਨ ਨਹੀਂ ਤਾਂ ਪੰਥ ਦਾ ਹਾਲ ਆਪਾਂ ਨੂੰ ਪਤਾ ਹੀ ਹੈ ਤੇ ਮਰਯਾਦਾ ਦਾ ਵੀ। ਮੈਂ ਸਿੱਖ ਸੰਸਥਾਵਾਂ ਨੂੰ ਲਿਖਿਆ ਸੀ ਕਿ ਗੁਰਬਾਣੀ ਦੀ ਸੋਧ ਵਾਲੇ ਬੱਚੇ ਤਿਆਰ ਕੀਤੇ ਜਾਣ। ਪੰਥਕ ਏਕਤਾ ਦੀ ਵੀ ਲੋੜ ਹੈ, ਸਾਰੇ ਇਕੱਠੇ ਹੋਈਏ ਈਸਾਈਆਂ ਵਾਂਗ, ਸਿੱਖ ਪੰਥ ਦੀਆਂ ਸਾਰੀਆਂ ਸੰਪਰਦਾਵਾਂ। ਅਨਜਾਣ ਬਾਰੇ ਉਹਨਾਂ ਕਿਹਾ ਕਿ ਇਹ ਸਦਾਚਾਰਕ ਕਦਰਾਂ ਕੀਮਤਾਂ ਦੀ ਗੱਲ ਤਾਂ ਕਰਦਾ ਹੈ ਪਰ ਤਿਗੜਮਬਾਜ ਨਹੀਂ।

ਸ. ਹਰਵਿੰਦਰ ਸਿੰਘ ਹੰਸਪਾਲ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਗੋਸ਼ਟੀ ਵਧੀਆ ਰਹੀ। ਅੰਗਰੇਜ਼ਾਂ ਨਾਲ ਨਾ ਮਿਲਵਰਤਨ ਕਾਰਨ ਦੇਸ਼ ਦੀ ਆਜ਼ਾਦੀ ਤੱਕ ਨਾਮਧਾਰੀ ਬੱਚੇ ਸਕੂਲਾਂ ਵਿਚ ਪੜ੍ਹੇ ਹੀ ਨਹੀਂ ਪਰ ਸਾਨੂੰ ਇਸ ਦਾ ਮਲਾਲ ਨਹੀਂ। ਹੁਣ ਪੜ੍ਹ ਰਹੇ ਹਨ, ਲਿਖ ਰਹੇ ਹਨ। ਹੁਣ ਅਨਜਾਣ ਸਾਡਾ ਇਕੋ ਇਕ ਇਤਿਹਾਸਕ ਲੇਖਕ ਹੈ, ਉਭਰ ਰਿਹਾ ਹੈ ਤੇ ਜਸਵਿੰਦਰ ਸਿੰਘ ਰਿਸਰਚ ਸਕਾਲਰ। ਉਹਨਾਂ ਹੋਰ ਕਿਹਾ ਕਿ ਅਨਜਾਣ ਉੱਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਏਨੀ ਕਿਰਪਾ ਹੈ ਕਿ ਉਹ ਇਹਨਾਂ ਨੂੰ ਕਦੀ ਅਨਜਾਣ ਨਹੀਂ ਕਹਿੰਦੇ ਸਦਾ ਤਾਰਾ ਸਿੰਘ ਕਹਿੰਦੇ ਹਨ। ਇਹਨਾਂ ਦੀ ਲਿਖੀ ਨਾਮਧਾਰੀ ਨਿਤਨੇਮ ਦੀ ਭੂਮਿਕਾ ਉਹਨਾਂ ਨੇ ਸਾਰੀ ਧਿਆਨ ਨਾਲ ਸੁਣੀ ਤੇ ਬਿਲਕੁਲ ਉਸੇ ਤਰ੍ਹਾਂ ਛਾਪਣ ਦੀ ਪ੍ਰਵਾਨਗੀ ਦਿੱਤੀ। ਤਾਰਾ ਸਿੰਘ ਅਨਜਾਣ ਨੇ ਸਭ ਵਿਦਵਾਨਾਂ, ਪ੍ਰਸੰਸਕਾਂ ਦਾ ਧੰਨਵਾਦ ਕੀਤਾ। ਜਗਦੀਸ਼ ਕੌਸ਼ਲ ਨੇ ਆਖਰੀ ਸ਼ਬਦ ਕਹੇ ਕਿ ਅਨਜਾਣ ਹੁਣ ਜਾਣਿਆ ਜਾਏਗਾ ਤੇ ਪਛਾਣਿਆ ਵੀ ਜਾਏਗਾ ਕਿਉਂਕਿ ਸਾਡੇ ਕੋਲ ਕਿੰਨੇ ਕੁ ਵਾਰਤਕਕਾਰ ਹਨ।

ਸੂਬਾ ਖਰਲ ਦੀ ਪੁਸਤਕ 'ਤੇ ਗੋਸ਼ਟੀ

—ਕਰਮ ਸਿੰਘ ਵਕੀਲ

ਕਵਿਤਾ ਕੇਂਦਰ ਚੰਡੀਗੜ੍ਹ ਵੱਲੋਂ ਪ੍ਰਾਚੀਨ ਕਲਾ ਕੇਂਦਰ ਦੇ ਸਹਿਯੋਗ ਨਾਲ ਸਵਰਨ ਸਿੰਘ ਵਿਰਕ ਅਤੇ ਸ਼੍ਰੀਮਤੀ ਸ਼ੋਭਾ ਕੌਸਰ ਦੀ ਪ੍ਰਧਾਨਗੀ 'ਚ ਕੂਕਾ ਅੰਦੋਲਨ ਬਾਰੇ ਗੋਸ਼ਟੀ ਕੀਤੀ। ਮੰਚ ਉਤੇ ਉਨ੍ਹਾਂ ਨਾਲ ਸੰਤ ਹਰਪਾਲ ਸਿੰਘ, ਡਾ. ਲਾਭ ਸਿੰਘ ਖੀਵਾ, ਕਰਮ ਸਿੰਘ ਵਕੀਲ, ਦਵਿੰਦਰ ਸਿੰਘ ਗਿੱਲ ਅਤੇ ਡਾ. ਬੀ ਕੇ ਪੰਨੂੰ ਪਰਵਾਜ਼ ਸ਼ਾਮਿਲ ਹੋਏ। ਡਾ. ਬੀ ਕੇ ਪੰਨੂੰ ਪਰਵਾਜ਼ ਨੇ ਸਵਾਗਤੀ ਸ਼ਬਦ ਕਹੇ ਤੇ ਕੇਂਦਰ ਬਾਰੇ ਹਾਜ਼ਰੀਨ ਨੂੰ ਦੱਸਿਆ।

ਕਰਮ ਸਿੰਘ ਵਕੀਲ ਨੇ ਸੂਬਾ ਸੁਰਿੰਦਰ ਕੌਰ ਖਰਲ ਦੀ ੧੧ਵੀਂ ਖੋਜ ਪੁਸਤਕ, "ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗਰਾਮੀ-ਨਾਮਧਾਰੀ ਸ਼ਹੀਦ"- ਤੇ ਗੋਸ਼ਟੀ ਸਮੇਂ, ਸਾਹਿਤਕ ਜਾਣ ਪਹਿਚਾਣ ਕਰਾਉਂਦੇ ਕਿਹਾ ਖਰਲ ਜੀ ਦਾ ਜਨਮ ਬਾਪੂ ਗੁਰਚਰਨ ਸਿੰਘ ਖਰਲ ਤੇ ਮਾਤਾ ਗੁਰਦੇਵ ਕੌਰ ਜੀ ਦੇ ਘਰ ੧੯-੧-੧੯੫੨ ਨੂੰ ਹੋਇਆ। ਇਤਿਹਾਸ ਦੀ ਐਮ. ਏ ਕਰ ਕੇ ਉਹ ਲਿਖਣ ਸੇਵਾ ਕਾਰਜ 'ਚ ਜੁਟ ਗਏ। ਉਨ੍ਹਾਂ ਕਹਾਣੀ, ਕਵਿਤਾ, ਲੇਖ, ਜੀਵਨੀ, ਬਾਲ ਸਾਹਿਤ, ਸਫਰਨਾਮੇ, ਖੋਜ ਪੇਪਰ ਤੇ ੧੫ ਪੁਸਤਕਾਂ ਲਿਖੀਆਂ ਅਨੇਕਾਂ ਰਾਸ਼ਟਰੀ ਤੇ

ਅੰਤਰਰਾਸ਼ਟਰੀ ਸਨਮਾਨ ਪ੍ਰਾਪਤ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪ੍ਰੈਲ ੧੯੯੪ 'ਚ ਉਨ੍ਹਾਂ ਨੂੰ ਨਾਮਧਾਰੀ ਪੰਥ ਵਿਚ ਸੂਬਾ ਥਾਪਿਆ। ਸਮਾਜ ਸੇਵੀ, ਨਾਮਧਾਰੀ ਦਰਬਾਰ ਦੇ ਪ੍ਰਚਾਰਕ ਖਰਲ ਅਨੇਕਾਂ ਸੰਸਥਾਵਾਂ ਦੇ ਮੈਂਬਰ ਤੇ ਅਹੁਦੇਦਾਰ ਨੇ।

ਸਵਰਨ ਸਿੰਘ ਵਿਰਕ, ਸ੍ਰੀਮਤੀ ਸ਼ੋਭਾ ਕੌਸਰ, ਸੰਤ ਹਰਪਾਲ ਸਿੰਘ, ਡਾ. ਲਾਭ ਸਿੰਘ ਖੀਵਾ, ਕਰਮ ਸਿੰਘ ਵਕੀਲ, ਦਵਿੰਦਰ ਸਿੰਘ ਗਿੱਲ, ਕਰਤਾਰ ਸਿੰਘ ਨੀਲਧਾਰੀ ਤੇ ਡਾ. ਬੀ. ਕੇ. ਪੰਨੂੰ ਪਰਵਾਜ਼ ਨੇ ਨਾਮਧਾਰੀ ਸ਼ਹੀਦ ਅਤੇ 'ਕੂਕਾ ਅੰਦੋਲਨ' ਦੇ ਬਾਨਾ-ਮੱਤੇ ਇਤਿਹਾਸਿਕ ਨੂੰ ਦਰਸਾਉਂਦੇ ਸਚਿੱਤ੍ਰ ਬਹੁਰੰਗੇ ਕੈਲੰਡਰ ਜਿਸ ਵਿਚ ਵਿਦਵਾਨਾਂ ਦੇ ਵਿਚਾਰ, ਬਾਰਾਂ ਮਾਹ, ੭੧ ਚਿੱਤਰ ਤੇ ਵੇਰਵਾ ਦਰਜ ਹੈ, ਦਾ ਵੀ ਵਿਮੋਚਨ ਕੀਤਾ।

ਕਵਿਤਾ ਕੇਂਦਰ ਤੇ ਸਤਿਸਵਰਨ ਯਾਦਗਾਰੀ ਲਾਇਬਰੇਰੀ, ਮਲੋਆ ਵੱਲੋਂ ਸੂਬਾ ਸੁਰਿੰਦਰ ਕੌਰ ਖਰਲ, ਸਵਰਨ ਸਿੰਘ ਵਿਰਕ, ਸੰਤ ਹਰਪਾਲ ਸਿੰਘ, ਡਾ. ਲਾਭ ਸਿੰਘ ਖੀਵਾ, ਦਵਿੰਦਰ ਸਿੰਘ ਗਿੱਲ, ਕਰਤਾਰ ਸਿੰਘ ਨੀਲਧਾਰੀ, ਸੰਤ ਰਤਨ ਸਿੰਘ ਰਤਨ, ਸੂਬਾ ਪਰਮਜੀਤ ਸਿੰਘ ਰਾਏ, ਤੇ ਸ਼ੋਭਾ ਕੌਸਰ ਨੂੰ ਸਨਮਾਨ ਚਿੰਨ, ਸ਼ਾਲ, ਪੁਸਤਕਾਂ ਦਾ ਸੈਟ ਅਤੇ ਬੁਕੇ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

ਸੂਬਾ ਸੁਰਿੰਦਰ ਕੌਰ ਖਰਲ ਨੇ ਕਿਹਾ ਮੈਂ ੧੫ ਸਾਲ ਖੋਜ ਕਰ ਕੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ 'ਚੋਂ ਕੱਢਣ ਵਾਲੇ ਮਹਾਨ ਕੂਕਾ ਸ਼ਹੀਦਾਂ ਤੇ ਅੰਦੋਲਨ ਦਾ ਇਤਿਹਾਸ ਸੰਜੋਇਆ ਹੈ। ਅੰਮ੍ਰਿਤਸਰ, ਮਾਲੇਰਕੋਟਲਾ ਤੇ ਰਾਏਕੋਟ 'ਚ ਹੋਏ ਸ਼ਹੀਦਾਂ, ਵਿਦੇਸ਼ਾਂ ਨਾਲ ਸੰਪਰਕ ਰੱਖਣ ਵਾਲੇ ਸੂਬਿਆਂ, ਕੂਕਾ ਔਰਤਾਂ, ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਤਕ ਹੋਈਆਂ ਕੁਰਬਾਨੀਆਂ ਤੇ ਸੰਘਰਸ਼ ਦਾ ਜ਼ਿਕਰ ਕੀਤਾ ਹੈ। ਸਾਰੇ ਸ਼ਹੀਦਾਂ ਬਾਰੇ ਸਾਰਾ ਕੁਝ ਇਕ ਕਿਤਾਬ 'ਚ ਲਿਖਣਾ ਮੁਸ਼ਕਲ ਹੈ।

ਪਹਿਲੇ ਖੋਜ ਪੇਪਰ 'ਚ ਡਾ. ਲਾਭ ਸਿੰਘ ਖੀਵਾ ਨੇ ਕਿਹਾ ੧੮੫੭ ਦੇ ਗਦਰ ਤੋਂ ਬਾਅਦ ਇਹ ਪ੍ਰਚਾਰਿਆ ਜਾ ਰਿਹਾ ਸੀ ਕਿ ਰਣਜੀਤ ਸਿੰਘ ਦੇ ਖਾਲਸਾ ਰਾਜ ਦੇ ਖਾਤਮੇ ਬਾਅਦ ਸਿੱਖਾਂ ਨੇ ਗਦਰ ਦੀ ਹਮਾਇਤ ਨਹੀਂ ਕੀਤੀ ਪਰ ਇਸ ਪੁਸਤਕ ਨੇ ਇਸ ਧਾਰਨਾ ਨੂੰ ਨਕਾਰਿਆ ਹੈ। ਸਟੇਟ ਵਿਰੁੱਧ ਲੜਨ ਲਈ ਆਪਣੀ ਮਤਾਵਾਜ਼ੀ ਜਾਂ ਸਮਾਨਅੰਤਰ ਸੰਕਲਪ, ਨਾਰਾ ਤੇ ਸੰਸਥਾਵਾਂ ਖੜੀਆਂ ਕਰਨ ਦੀ ਲੋੜ ਹੁੰਦੀ ਹੈ ਜੋ ਕੂਕਾ ਲਹਿਰ ਨੇ ਖੜੀਆਂ ਕਰ ਕੇ ਅੰਗਰੇਜ਼ਾਂ ਨੂੰ ਟੱਕਰ ਦਿੱਤੀ। ਰਾਜਨੀਤਕ ਪੱਧਰ ਤੇ ਇਹ ਲਹਿਰ ਆਪਣੀ ਮੰਜ਼ਿਲ ਤੱਕ ਪੁੱਜ ਸਕਦੀ ਸੀ ਜੇ ਵਿਰੋਧ ਤੇ ਝੂਠਾ ਪ੍ਰਚਾਰ ਕਰਨ ਥਾਂ ਪੰਜਾਬ ਦੇ ਰਾਜੇ, ਮਹੰਤ, ਸਿੰਘ ਸਭਾਵਾਂ ਅਤੇ ਖਾਲਸਾ ਦੀਵਾਨ ਵੀ ਇਸ ਦਾ ਸਾਥ ਦੇਂਦੇ। ਮਹਾਰਾਜ ਪ੍ਰਤਾਪ ਸਿੰਘ ਜੀ ਦੇ ਸਮੇਂ ਕੂਕਾ ਲਹਿਰ ਨੇ ਕਾਂਗਰਸ ਨਾਲ ਰਲ ਕੇ ਅਜ਼ਾਦੀ ਦੀ ਲੜਾਈ ਲੜੀ ਪਰ ਅਜ਼ਾਦੀ ਬਾਦ ਸੱਤਾ ਖਿਲਾਫ ਸੁਤੰਤਰ ਲੜਾਈ ਦਾ ਪੈਂਤੜਾ ਤਿਆਗ ਕੇ ਧਾਰਮਿਕ ਤੇ ਸਮਾਜਕ ਖੇਤਰ 'ਚ ਹੀ ਸਰਗਰਮ ਰਹੇ।

ਦੂਜੇ ਖੋਜ ਪੇਪਰ 'ਚ ਦਵਿੰਦਰ ਸਿੰਘ ਗਿੱਲ ਨੇ ਕਿਹਾ ਧਰਮ ਅਤੇ ਇਨਸਾਨੀਅਤ ਲਈ ਸ਼ਹਾਦਤ ਦੀ ਪ੍ਰੰਪਰਾ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਅਰੰਭ ਹੋਈ ਇਸੇ ਸਿਧਾਂਤ ਉਤੇ ਚਲਦੇ ਹੋਏ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਨੀਤੀ ਖਿਲਾਫ ਗਊ ਗਰੀਬ ਦੀ ਰੱਖਿਆ ਲਈ ੧੨-੪-੧੮੫੭ ਨੂੰ ਭੈਣੀ ਸਾਹਿਬ ਵਿਖੇ ਸੰਤ ਖਾਲਸਾ ਦੀ ਸਥਾਪਨਾ ਕੀਤੀ। ਨਾਮਧਾਰੀਆਂ ਇਸੇ ਉਤੇ ਅਮਲ ਕਰਦੇ ਅੰਮ੍ਰਿਤਸਰ, ਮਾਲੇਰਕੋਟਲਾ ਤੇ ਰਾਏਕੋਟ ਵਿਖੇ ਬੁੱਚੜਖਾਨਿਆਂ ਉਤੇ ਹਮਲੇ ਕੀਤੇ ਤੇ ਸ਼ਹਾਦਤਾਂ ਪਾਈਆਂ। ਖਰਲ ਜੀ ਨੇ ਇਨ੍ਹਾਂ ਸ਼ਹੀਦਾਂ ਬਾਰੇ ਮਹੱਤਵਪੂਰਨ ਖੋਜ ਕਰਕੇ ਵਡਮੁਲਾ ਤੇ ਸ਼ਲਾਘਾਯੋਗ ਕੰਮ ਕੀਤਾ ਹੈ।

ਤੀਜੇ ਖੋਜ ਪੇਪਰ 'ਚ ਸ. ਕਰਤਾਰ ਸਿੰਘ ਨੀਲਧਾਰੀ ਨੇ ਕਿਹਾ ਖਰਲ ਜੀ ਦਾ ਖੋਜ ਕੰਮ ਸਰਾਹੁਣਯੋਗ ਹੈ ਜੋ ਯੂਨੀਵਰਸਿਟੀਆਂ ਜਾਂ ਭਾਸ਼ਾ ਵਿਭਾਗ ਨੂੰ ਕਰਨਾ ਚਾਹੀਦਾ ਸੀ। ਉਨ੍ਹਾਂ ਕਿਹਾ 'ਨਾਮਧਾਰੀ ਸ਼ਹੀਦ' ਕਿਤਾਬ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਚੇਅਰ ਵਿਚ ਖੋਜ ਕੰਮ ਲਈ ਵਿਦਿਆਰਥੀਆਂ ਦੇ ਸਲੇਬਸ 'ਚ ਲਾਈ ਜਾਵੇ ਅਤੇ ਖਰਲ ਜੀ ਨੂੰ ਡਾਕਟਰੇਟ ਦੀ ਪਦਵੀ ਅਤੇ ਯੋਗ ਸਨਮਾਨ ਮਿਲਣਾ ਚਾਹੀਦੀ ਹੈ। ਨਾਮਧਾਰੀ ਸ਼ਹੀਦ ਰਾਹੀਂ ਖਰਲ ਜੀ ਨੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਭੇਟ ਕੀਤੀ ਹੈ। ਉਨ੍ਹਾਂ ਕਿਤਾਬ ਦੀਆਂ ਕਮਜ਼ੋਰੀਆਂ ਵੱਲ ਖਰਲ ਦਾ ਧਿਆਨ ਦਿਵਾਇਆ।

ਸੰਤ ਹਰਪਾਲ ਸਿੰਘ ਨੇ ਕ੍ਹਿਹਾ ਪੰਜਾਬੀਆਂ ਵੱਲੋਂ ਅਤੇ ਵਿਸ਼ੇਸ਼ ਤੌਰ ਤੇ ਨਾਮਧਾਰੀ ਸ਼ਹੀਦਾਂ ਵੱਲੋਂ ਅਜ਼ਾਦੀ 'ਚ ਪਾਏ ਯੋਗਦਾਨ ਨੂੰ ਪੂਰੀ ਤਰ੍ਹਾਂ ਪ੍ਰਚਾਰਿਆ ਤੇ ਘੋਖਿਆ ਨਹੀਂ ਗਿਆ ਜਦ ਕਿ ਇਨ੍ਹਾਂ ਦੋਹਾਂ ਦੀ ਅਹਿਮ ਭੂਮਿਕਾ ਰਹੀ। ਨਾਮਧਾਰੀ ਦਰਬਾਰ ਵੱਲੋਂ ਇਸ ਕਾਰਜ ਲਈ ਉਪਰਾਲੇ ਜਾਰੀ ਹਨ। ਖਰਲ ਜੀ ਦੀ ਖੋਜ ਪੁਸਤਕ ਇਸ ਵਿਸ਼ੇ ਤੇ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਨਾਮਧਾਰੀ ਦਰਬਾਰ ਵੱਲੋਂ ਉਚੇਚੇ ਉਪਰਾਲੇ ਕਰਕੇ ਗੋਸ਼ਟੀਆਂ ਰਾਹੀਂ ਤੇ ਜਨਤਕ ਸਮਾਰੋਹ ਕਰਕੇ ਖੋਜ ਕੰਮ ਜਨਤਾ

ਤੱਕ ਪਹੁੰਚਾਏ ਜਾ ਰਹੇ ਹਨ ਤਾਂ ਜੋ ਦੇਸ਼ ਭਗਤਾਂ ਦੀ ਯਾਦ ਤਾਜ਼ੀ ਕਰਕੇ ਲੋਕਾਂ 'ਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕੀਤਾ ਜਾਵੇ।

ਸੰਤ ਰਤਨ ਸਿੰਘ ਰਤਨ ਨੇ ਖਰਲ ਤੇ ਕੇਂਦਰ ਨੂੰ ਪੁਸਤਕ ਵਿਮੋਚਨ ਉਤੇ ਮੁਬਾਰਕਵਾਦ ਦਿੱਤੀ ਉਨ੍ਹਾਂ ਕਿਹਾ ਅੱਜ ਅਜਿਹੇ ਸਮਾਗਮਾਂ ਦੀ ਬਹੁਤ ਸਖਤ ਲੋੜ ਹੈ ਤਾਂ ਜੋ ਨੌਜਵਾਨਾਂ ਨੂੰ ਵਿਰਸੇ ਨਾਲ ਜੋੜਿਆ ਜਾ ਸਕੇ। ਗੋਸ਼ਟੀ ਦੌਰਾਨ ਗੁਰਨਾਮ ਕੰਵਰ ਤੇ ਸੂਬਾ ਪਰਮਜੀਤ ਸਿੰਘ ਰਾਏ ਤੇ ਅਜੀਤ ਸਿੰਘ ਮਠਾੜੂ ਨੇ ਵੀ ਵਿਚਾਰ ਪੇਸ਼ ਕੀਤੇ।

ਸੁਵਰਨ ਸਿੰਘ ਵਿਰਕ ਨੇ ਪੁਸਤਕ ਨੂੰ ਸਰਾਹਿਆ ਤੇ ਗੋਸ਼ਟੀ ਨੂੰ ਮਿਆਰੀ ਕਿਹਾ। ਉਨ੍ਹਾਂ ਕਿਹਾ ਇਕ ਸੰਪਰਦਾ ਦੇ ਸਮਾਗਮ ਨੂੰ ਸੰਪਰਦਾ ਤੋਂ ਬਾਹਰ ਹੋਰਨਾਂ ਨਾਲ ਵੀ ਜੋੜਨਾ ਤੇ ਆਮ ਲੋਕਾਂ ਨੂੰ ਇਸ ਬਾਰੇ ਦੱਸਣਾ ਸ਼ਲਾਘਾਯੋਗ ਕੰਮ ਹੈ। ੧੮੫੭ ਵੈਸਾਖੀ ਤੋਂ ਸ਼ੁਰੂ ਅੰਦੋਲਨ ਸਮਾਜ ਸੁਧਾਰ, ਨਾਰੀ ਮੁਕਤੀ, ਗਊ-ਗਰੀਬ ਦੀ ਰਾਖੀ ਤੇ ਜਨ ਚੇਤਨਾ ਦਾ ਉਦੇਸ਼ ਲੈ ਕੇ ਅੰਗਰੇਜ਼ਾਂ ਨੂੰ ਭਾਰਤ 'ਚ ਖਦੇੜਨ ਲਈ ਆਰੰਭਿਆ ਗਿਆ ਸੀ। ਉਨ੍ਹਾਂ ਸੋਚਿਆ ਵਿਉਪਾਰੀ ਦਾ ਵਿਉਪਾਰ ਨਹੀਂ ਚੱਲੂ ਉਹ ਆਪੀ ਭੱਜ ਜਾਊ ਇਸ ਲਈ ਹੀ ਸਤਿਗੁਰ ਜੀ ਨੇ ਨਾਮਿਲਵਰਤਣ ਤੇ ਸਵਦੇਸ਼ੀ ਸਮਾਨ ਵਰਤਣ ਦੀ ਕੂਕਿਆਂ ਨੂੰ ਸਿੱਖਿਆ ਦਿੱਤੀ ਜਿਸ ਨਾਲ ਅੰਗਰੇਜ਼ ਬੁਖਲਾ ਉਠੇ। ਖਰਲ ਜੀ ਨੇ ਇਸ ਵਿਸ਼ੇ ਨੂੰ ਉਜਾਗਰ ਕਰਨ ਲਈ ਸ਼ਲਾਘਾਯੋਗ ਖੋਜ ਕੀਤੀ ਹੈ।

ਅੰਤ 'ਚ ਧੰਨਵਾਦ ਮਤਾ ਪੇਸ਼ ਕਰਦਿਆਂ ਸ੍ਰੀਮਤੀ ਸ਼ੋਭਾ ਕੌਸਰ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਅਸੀਂ ਵਿਰਸਾ ਨਾ ਸਾਂਭਿਆ ਤਾਂ ਨੌਜਵਾਨ ਪ੍ਰੇਰਿਤ ਹੋਣ ਦੀ ਥਾਂ ਹੋਰ ਭਟਕਣਗੇ। ਲੋੜ ਅੱਜ ਵਿਰਸੇ ਨਾਲ ਸਮਾਜ ਤੇ ਖਾਸ ਤੌਰ ਤੇ ਨੌਜਵਾਨਾਂ ਨੂੰ ਜੋੜਨ ਦੀ ਹੈ। ਮੰਚ ਸੰਚਾਲਨ ਕਰਮ ਸਿੰਘ ਵਕੀਲ ਨੇ ਬਾਖੂਬੀ ਕੀਤਾ।

ਨਾਮਧਾਰੀ ਅੰਦੋਲਨ ਦੇ ੧੫੦ ਵਰ੍ਹਿਆਂ ਨੂੰ ਸਮਰਪਿਤ ਭਾਸ਼ਣ

ਸਥਾਨਕ ਹੰਸ ਰਾਜ ਮਹਿਲਾ ਮਹਾ ਵਿਦਿਆਲਿਆ ਜਲੰਧਰ ਵਿਖੇ ਪ੍ਰਿੰਸੀਪਲ ਜੁਨੇਸ਼ ਕਾਕੜੀਆ ਦੀ ਸਰਪ੍ਰਸਤੀ ਹੇਠ ਹਿਸਟਰੀ ਐਸੋਸੀਏਸ਼ਨ ਅਤੇ ਪੰਜਾਬੀ ਸਾਹਿਤ ਸਭਾ ਦੇ ਯਤਨਾਂ ਨਾਲ ੨੧ ਨਵੰਬਰ ੨੦੦੮ ਨੂੰ ਕੂਕਾ ਅੰਦੋਲਨ ਦਾ ਆਜ਼ਾਦੀ ਦੀ ਲਹਿਰ ਵਿਚ ਯੋਗਦਾਨ' ਵਿਸ਼ੇ ਉੱਪਰ ਸ. ਜਗਦੀਸ਼ ਸਿੰਘ ਵਰਿਆਮ ਨੇ ਵਿਸ਼ੇਸ਼ ਤੌਰ 'ਤੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਦੁਆਰਾ ਵਿਕਸਿਤ ਹੋਈ ਨਾਮਧਾਰੀ ਲਹਿਰ ਨੇ ਅੰਗਰੇਜ਼ੀ ਰਾਜ ਦੀਆਂ ਵਧੀਕੀਆਂ ਦਾ ਸਿੱਧੇ ਤੌਰ 'ਤੇ ਵਿਰੋਧ ਕੀਤਾ। ਉਨ੍ਹਾਂ ਔਰਤਾਂ ਦੀਆਂ ਸਮਾਜਿਕ ਸਮੱਸਿਆਵਾਂ, ਬਾਲ-ਵਿਆਹ ਦਾ ਵਿਰੋਧ, ਵਿਧਵਾ ਵਿਆਹ ਦੀ ਆਗਿਆ ਆਦਿ ਸਮਾਜਿਕ ਕੁਰੀਤੀਆਂ ਵਿਚ ਨਾਮਧਾਰੀ ਲਹਿਰ ਦੇ ਯੋਗਦਾਨ ਨੂੰ ਮਹਤੱਵਪੂਰਨ ਦੱਸਿਆ। ਉਹਨਾਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਇਸਤਰੀ ਜਾਤੀ ਦੇ ਉਥਾਨ ਲੜਕੀਆਂ ਨੂੰ ਪੜ੍ਹਾਉਣ, ਦਾਜ ਰਹਿਤ ਅਨੰਦ ਕਾਰਜ ਦੀ ਪ੍ਰਪਾਟੀ ਅਤੇ ਜੰਮਦੀਆਂ ਕੁੜੀਆਂ ਮਾਰਨ ਦੇ ਰਿਵਾਜ ਦੀ ਮੁਖਾਲਫਤ ਦਾ ਵਿਸਥਾਰ ਸਹਿਤ ਉਲੇਖ ਕੀਤਾ। ਇਹ ਵਰਨਣਯੋਗ ਹੈ ਕਿ ਇਹ ਲੈਕਚਰ ਸੈਸ਼ਨ ਨਾਮਧਾਰੀ ਅੰਦੋਲਨ ਦੇ ੧੫੦ ਵਰ੍ਹਿਆਂ ਨੂੰ ਸਮਰਪਿਤ ਸੀ। ਇਸ ਮੌਕੇ ਮੈਡਮ ਸਰੋਜ ਸ਼ਰਮਾ ਇੰਚਾਰਜ ਹਿਸਟਰੀ ਐਸੋਸੀਏਸ਼ਨ ਅਤੇ ਕੁਲਜੀਤ ਕੌਰ ਇੰਚਾਰਜ ਪੰਜਾਬ ਸਾਹਿਤ ਸਭਾ ਨੇ ਵਰਿਆਮ ਜੀ ਨੂੰ ਸਨਮਾਨਿਤ ਕੀਤਾ। ਇਸ ਲੈਕਚਰ ਸੈਸ਼ਨ ਵਿਚ ਵਿਦਿਆਰਥਣਾਂ ਨੇ ਭਰਪੂਰ ਦਿਲਚਸਪੀ ਦਿਖਾਈ।

ਸਵਰਗੀ ਸ. ਗੁਰਮੇਲ ਸਿੰਘ ਚੀਮਾ ਦੀ ਪੰਜਵੀਂ ਬਰਸੀ ਮੌਕੇ ਵਿਸ਼ਾਲ ਸਮਾਗਮ

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਜ਼ਿਲ੍ਹਾ ਕਪੂਰਥਲਾ ਦੇ ਸਾਬਕਾ ਪ੍ਰਧਾਨ ਨਵਤੇਜ ਸਿੰਘ ਚੀਮਾ ਦੇ ਪਿਤਾ ਸਵਰਗੀ ਸ. ਗੁਰਮੇਲ ਸਿੰਘ ਚੀਮਾ ਦੀ ਪੰਜਵੀਂ ਬਰਸੀ ਮੌਕੇ ਅੱਜ ਚੀਮਾ ਫ਼ਾਰਮ ਹਾਊਸ ਵਿਖੇ ਵਿਸ਼ਾਲ ਸਮਾਗਮ ਹੋਇਆ। ਸਵ. ਗੁਰਮੇਲ ਸਿੰਘ ਚੀਮਾ ਨੂੰ ਸ਼ਰਧਾਂਜਲੀਆਂ ਭੇਂਟ ਕਰਨ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਮੁੱਖ ਲੀਡਰ ਪਹੁੰਚੇ। ਜਿਸ ਵਿਚ ਨਾਮਧਾਰੀ ਸੰਪਰਦਾ ਦੇ ਪ੍ਰਮੁੱਖ ਸਤਿਗੁਰੂ ਜਗਜੀਤ ਸਿੰਘ, ਹੰਸ ਪਾਲ ਹੰਸ ਸਾਬਕਾ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ, ਰਾਣਾ ਗੁਰਜੀਤ ਸਿੰਘ ਮੈਂਬਰ ਪਾਰਲੀਮੈਂਟ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸਾਬਕਾ ਮੰਤਰੀ ਜਗਤਾਰ ਸਿੰਘ ਮੁਲਤਾਨੀ ਸੁੱਖਪਾਲ ਸਿੰਘ ਖਹਿਰਾ, ਇੰਦਰਜੀਤ ਸਿੰਘ ਖਲਿਆਣ, ਜੋਗਿੰਦਰ ਸਿੰਘ ਮਾਨ, ਮਲਵਿੰਦਰ ਸਿੰਘ ਚਾਹਲ, ਸੀ. ਡੀ. ਕੰਬੋਜ਼, ਤੇਜ਼ ਪ੍ਰਕਾਸ਼ ਸਿੰਘ ਆਦਿ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ ਪੰਜਾਬ ਸਰਕਾਰ ਦੇ ਵਿਰੋਧੀ ਧਿਰ ਦੇ ਨੇਤਾ ਰਜਿੰਦਰ ਕੌਰ ਭੱਠਲ ਵੀ ਉਚੇਚੇ ਤੌਰ 'ਤੇ ਪਹੁੰਚੇ ਅਤੇ ਚੀਮਾ ਪਰਿਵਾਰ ਨਾਲ ਦੁਖ ਸਾਂਝਾ ਕਰਦੇ ਹੋਏ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ ਪ੍ਰੈੱਸ ਨੂੰ ਸੰਬੋਧਨ ਕਰਦੇ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਜਿਸ ਤਰ੍ਹਾਂ ਕੁਦਰਤੀ ਵਾਤਾਵਰਨ ਨੂੰ ਗੰਧਲਾ ਕਰਨ ਵਾਲਿਆਂ ਵਿਰੁੱਧ ਪ੍ਰਸ਼ਾਸਨ ਅਪਣੀ ਕਾਰਵਾਈ ਕਰਦਾ ਹੈ। ਇਸ ਤਰ੍ਹਾਂ ਸਿਆਸਤ ਦੇ ਵਾਤਾਵਰਨ ਨੂੰ ਗੰਧਲਾ ਕਰਨ ਵਾਲੀਆਂ ਤਾਕਤਾਂ ਵਿਰੁੱਧ ਲੜਾਈ ਲੜਨ ਲਈ ਪਾਰਟੀਆਂ ਨੂੰ ਕਮਰਕਸੇ ਕਰਨ ਦੀ ਲੋੜ

ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ 'ਚ ਸਿਆਸਤ ਦੇ ਪਰਿਵਾਰਵਾਦ ਭਾਰੂ ਹੋ ਚੁੱਕਾ ਹੈ। ਜਿਸ ਕਾਰਨ ਪੰਜਾਬ ਦੂਸਰੇ ਸੂਬਿਆਂ ਤੋਂ ਪੱਛੜ ਜਾਵੇਗਾ।

ਉਨ੍ਹਾਂ ਕਿਹਾ ਕਿ ਪਾਰਟੀਆਂ ਨੂੰ ਸੁਚਾਰੂ ਸੋਚ ਰੱਖ ਕੇ ਲੋਕ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਜ਼ਿਮੀਂਦਾਰਾਂ ਦੀ ਫ਼ਸਲ ਮੰਡੀਆਂ 'ਚ ਰੁਲਦੀ ਰਹੀ ਕਿਸਾਨਾਂ ਨੂੰ ਵਰਤਣਯੋਗ ਬਿਜਲੀ ਨਹੀਂ ਮਿਲ ਰਹੀ। ਉਨ੍ਹਾਂ ਪਿਛਲੇ ਸਮੇਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਚੋਣਾਂ ਦੌਰਾਨ ਹੋਈਆਂ ਧਾਂਦਲੀਆਂ ਬਾਬਤ ਵੀ ਕਿਹਾ ਕਿ ਸਮਾਂ ਆਉਣ ਤੇ ਸਾਡੀ ਕਾਂਗਰਸ ਪਾਰਟੀ ਵਲੋਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇਗਾ।

੨੦੦੯ 'ਵਾਤਾਵਰਣ ਸਾਲ' ਵਜੋਂ ਮਨਾਇਆ ਜਾਵੇਗਾ : ਸੰਤ ਸੀਚੇਵਾਲ

ਪਵਿੱਤਰ ਕਾਲੀ ਵੇਈਂ ਨੂੰ ਪ੍ਰਦੂਸ਼ਣ ਮੁਕਤ ਕਰਨ 'ਚ ਸੰਗਤਾਂ ਦੇ ਸਹਿਯੋਗ ਨਾਲ ਮਿਲੀ ਸਫ਼ਲਤਾ ਤੋਂ ਬਾਅਦ ਪੰਜਾਬ ਦੇ ਦੂਜੀਆਂ ਵੇਈਆਂ, ਦਰਿਆਵਾਂ ਤੇ ਪਾਣੀ ਦੇ ਹੋਰ ਕੁਦਰਤੀ ਸੋਮਿਆਂ ਨੂੰ ਗੰਦਾ ਹੋਣ ਤੋਂ ਬਚਾਉਣ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਸਾਲ ੨੦੦੯ ਨੂੰ 'ਵਾਤਾਵਰਣ ਸਾਲ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ।

ਇਹ ਐਲਾਨ ਉਨ੍ਹਾਂ ਇਥੇ ਸੰਤ ਅਵਤਾਰ ਸਿੰਘ ਵਾਤਾਵਰਣ ਖੋਜ ਕੇਂਦਰ ਵਲੋਂ 'ਗੁਰਬਾਣੀ ਦੇ ਪ੍ਰੰਪੇਖ 'ਚ ਵਾਤਾਵਰਣ ਦੀ ਸੁਧਤਾ' ਵਿਸ਼ੇ 'ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਸੰਤ ਸੀਚੇਵਾਲ ਨੇ ਸੱਦਾ ਦਿੱਤਾ ਕਿ ਪਾਣੀ ਦੇ ਕੁਦਰਤੀ ਸੋਮਿਆਂ 'ਚ ਗੈਰ ਕਾਨੂੰਨੀ ਢੰਗ ਨਾਲ ਪਾਏ ਜਾ ਰਹੇ ਗੰਦੇ ਤੇ ਜ਼ਹਿਰੀਲੇ ਪਾਣੀਆਂ ਨੂੰ ਰੋਕਣ ਲਈ ਲੋਕ ਇਸ ਵਿਰੁੱਧ ਡਟ ਜਾਣ।

ਮਾਲ ਮੰਤਰੀ ਅਜੀਤ ਸਿੰਘ ਕੋਹਾੜ ਨੇ ਕਿਹਾ ਕਿ ਸੰਤ ਸੀਚੇਵਾਲ ਵੱਲੋਂ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਦੇ ਜਿਹੜੇ ਵੀ ਪ੍ਰੋਗਰਾਮ ਉਲੀਕੇ ਜਾਣਗੇ, ਸਰਕਾਰ ਉਨ੍ਹਾਂ 'ਚ ਪੂਰਾ ਪੂਰਾ ਸਹਿਯੋਗ ਦੇਵੇਗੀ। ਪਰਵਾਸੀ ਭਾਰਤੀਆਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਪੰਜਾਬ ਦਾ ਵਾਤਾਵਰਣ ਬੜੀ ਤੇਜ਼ੀ ਨਾਲ ਗੰਧਲਾ ਹੋ ਰਿਹਾ ਹੈ। ਵੈਨਕੂਵਰ ਤੋਂ ਆਏ ਰਘਬੀਰ ਸਿੰਘ ਬੈਂਸ ਤੇ ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਕਾਰ ਸੰਤ ਸੀਚੇਵਾਲ ਵੱਲੋਂ ਸਾਲ ੨੦੦੯ ਨੂੰ ਵਾਤਾਵਰਣ ਸਾਲ ਵਜੋਂ ਮਨਾਉਣ ਦੇ ਕੀਤੇ ਫੈਸਲੇ 'ਚ ਸਹਿਯੋਗ ਦੇਵੇ।

ਪਦਮਸ਼੍ਰੀ ਰਾਜ ਗਾਇਕ ਹੰਸ ਰਾਜ ਹੰਸ ਨੇ ਕਿਹਾ ਕਿ ਜੋ ਚੇਤਨਾ ਸੰਤ ਸੀਚੇਵਾਲ ਨੇ ਪੰਜਾਬ ਵਾਸੀਆਂ ਦੇ ਮਨਾਂ 'ਚ ਪੈਦਾ ਕੀਤੀ ਹੈ ਉਹ ਸ਼ਲਾਘਾਯੋਗ ਹੈ। ਇਸ ਮੌਕੇ ਪ੍ਰੋ. ਨਿਰੰਜਣ ਸਿੰਘ ਢੇਸੀ, ਪ੍ਰੋ. ਹਰਬੰਸ ਸਿੰਘ ਚਾਹਲ, ਪ੍ਰਿੰਸੀਪਲ ਕੇਵਲ ਸਿੰਘ ਪਰਵਾਨਾ, ਸੰਤ ਸੁਖਜੀਤ ਸਿੰਘ, ਸੁਰਜੀਤ ਸਿੰਘ ਸ਼ੰਟੀ, ਤਰਸੇਮ ਸਿੰਘ, ਬਚਿੱਤਰ ਸਿੰਘ ਤਲਵੰਡੀ ਮਾਧੋ, ਬਲਦੇਵ ਸਿੰਘ ਸਰਪੰਚ ਨਿਹਾਲੂਵਾਲ, ਮਹਿੰਦਰ ਕੁਮਾਰ, ਰਣਬੀਰ ਸਿੰਘ ਵੀ ਸ਼ਾਮਲ ਸਨ। ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਤੇ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।

ਮਾਤਾ ਅਤਰ ਕੌਰ ੧੦੫ ਸਾਲ ਸੰਪੂਰਨ ਕਰ ਗਏ

ਮਾਤਾ ਅਤਰ ਕੌਰ ਉਮਰ ੧੦੫ ਸਾਲ ਸੁਪਤਨੀ ਸਵ. ਸੰਤ ਖੜਕ ਸਿੰਘ ਨਾਮਧਾਰੀ ਜੋ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਉਹਨਾਂ ਦੇ ਸਪੁੱਤਰ ਸੰਤ ਸੇਵਾ ਸਿੰਘ ਵਾਸੀ ੫੯, ਕਮਲ ਪਾਰਕ, ਨਜ਼ਦੀਕ ਅਮਨ ਨਗਰ ਜਲੰਧਰ ਦੇ ਗ੍ਰਹਿ ਵਿਖੇ ਰਖੇ ਸਾਧਾਰਨ ਪਾਠ ਦਾ ਭੋਗ ਮਿਤੀ ੨੪-੮-੦੮ ਦਿਨ ਐਤਵਾਰ ਨੂੰ ਧਰਮਪਾਲ ਦਾਦਾ ਐਸ. ਡੀ. ਪਬਲਿਕ ਸਕੂਲ, ਅਮਨ ਨਗਰ ਜਲੰਧਰ ਵਿਖੇ ਪਾਇਆ ਗਿਆ। ਇਸ ਮੌਕੇ ਤੇ ਸੰਤ ਬਲਬੀਰ ਸਿੰਘ, ਸੁਰਿੰਦਰ ਸਿੰਘ ਅਤੇ ਇਹਨਾਂ ਦੇ ਸਹਿਯੋਗੀ ਜੱਥੇ ਵਲੋਂ ਹੱਲੇ ਦਾ ਦੀਵਾਨ ਲਗਾਇਆ ਗਿਆ। ਉਪਰੰਤ ਜੱਥੇਦਾਰ ਇਕਬਾਲ ਸਿੰਘ ਭੈਣੀ ਸਾਹਿਬ ਵੱਲੋਂ ਹੱਲੇ ਦੇ ਦੀਵਾਨ ਲਗਾਂਦਿਆਂ ਉਹਨਾਂ ਨੇ ਆਖਿਆ ਕਿ ਮਾਤਾ ਅਤਰ ਕੌਰ ਜੀ ਇਕ ਆਦਰਸ਼ਕ ਅਤੇ ਧਾਰਮਿਕ ਖਿਆਲਾਂ ਵਾਲੇ ਸਨ ਜਿਨ੍ਹਾਂ ਨੇ ਪੂਰੀ ਜ਼ਿੰਦਗੀ ਸਤਿਗੁਰੂ ਜੀ ਵੱਲੋਂ ਦੱਸੀ ਹੋਈ ਮਰਿਯਾਦਾ ਅਨੁਸਾਰ ਭਜਨ ਬੰਦਗੀ ਕਰਦਿਆਂ ਹੋਇਆ ਜੀਵਨ ਬਤੀਤ ਕੀਤਾ ਅਤੇ ਹਰ ਇਕ ਨੂੰ ਮਰਿਯਾਦਾ ਵਿਚ ਰਹਿਣ ਲਈ ਪ੍ਰੇਰਦੇ ਰਹੇ।

ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸਿਆਸੀ, ਧਾਰਮਿਕ ਸ਼ਖਸੀਅਤਾਂ ਨੇ ਮਾਤਾ ਅਤਰ ਕੌਰ ਨੂੰ ਭਾਵ-ਭਿੰਨੀਆ ਸ਼ਰਧਾਂਜਲੀਆਂ ਦਿੰਦਿਆਂ ਹੋਇਆ ਉਹਨਾਂ ਦੇ ਪੁੱਤਰ ਸੰਤ ਸੇਵਾ ਸਿੰਘ ਅਤੇ ਮਾਤਾ ਅਤਰ ਕੌਰ ਦੇ ਪੋਤਰੇ ਜੱਥੇਦਾਰ ਸੁਰਿੰਦਰ ਸਿੰਘ ਸ਼ਿਦਾ ਵਸੀਕਾ ਨਵੀਸ, ਮੋਹਨ ਸਿੰਘ ਅਤੇ ਸਮੂਹ ਬਲਸੂਰ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸ. ਮਹਿੰਦਰ ਸਿੰਘ ਬੱਸਣ ਜੀ ਨੇ ਮਾਤਾ ਅਤਰ ਕੌਰ ਜੀ ਦੇ ਜੀਵਨ ਬਾਰੇ ਬਹੁਤ ਸੁਚੱਜੇ ਢੰਗ ਨਾਲ ਚਾਨਣਾ ਪਾਉਂਦਿਆਂ ਹੋਇਆ ਸ਼ਰਧਾਂਜਲੀ ਭੇਟ ਕੀਤੀ। ਸੰਤ ਜਗਦੀਸ਼ ਸਿੰਘ ਵਰਿਆਮ ਜੀ ਨੇ ਆਖਿਆ ਕਿ

ਸਾਨੂੰ ਮਾਤਾ ਅਤਰ ਕੌਰ ਜੀ ਦੇ ਉੱਚੇ ਆਦਰਸ਼ਾਂ ਤੋਂ ਪ੍ਰੇਰਨਾ ਲੈ ਕੇ ਸਾਨੂੰ ਮਾਤਾ ਜੀ ਦੇ ਗੁਣ ਅਪਣਾਉਣੇ ਚਾਹੀਦੇ ਹਨ। ਸੂਬਾ ਬਲਵਿੰਦਰ ਸਿੰਘ ਝੱਲ ਜੀ ਨੇ ਆਖਿਆ ਕੀ ਜਿਵੇਂ ਮਾਤਾ ਅਤਰ ਕੌਰ ਜੀ ਨੇ ਆਪਣੇ ਪਰਿਵਾਰ ਨੂੰ ਧਾਰਮਿਕ ਸੇਧ ਦਿੱਤੀ। ਉਸੇ ਤਰ੍ਹਾਂ ਸਾਰੀਆਂ ਮਾਤਾਵਾਂ ਆਪਣੇ ਬੱਚਿਆਂ ਨੂੰ ਅੰਮ੍ਰਿਤ ਵੇਲੇ ਜਾਗ੍ਰਣਾ, ਮਰਯਾਦਾ ਵਿਚ ਰਹਿੰਦਿਆਂ ਹੋਇਆ ਜੀਵਨ ਬਤੀਤ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਸੰਤ ਸੁਰਜੀਤ ਸਿੰਘ ਜੀ ਨੇ ਆਖਿਆ ਕਿ ਜੋ ਧਰਤੀ ਤੇ ਕਿਸੇ ਵੀ ਰੂਪ ਵਿਚ ਆਇਆ ਹੈ, ਉਸ ਦਾ ਖਾਤਮਾ ਨਿਸਚਿਤ ਹੈ। ਪਰ ਸਾਨੂੰ ਸਤਿਗੁਰੂ ਜੀ ਵੱਲੋਂ ਜਿੰਨੇ ਨਿਸਚਿਤ ਸਵਾਸ ਮਿਲੇ ਹਨ ਉਹ ਬਿਰਥਾ ਨਹੀਂ ਜਾਣੇ ਚਾਹੀਦੇ। ਹਰ ਵੇਲੇ ਸਿਮਰਨ ਕਰਦਿਆਂ ਜੀਵਨ ਬਤੀਤ ਕਰਨਾ ਚਾਹੀਦਾ ਹੈ ਤਾਂ ਹੀ ਆਉਣ ਸਫਲ ਹੈ। ਇਹ ਸਫਲ ਜੀਵਨ ਬਤੀਤ ਕੀਤਾ ਮਾਤਾ ਅਤਰ ਕੌਰ ਜੀ ਨੇ।

ਇਸ ਅੰਤਿਮ ਅਰਦਾਸ ਵਿਚ ਮੁੱਖ ਤੌਰ ਤੇ ਵਿਧਾਇਕ ਸ੍ਰੀ ਕ੍ਰਿਸ਼ਨ ਦੇਵ ਭੰਡਾਰੀ, ਸ. ਕੁਲਵੰਤ ਸਿੰਘ ਮੰਨਣ ਮੈਂਬਰ ਸ਼੍ਰੋਮਣੀ ਕਮੇਟੀ ਸਰਬਜੀਤ ਸਿੰਘ ਪਨੇਸਰ ਪ੍ਰਧਾਨ ਸਿੱਖ ਯੂਥ ਕੌਂਸਲ ਜਲੰਧਰ, ਜੋਰਾਵਰ ਸਿੰਘ ਪ੍ਰਧਾਨ ਪੰਜਾਬ ਯੂਥ ਔਰਗਨਾਈਜੇਸ਼ਨ, ਅਮਰਜੀਤ ਸਿੰਘ ਕਿਸ਼ਨਪੁਰਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਜਲੰਧਰ, ਸਤਿੰਦਰ ਸਿੰਘ ਪੀਤਾ ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ ਜਲੰਧਰ, ਬਿਕਰਮਜੀਤ ਸਿੰਘ ਅਕਾਲੀ ਆਗੂ, ਅਮਰਜੀਤ ਸਿੰਘ ਅਮਰੀ ਜਨਰਲ ਸਕੱਤਰ ਭਾਜਪਾ ਅਸ਼ਵਨੀ ਮਿੰਟਾ ਸੀਨੀਅਰ ਭਾਜਪਾ ਆਗੂ, ਨਰੇਸ਼ ਕੁਮਾਰ ਪ੍ਰਧਾਨ ਯੁਵਾ ਮੋਰਚਾ ਮੰਡਲ ਦੋ, ਇੰਦਰਜੀਤ ਸਿੰਘ ਗਿੱਲ ਸੀਨੀਅਰ ਕਾਂਗਰਸ ਆਗੂ, ਜਤਿੰਦਰ ਸਿੰਘ ਮਾਰਸ਼ਲ ਮੀਤ ਪ੍ਰਧਾਨ ਕਾਂਗਰਸ ਸੇਵਾ ਦਲ ਜਲੰਧਰ, ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਸੂਬਾ ਬਲਵਿੰਦਰ ਸਿੰਘ ਝੱਲ ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਗੁਰਮੁਖ ਸਿੰਘ ਰਹਿਬਰ ਸਾਬਕਾ ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸੁਰਜੀਤ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਜਲੰਧਰ, ਸੁਖਵਿੰਦਰ ਸਿੰਘ ਲਾਇਲ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਗੁਰਦੇਵ ਸਿੰਘ ਸਰਪੰਚ ਪਿੰਡ ਜਾਲਖੇੜੀ, ਮਹਿੰਦਰ ਸਿੰਘ ਬੱਸਣ ਸੰਪਾਦਕ ਰਾਮਗੜੀਆਂ ਅਵਾਜ, ਜਥੇਦਾਰ ਹਜਾਰਾ ਸਿੰਘ, ਦੀਪ ਸਿੰਘ ਸਕੱਤਰ ਨਾਮਧਾਰੀ ਗੁਰਦੁਆਰਾ, ਪ੍ਰੀਤ ਨਗਰ ਸੋਡਲ ਰੋਡ, ਬਚਨ ਸਿੰਘ ਖਜਾਨਚੀ ਨਾਮਧਾਰੀ ਸੰਗਤ ਜਲੰਧਰ, ਜਤਿੰਦਰ ਪਾਲ ਸਿੰਘ ਚਿੱਕਾ ਅਤੇ ਮਾਤਾ ਅਤਰ ਕੌਰ ਦੇ ਮੈਂਬਰਾਨ, ਰਿਸ਼ਤੇਦਾਰ ਅਤੇ ਹੋਰ ਜਾਣਕਾਰ ਵੀ ਮੌਜੂਦ ਸਨ। ਪਰਿਵਾਰ ਵੱਲੋਂ ਆਈਆਂ ਵਿਸ਼ੇਸ਼ ਸ਼ਖਸੀਅਤਾਂ ਅਤੇ ਸਮੂਹ ਸਾਧ ਸੰਗਤ ਦਾ ਧੰਨਵਾਦ ਸੰਤ ਸੁਰਜੀਤ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਜਲੰਧਰ ਸ਼ਹਿਰ ਵੱਲੋਂ ਕੀਤਾ ਗਿਆ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

ਵਿੱਗ ਅਵਾਰਡ ਚੰਨ ਤੇ ਆਤਮਜੀਤ ਦੀ ਝੋਲੀ

ਸ੍ਰੀ ਕੇਵਲ ਵਿੱਗ ਬਾਨੀ ਸੰਪਾਦਕ ਜਨਤਾ ਸੰਸਾਰ ਅਵਾਰਡ ੨੦੦੮ ਐਤਕਾਂ ਉੱਘੇ ਕਵੀ ਤਿਰਲੋਚਨ ਸਿੰਘ ਚੰਨ ਜੰਡਿਆਲਵੀ ਤੇ ਉੱਘੇ ਨਾਟਕਕਾਰ ਡਾ. ਆਤਮਜੀਤ ਸਿੰਘ ਨੂੰ ੪ ਦਸੰਬਰ ਨੂੰ ਵਿਰਸਾ ਵਿਹਾਰ ਜਲੰਧਰ ਵਿਖੇ ਸ. ਸੁਰਜੀਤ ਸਿੰਘ ਮਿਨਹਾਸ, ਡਾ. ਵੀ. ਕੇ ਤਿਵਾੜੀ, ਸ. ਕਮਲਜੀਤ ਸਿੰਘ ਭਾਟੀਆ ਤੇ ਸ. ਮਨਪ੍ਰੀਤ ਸਿੰਘ ਬੱਲ ਨੇ ਦੇਣ ਦੀ ਰਸਮ ਅਦਾ ਕੀਤੀ। ਜਤਿੰਦਰ ਮੋਹਨ ਵਿੱਗ ਸੰਪਾਦਕ ਜਨਤਾ ਸੰਸਾਰ ਦੀ ਨਿਗਰਾਨੀ ਹੇਠ ਵਿਗ ਸ਼ਰਧਾਂਜਲੀ ਸਮਾਰੋਹ ਸਫਲ ਰਿਹਾ ਤੇ ਸ. ਮਨਪ੍ਰੀਤ ਸਿੰਘ ਬੱਲ ਨੇ ਸ਼ਮਾ ਰੋਸ਼ਨ ਕੀਤੀ। ਸ. ਕੁਲਦੀਪ ਸਿੰਘ ਪੱਟੀ (ਦੀਪ ਅਲੋਪ) ਇਨਕਲਾਬੀ ਕਵੀ ਤੇ ਸਿਆਸੀ ਪੱਤਰਕਾਰ ਨੇ ਕਵਿਤਾ "ਕੇਵਲ ਵਿੱਗ ਸੰਪਾਦਕ ਮਹਾਨ" ਸੁਣਾ ਕੇ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਸ੍ਰੀ ਸੁਰਿੰਦਰ ਗੁਲਸ਼ਨ, ਸਚਿਨ ਬਤੁਰਾ, ਰਜਨਾ ਭੱਟੀ, ਡਿਪਟੀ ਰਾਜਾ ਤੇ ਰਜੇਸ਼ ਸ਼ਰਮਾ, ਸੁਖਪ੍ਰੀਤ ਬੱਲ, ਕੁਲਵਿੰਦਰ ਦਿਆਲਪੁਰੀ, ਕਿਰਨ, ਰਚਨਜੀਤ ਕੌਰ ਪ੍ਰਦੇਸੀ, ਨੇ ਕਲਾਮ ਸੁਣਾ ਕੇ ਕਮਾਲ ਕੀਤੀ। ਡਾ. ਆਤਮਜੀਤ ਦਾ ਭਾਸ਼ਨ ਵਿਅੰਗਮਈ ਸੀ। ਸੁਖਪ੍ਰੀਤ ਕੌਰ ਬੱਲ ਨੇ ਸਟੇਜ ਸਕੱਤਰ ਦੀ ਭੂਮਿਕਾ ਸੁਚਾਰੂ ਨਿਭਾਈ। ਸ. ਸੁਰਜੀਤ ਸਿੰਘ ਮਿਨਹਾਸ ਨੇ ਡੀ. ਕੇ ਵਲ ਵਿਗ ਦੇ ਜਨਤਾ ਸੰਸਾਰ ਸੰਪਾਦਕੀ ਸੰਘਰਸ਼ ਦੀ ਪ੍ਰਸੰਸਾ ਕਰਦਿਆਂ ਸ੍ਰੀ ਜਤਿੰਦਰ ਮੋਹਨ ਵਿੱਗ ਨੂੰ ਸਫਲ ਪੰਜਾਬੀ ਸੰਪਾਦਕ ਦੱਸਿਆ ਜੋ ਪਿਤਾ ਦੀ ਯਾਦ ਦੀ ਜੋਤ ਜਗਦੀ ਰੱਖ ਕੇ ਜਲੰਧਰ ਵਿਚ ਇਤਿਹਾਸਕ ਮਿਸਾਲ ਕਾਇਮ ਕਰ ਰਹੇ ਹਨ। ਡਾ. ਵੀ. ਕੇ ਤਿਵਾੜੀ ਦਾ ਭਾਸ਼ਨ ਅਰਥ ਭਰਪੂਰ ਸੀ। ਦੀਪਾਸ਼ ਪੰਡਤ ਖੂਬ ਛਾਏ। ਚੰਨ ਜੰਡਿਆਲਵੀ ਦਾ ਗੀਤ ਮਧਾਣੀਆਂ ਹਾਏ ਉਏ ਮੇਰੇ ਡਾਢਿਆ ਰੱਬਾ ਕਿੰਨਾ ਜੰਮੀਆਂ ਤੇ ਕਿੰਨਾ ਨੇ ਲੈ ਜਾਣੀਆ ਸਮਾਰੋਹ ਦਾ ਕੇਂਦਰ ਬਿੰਦੂ ਰਿਹਾ। ਅਵਤਾਰ ਸਫਰੀ ਯੂ. ਕੇ ਤੋਂ ਗੀਤ ਗਾਉਣ ਆਇਆ ਡਾ. ਕੀਰਤੀ ਕੇਸਰ, ਰਜਿੰਦਰ ਪ੍ਰਦੇਸੀ ਤੇ ਗੁਰਬਖਸ਼ ਬਖਸ਼ੀ ਸਮੇਤ ਅਨੇਕਾਂ ਹਾਜ਼ਰ ਸਨ।

—ਕੁਲਦੀਪ ਸਿੰਘ ਪੱਟੀ

੬੪੪ ਬਹਾਦੁਰਪੁਰ, ਹੁਸ਼ਿਆਰਪੁਰ।

ਪ੍ਰਤੀਕਿਰਿਆ

ਮੇਰੇ ਪੂਜਨੀਕ ਪਿਤਾ ਜੀ ਦਾ ਸਵਰਗਵਾਸ ਹੋ ਜਾਣ ਉਤੇ ਤੁਹਾਡੇ ਵਲੋਂ ਵਰਿਆਮ ਦੇ ਦਸੰਬਰ ੨੦੦੮ ਦੇ ਅੰਕ ਵਿਚ ਉਨ੍ਹਾਂ ਬਾਰੇ ਅਤੇ ਸਾਡੇ ਪਰਿਵਾਰ ਬਾਰੇ ਲੇਖ ਛਾਪਿਆ ਗਿਆ ਹੈ। ਇਸ ਲਈ ਮੈਂ ਅਤੇ ਮੇਰਾ ਪਰਿਵਾਰ ਤੁਹਾਡੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਤੁਹਾਡੇ ਜਿਹੇ ਸਨੇਹੀਆਂ ਵਲੋਂ ਪ੍ਰਗਟਾਈਆਂ ਗਈਆਂ ਭਾਵਨਾਵਾਂ ਨਾਲ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਮਾਨਸਿਕ ਤੌਰ ਉਤੇ ਬਲ ਮਿਲਿਆ।

—ਜੈਰੂਪ ਸਿੰਘ
ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

* * *

'ਵਰਿਆਮ' ਨਵੰਬਰ ੨੦੦੮, ਜਿਲਦ ੩੪ ਅੰਕ ੧ ਮਿਲ ਗਿਆ ਸੀ। ਮੈਂ ਦੋ ਕੁ ਮਹੀਨੇ ਸੰਗਰੂਰ ਤੋਂ ਬਾਹਰ ਰਿਹਾ, ਇਸ ਲਈ ਮੈਂ ਹਥਲੇ ਅੰਕ ਲਈ ਰਚਨਾਤਮਕ ਤੌਰ ਤੇ ਸਹਿਯੋਗ ਨਹੀਂ ਦੇ ਸਕਿਆ। ਕਾਸ਼ ਕਿ ਉਸ ਵਿਸ਼ੇਸ਼ ਅੰਕ ਵਿਚ ਮੇਰੀ ਵੀ ਰਚਨਾ ਛੱਪਦੀ।

'ਵਰਿਆਮ' ੩੩ ਸਾਲਾਂ ਦਾ ਹੋ ਗਿਆ ਹੈ। ਇਸ ਲਈ ਤੁਹਾਨੂੰ ਬਹੁਤ ਬਹੁਤ ਵਧਾਈ। ਸਤਿਗੁਰੂ ਜੀ ਦੀ ਮਿਹਰ ਸਦਕਾ ਇਹ ਪਰਚਾ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰੇਗਾ।

ਤੁਸੀਂ ਇਸ ਤਰ੍ਹਾਂ ਦਾ ਵਿਸ਼ੇਸ਼ ਅੰਕ ਜੋ ਸਤਿਗੁਰੂ ਜਗਜੀਤ ਸਿੰਘ ਹੋਰਾਂ ਬਾਰੇ ਹੀ ਸੀ ਕੱਢਿਆ ਸੀ, ਜਾਣ ਕੇ ਬੜੀ ਖੁਸ਼ੀ ਹੋਈ। ਵਾਹਿਗੁਰੂ ਉਹਨਾਂ ਦੀ ਉਮਰ ਲੰਬੀ ਕਰੇ। ਉਹਨਾਂ ਦੀ ਮਹਿਮਾ, ਵਡਿਆਈ ਅਤੇ ਜਸ ਘਰ ਘਰ ਵਿਚ ਪੁੱਜੇ।

ਭਾਵੇਂ ਕਿ ਤੁਸੀਂ 'ਵਰਿਆਮ' ਦੇ ਹਰ ਅੰਕ ਨੂੰ ਬੜੀ ਮਿਹਨਤ ਨਾਲ ਪਾਠਕਾਂ ਦੇ ਕਲਿਆਣ ਲਈ ਛਾਪਦੇ ਹੋ, ਪਰ ਹਥਲੇ ਅੰਕ ਨੂੰ ਛਾਪਣ ਲਈ ਤੁਸੀਂ ਸਤਿਗੁਰੂ ਦੀ ਕਿਰਪਾ ਨਾਲ ਵਿਸ਼ੇਸ਼ ਮਿਹਨਤ ਕੀਤੀ ਲੱਗਦੀ ਹੈ। ਇਸ ਅੰਕ ਦਾ ਕਾਗਜ਼ ਬਹੁਤ ਵਧੀਆ ਹੈ। ਇਸ ਵਿਚਲੀਆਂ ਤਸਵੀਰਾਂ ਇਤਿਹਾਸਕ ਹੋ ਨਿਬੱੜੀਆਂ ਹਨ। ਇਹਨਾਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਿਆਂ ਚਰਨਾਂ ਵਿਚ ਮਹਾਨ ਨੇਤਾ, ਮਹਾਨ ਕਲਾਕਾਰ ਅਤੇ ਸਾਹਿਤਕਾਰ ਆਦਿ ਪੁੱਜਦੇ ਰਹੇ ਹਨ ਅਤੇ ਪੁੱਜ ਵੀ ਰਹੇ ਹਨ।

ਰਚਨਾਤਮਕ ਪੱਖ ਤੋਂ ਵੀ ਇਹ ਅੰਕ ਲਾਹੇਵੰਦ ਰਹੇਗਾ। ਇਸ ਵਿਚ ਬਹੁਤ ਸਾਰੇ ਲੇਖਕਾਂ ਵੱਲੋਂ ਪੇਸ਼ ਕੀਤੇ ਗਏ ਵਿਚਾਰ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ, ਪਹਿਲੇ ਸਤਿਗੁਰੂ ਸਾਹਿਬਾਨ ਬਾਰੇ ਅਤੇ ਨਾਮਧਾਰੀ ਲਹਿਰ ਅਤੇ ਸੰਸਥਾ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ, ਜਿਹੜੇ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਦੇ ਹਨ।

ਤੁਸੀਂ ਸੰਪਾਦਕ ਹੋਣ ਦੇ ਨਾਤੇ ਭਾਵੇਂ ਕਿ ਬਹੁਤਾ ਨਹੀਂ ਲਿਖ ਸਕਦੇ, ਪਰ ਤੁਸੀਂ ਇਸ ਮਹਾਨ ਸੰਪਾਦਨਾਂ ਕਾਰਣ ਸਿਖਰ ਤੇ ਪੁੱਜ ਗਏ ਹੋ, ਤਰ ਗਏ ਹੋ। ਸਤਿਗੁਰੂ ਜੀ ਤੁਹਾਨੂੰ ਹੋਰ ਵੀ ਸਮਰਥਾ ਬਖ਼ਸ਼ਣ ਤਾਂ ਕਿ 'ਵਰਿਆਮ' ਹੋਰ ਵੀ ਵਧੇ ਫੁੱਲੇ। ਬੁਲੰਦੀਆਂ ਨੂੰ ਛੂਹੇ।

—ਪ੍ਰੋ. ਸੁਲੱਖਣ ਸਿੰਘ ਮੀਤ (ਰਿਟਾ. ਪ੍ਰਿੰ.)
ਦਸਮੇਸ਼ ਨਗਰ, ਸੰਗਰੂਰ-੧੪੮੦੦੧
ਮੋਬਾ-੦੯੪੬੩੩੨੯੯੩੯

* * *

ਆਪ ਜੀ ਨੂੰ ਬਹੁਤ ਬਹੁਤ ਮੁਬਾਰਕਾਂ! ਸ੍ਰੀ ਸਤਿਗੁਰੂ ਜਗਜੀਤ ਸਿੰਘ ਅੰਕ ਦੀਆਂ। ਬਹੁਤ ਹੀ ਸੁੰਦਰ ਅੰਕ ਹੈ। ਬਹੁਤ ਸਾਰੇ ਪ੍ਰਮੁੱਖ ਸਜਣਾਂ ਦੀਆਂ ਮੁਬਾਰਕਾਂ ਛਪੀਆਂ ਹਨ। ਬਹੁਤ ਹੀ ਸੁੰਦਰ ਹਨ। ਸ਼ਾਲਾ ਵਰਿਆਮ ਇਸੇ ਤਰ੍ਹਾਂ ਤਰੱਕੀ ਕਰਦਾ ਰਹੇ ਅਤੇ ਸ੍ਰੀ ਸਤਿਗੁਰੂ ਜੀ ਦਾ ਤੇ ਨਾਮਧਾਰੀ ਪੰਥ ਦਾ ਪ੍ਰਚਾਰ ਪ੍ਰਸਾਰ ਕਰਦਾ ਰਹੇ।

ਸਤਿਗੁਰੂ ਜੀ ਕ੍ਰਿਪਾ ਕਰਨ ਤੁਹਾਡੀ ਸਿਹਤ ਤੇ ਬੁਲੰਦੀ ਵਰਿਆਮਤਾਂ 'ਚ ਰਹੇ। ਬਹੁਤ ਬਹੁਤ ਮੁਬਾਰਕ!

—ਸੂਬਾ ਹਰਭਜਨ ਸਿੰਘ
ਲੁਧਿਆਣਾ

* * *

ਵਰਿਆਮ (ਨਵੰਬਰ ੨੦੦੮) ਵਿਚ ਛਾਪੀ ਤਸਵੀਰ ਹੇਠ ਤੁਸੀਂ ਇਹ ਲਿਖਿਆ ਹੈ ਕਿ ਬਾਬਾ ਸੋਹਣ ਸਿੰਘ ਜੀ ਭਕਨਾ (੧੮੭੦-੧੯੬੮) ਸਤਿਗੁਰੂ ਜਗਜੀਤ ਸਿੰਘ ਜੀ ਦੇ ਪੈਰੀਂ ਹੱਥ ਲਾ ਰਹੇ ਹਨ। ਇਹ ਤਸਵੀਰ ਇੰਗਲੈਂਡੋਂ ਚਲਦੀ ਕਿਸੇ ਵੈੱਬਸਾਈਟ 'ਤੇ ਵੀ ਲੱਗੀ ਹੋਈ ਹੈ ਅਤੇ ਕਿਸੇ ਕਲੰਡਰ 'ਤੇ ਛਪੀ ਵੀ ਦੱਸੀ ਜਾਂਦੀ ਹੈ, ਜਿਹੜਾ ਕਿ ਮੈਂ ਨਹੀਂ ਦੇਖਿਆ।

ਮੇਰੀ ਅਰਜ਼ ਇਹ ਹੈ ਕਿ ਇਹ ਸਿਰਲੇਖ ਸਹੀ ਨਹੀਂ ਹੈ। ਗ਼ਲਤ ਜਾਣਕਾਰੀ ਵਾਲੀ ਇਤਿਹਾਸ ਦੀ ਇਸ ਕਿਸਮ ਦੀ ਪੇਸ਼ਕਾਰੀ ਨਾਲ ਕਿਸੇ ਦੀ ਵੀ ਵਡਿਆਈ ਨਹੀਂ ਹੁੰਦੀ; ਨਾ ਸਤਿਗੁਰਾਂ ਦੀ ਤੇ ਨਾ ਬਾਬਾ ਜੀ ਦੀ।

ਮੇਰੀ ਦਲੀਲ ਇਹ ਹੈ :

* ਇਹ ਤਸਵੀਰ ੧੯੫੯-੬੦ ਦੀ ਲਗਦੀ ਹੈ। ਓਦੋਂ ਬਾਬਾ ਜੀ ਦੀ ੯੦ ਸਾਲਾਂ ਨੂੰ ਢੁੱਕੇ ਹੋਏ ਸੀ। ਤਸਵੀਰ ਵਿਚਲਾ ਬੰਦਾ ੫੫-੬੦ ਸਾਲ ਦਾ ਜਾਪਦਾ ਹੈ।

* ਆਜ਼ਾਦ ਭਾਰਤ ਦੀ ਜੇਲ੍ਹ ਵਿਚ ਲੰਮੀ ਭੁੱਖ ਹੜਤਾਲ ਰੱਖਣ ਨਾਲ ਬਾਬਾ ਜੀ ਦੇ ਸੰਨ ੧੯੫੦ ਵਿਚ ਕੁੱਬ ਪੈ ਗਿਆ

ਸੀ। ਤਸਵੀਰ ਵਿਚਲੇ ਬੰਦੇ ਦੇ ਕੋਈ ਕੁੱਝ ਨਹੀਂ ਦਿਸਦਾ।

* ਬਾਬਾ ਜੀ ਗੋਲ ਸਾਦੀ ਪੱਗ ਬੰਨ੍ਹਦੇ ਹੁੰਦੇ ਸਨ। ਤਸਵੀਰ ਵਿਚਲੇ ਬੰਦੇ ਤੇ ਤੰਬਾ ਲਾਇਆ ਹੋਇਆ ਲੱਗਦਾ ਹੈ।

ਮੇਰੇ ਇਸ ਤਰਕ ਦਾ ਸ਼ਾਇਦ ਕੋਈ ਇਹ ਮਤਲਬ ਕੱਢ ਲਵੇ ਕਿ ਮੈਂ ਇਹ ਆਖ ਰਿਹਾ ਹਾਂ ਕਿ ਬਾਬਾ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੈਰੀਂ ਹੱਥ ਨਹੀਂ ਸਨ ਲਾ ਸਕਦੇ। ਬਿਲਕੁਲ ਲਾ ਸਕਦੇ ਸਨ। ਬਾਬਾ ਜੀ ਏਨੇ ਪਹੁੰਚੇ ਹੋਏ ਗੁਰਮੁਖ ਸਨ ਕਿ ਉਹ ਕਿਸੇ ਬੱਚੇ ਦੇ ਵੀ ਪੈਰੀਂ ਹੱਥ ਲਾ ਸਕਦੇ ਸਨ। ਨਾਮਧਾਰੀ ਸੰਤ ਬਾਬਾ ਕੇਸਰ ਉਨ੍ਹਾਂ ਦੀ ਮੁੱਢਲੀ ਪ੍ਰੇਰਨਾ ਸਨ ਅਤੇ ਉਨ੍ਹਾਂ ਦਾ ਨਾਮਧਾਰੀ ਦਰਬਾਰ ਨਾਲ ਸਦਾ ਹੀ ਪਿਆਰ-ਸਤਿਕਾਰ ਵਾਲਾ ਰਿਸ਼ਤਾ ਰਿਹਾ।

—ਅਮਰਜੀਤ ਚੰਦਨ, ਲੰਡਨ

* * *

ਅੰਕ ਹੋ ਤੋਂ ਐਸਾ!
ਵਧਾਈਆਂ! ਗੁਰਾਂ ਦੇ ਜਨਮ ਦਿਨ ਦੀਆਂ।
ਵਧਾਈਆਂ! ਗੁਰਾਂ ਦੇ ਵਿਸ਼ੇਸ਼ ਅੰਕ ਦੀਆਂ!!

—ਬੇਅੰਤ ਸਿੰਘ ਸਰਹੱਦੀ
ਐਡੀਟਰ ਸਿਮਰਨ, ਬਸਤੀ ਸ਼ੇਖ ਜਲੰਧਰ

* * *

ਵਰਿਆਮ ਦਸੰਬਰ ਅੰਕ ਸੰਪਾਦਕੀ ਲੇਖਕ ਸਭਾ ਤੇ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਰਹੇ ਦੇ ਤੁਰ ਜਾਣ ਤੇ ਸ. ਜਗਦੀਸ਼ ਸਿੰਘ ਵਰਿਆਮ ਨੇ ਸਹੀ ਲਿਖਿਆ ਕਿ ਉਹ ਸਰਵਪੱਖੀ ਗੁਣਾਂ ਦੀ ਗੁਥਲੀ ਤੇ ਸੰਗਰਾਮੀਏ ਸਨ। ਪ੍ਰੀਤਮ ਸਿੰਘ ਦੀ ਘਾਲਣਾ ਅਜੋਕੇ ਪੰਜਾਬੀ ਲੇਖਕਾਂ ਲਈ ਪ੍ਰੇਰਨਾ ਸਰੋਤ ਹੈ। ਸਮੇਂ ਦੇ ਮਹਾਂਰਥੀਆਂ ਨਾਲ ਖਹਿਣ ਵਾਲਾ ਡਾ. ਕਾਂਗ ਵਰਿਆਮ ਨੂੰ ਨਿਰੰਤਰ ਚਲਦਾ ਰੱਖਣ ਦਾ ਹਮਦਰਦ ਨਾਮਧਾਰੀ ਸਾਹਿਤ ਵਿਚ ਸਦਾ ਅਮਰ ਹੋ ਗਿਆ। ਸਿਮਰਨ ਕੌਰ ਰਾਮਪੁਰਾ ਫੂਲ ਦਾ ਲੇਖ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਜਾਤੀ ਤੇ ਕੀਤੇ ਪਰਉਪਕਾਰ ਮੈਂ ੫ ਦਸੰਬਰ ਨੂੰ ੨ ਤੋਂ ੩ ਵਜੇ ਸਰਘੀ ਵੇਲੇ ਨਿਹਾਲੀ ਦਾ ਨਿਘ ਮਾਣਦੇ ਨੇ ਅਧਿਐਨ ਕੀਤਾ ਤਾਂ ਪਤਾ ਲੱਗਾ ਕਿ ਸਤਿਗੁਰੂ ਜੀ ਜੱਗ ਜਨਨੀ ਨਾਰੀ ਦੀ ਸਰਵਪੱਖੀ ਅਜ਼ਾਦੀ ਦੇ ਝੰਡਾ ਬਰਦਾਰ ਸਨ। ਨਾਮਧਾਰੀ ਸਮਾਜ ਵਿਚ ਨਾਰੀ ਪ੍ਰਤੀਸ਼ਤ ਦੇ ਅੰਕੜੇ ਜ਼ਿਕਰਯੋਗ ਹਨ। ਤੂੜੀ ਵਾਲੇ ਕਮਰੇ ਵਿਚ ਸਤਿਗੁਰੂ ਜਗਜੀਤ ਸਿੰਘ ਦਾ ਇਸ਼ਨਾਨ ਅਨੋਖੀ ਘਟਨਾ ਦਾ ਵਰਨਣ ਹੈ। ਹਰਨੇਕ ਸਿੰਘ ਕੋਮਲ ਦਾ ਦੋਹਾ "ਉਚੇ ਮਹਿਲ ਹਵੇਲੀਆਂ ਵੱਡਾ ਕਾਰੋਬਾਰ ਬੰਦਾ ਖਾਕ ਸਮਾਨ ਹੈ ਜੇ ਥੋਣਾ ਕਿਰਦਾਰ? ਅਜੋਕੇ ਸਮਾਜ ਤੇ ਕਰਾਰੀ ਚੋਟ ਹੈ। ਨਾਮਧਾਰੀ ਹਾਕੀ ਬਾਰੇ ਕੁਲਦੀਪ ਪੱਟੀ ਦੇ ਲੇਖ ਵਰਿਆਮ 'ਚ ਹੋਰ ਛਪਦੇ ਰਹਿਣਗੇ। ਮਹਿਮਾ ਸਿੰਘ ਤੂਰ ਦੇ ਸ਼ੇਅਰ ਜੀਹਨੇ ਆਪਣਾ ਹੀ ਮਨ ਫਤਿਹ ਕੀਤਾ ਉਹਨੇ ਜਿਤਨਾ ਜਹਾਨ ਹੈ ਪਿਆਰੇ ਸੇਧਮਈ ਗੱਲ ਹੈ। ਚਰਨ ਸੀਚੇਵਾਲਵੀ ਦੇ ਸ਼ੇਅਰ ਚੋਣ ਪ੍ਰਸੰਸਾਯੋਗ ਹੈ। ਨਰਿੰਦਰ ਮਾਨਵ ਠੀਕ ਲਿਖਦਾ ਹੈ ਸੱਪਾਂ ਨੂੰ ਕੀਲਣਾ ਵੀ ਸਿੱਖ ਲਓ ਜਨਾਬ ਸਾਥੋਂ ਚੰਦਨ ਦਾ ਰੁੱਖ ਸੁਣਿਐ ਵਿਹੜੇ ਦੇ ਲਾ ਰਹੇ ਹੋ। ਸਾਲ ੨੦੦੯ ਵਰਿਆਮ ਪਾਠਕਾਂ ਨੂੰ ਪੱਟੀ ਦੀ ਕਾਵਿਕ ਵਧਾਈ। ਨਵੇਂ ਸਾਲ ਦੀ ਵਧਾਈ ਪਾਠਕੋ, ਕਲਮੀ ਸੰਘਰਸ਼ ਹੋਰ ਵਧਾਓ ਪਾਠਕੋ।

—ਕੁਲਦੀਪ ਸਿੰਘ ਪੱਟੀ
ਹੁਸ਼ਿਆਰਪੁਰ।

* * *

ਨਿੱਕੀ ਜਿਹੀ ਕਿਤਾਬ 'ਵਰਿਆਮ' ਵਿਚ ਸਮਾ ਗਈ

ਸਾਲ ੨੦੦੮ ਅਮਰ ਸ਼ਹੀਦ ਖੁਦੀ ਰਾਮ ਬੋਸ ਦੀ ਸ਼ਹਾਦਤ ਦਾ ਸ਼ਤਾਬਦੀ ਵਰ੍ਹਾ ਹੈ। ਅਗਸਤ ਮਹੀਨੇ ਵਿਚ ਇਸ ਲਾਸਾਨੀ ਸ਼ਹੀਦ ਦੀ ਸ਼ਤਾਬਦੀ ਦੇ ਸੰਬੰਧ ਵਿਚ ਇਕ ਐਡ ਜ਼ਰੂਰ ਅਖਬਾਰਾਂ ਵਿਚ ਆਈ ਸੀ, ਪਰੰਤੂ ਉਸ ਤੋਂ ਬਾਅਦ ਨਾ ਤਾਂ ਕਿਸੇ ਨੇਤਾ ਨੇ ਅਤੇ ਨਾ ਹੀ ਕਿਸੇ ਰਾਜ ਸਰਕਾਰ ਨੇ ਉਸ ਨਿੱਕੀ ਜਿਹੀ ਉਮਰੇ ਆਪਣੀ ਮਾਤਭੂਮੀ ਦੀ ਆਜ਼ਾਦੀ ਖਾਤਿਰ ਫਾਂਸੀ ਦਾ ਰੱਸਾ ਹੱਸਦਿਆਂ ਚੁੰਮਣ ਵਾਲੇ ਸ਼ਹੀਦ ਖੁਦੀ ਰਾਮ ਨੂੰ ਕੋਈ ਸ਼ਰਧਾਂਜਲੀ ਭੇਂਟ ਕੀਤੀ ਅਤੇ ਨਾ ਹੀ ਕੋਈ ਸਮਾਗਮ ਕੀਤਾ। ਇਸ ਗੱਲ ਦਾ ਮੈਨੂੰ ਬੜਾ ਮਲਾਲ ਰਿਹਾ, ਮੈਂ ਉਸ ਦਿਨ ਤੋਂ ਖੁਦੀ ਰਾਮ ਬੋਸ ਬਾਰੇ ਚੰਗੀ ਤਰ੍ਹਾਂ ਜਾਨਣ ਲਈ ਖੋਜ ਸ਼ੁਰੂ ਕਰ ਦਿੱਤੀ। ਇੰਟਰਨੈਟ ਖੋਲ੍ਹਿਆ, ਬਹੁਤ ਥੋੜ੍ਹੀ ਜਾਣਕਾਰੀ ਮਿਲੀ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸ੍ਰੀ ਗੁਰਮੀਤ ਨਾਲ ਗੱਲ ਕੀਤੀ, ਲਾਇਬਰੇਰੀ ਫਰੋਲੀ, ਸਾਰਾ ਮਾਈ ਹੀਰਾਂ ਗੇਟ ਗਾਹ ਮਾਰਿਆ। ਬਹੁਤ ਥੋੜ੍ਹੀ ਜਾਣਕਾਰੀ ਮਿਲ ਸਕੀ। ਖੁਦੀ ਰਾਮ ਬੋਸ ਸੰਬੰਧੀ ਮਿਲਿਆ ਇਕ ਇਕ ਸ਼ਬਦ ਮੇਰੇ ਲਈ ਹੀਰੇ ਜਵਾਹਰਾਂ ਵਾਂਗ ਸੀ, ਇਸ ਲਈ ਮੈਂ ਕੋਸ਼ਿਸ਼ ਕਰਕੇ ਉਨ੍ਹਾਂ ਮਾਣਕ ਮੋਤੀਆਂ ਨੂੰ ਇਕੱਠਾ ਕਰਕੇ ਇਕ ਨਿੱਕੀ ਜਿਹੀ ਕਿਤਾਬ ਆਪਣੇ ਕਰੀਬੀ ਦੋਸਤ ਸ. ਸ਼ੇਰ ਜੰਗ ਸਿੰਘ ਹੁੰਦਲ ਅਤੇ ਸ. ਝਰਮਲ ਸਿੰਘ ਢਿਲੋਂ ਦੀ ਸਲਾਹ ਨਾਲ ਛਪਵਾ ਲਈ। ਪ੍ਰਿੰਟਿੰਗ ਲਈ ਜਤਿੰਦਰ ਮਝੈਲ ਨੇ ਮੇਰੀ ਸਹਾਇਤਾ ਕਰ ਦਿੱਤੀ। ਪਲੇਠੀ ਕਿਤਾਬ ਦਾ ਚਾਅ ਨਵੇਂ ਜੰਮੇ ਬੱਚੇ ਵਾਂਗ ਹੁੰਦਾ ਹੈ। ਹੋਰਨਾ ਸੱਜਣਾਂ ਮਿਤਰਾਂ ਤੋਂ ਇਲਾਵਾ ਦੋ ਕਿਤਾਬਾਂ ਮੈਂ ਸੰਤ ਜਗਦੀਸ਼ ਸਿੰਘ ਵਰਿਆਮ ਜੀ ਨੂੰ 'ਵਰਿਆਮ' ਦੇ ਦਫਤਰ ਦੇਣ ਚਲਾ ਗਿਆ। ਉਨ੍ਹਾਂ ਨੇ ਨਵੰਬਰ ਮਹੀਨੇ ਦੇ ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ੇਸ਼ ਅੰਕ ਲਈ ਰੁੱਝੇ ਹੋਣ ਦੇ ਬਾਵਜੂਦ ਵੀ ਮੈਨੂੰ ਜੀ ਆਇਆਂ ਆਖਿਆ ਅਤੇ ਮੇਰੀ ਬੰਗਾਲੀਆਂ ਦੇ ਸਰਾਭੇ ਸ਼ਹੀਦ ਖੁਦੀ ਰਾਮ ਬੋਸ ਦੀ ਕਿਤਾਬ ਨੂੰ ਵੇਖ ਪਰਖ ਕੇ ਆਖਣ ਲੱਗੇ, "ਤੁਸੀਂ ਇਸ ਕਿਤਾਬ ਵਿਚ ਬਹੁਤ ਕੁੱਝ ਦੇ ਦਿੱਤਾ ਹੈ, ਜੇ ਇਜਾਜ਼ਤ ਹੋਵੇ ਤਾਂ ਇਸਨੂੰ 'ਵਰਿਆਮ' ਵਿਚ ਛਾਪ ਦਈਏ"। ਮੈਂ ਖੁਸ਼ੀ ਨਾਲ ਆਖਿਆ। "ਸੰਤ ਜੀ ਮੈਂ ਤਾਂ ਇਸ ਲਈ ਬੇਨਤੀ



ਪੰਜਾਬੀ ਵਿਕਾਸ ਮੰਚ ਦਿੱਲੀ ਵਲੋਂ ਪੰਜਾਬੀ ਅਕੈਡਮੀ ਦਿੱਲੀ ਦੇ ਸਹਿਯੋਗ ਨਾਲ
ਪ੍ਰੋ. ਤਾਰਾ ਸਿੰਘ ਅਨਜਾਣ ਦੀਆਂ ਵਾਰਤਕ ਅਤੇ ਇਤਿਹਾਸ ਸਬੰਧੀ ਰਚਨਾਵਾਂ ਬਾਰੇ
ਵਿਚਾਰ ਗੋਸ਼ਟੀ ਸਮੇਂ ਪ੍ਰਧਾਨਗੀ ਮੰਡਲ ਅਤੇ ਹਾਜ਼ਰ ਸਾਹਿਤ ਪ੍ਰੇਮੀ



ਜਥੇਦਾਰ ਸੁਰਿੰਦਰ ਸਿੰਘ ਛਿੰਦਾ ਦੇ ਦਾਦੀ ਜੀ ਮਾਤਾ ਅਤਰ ਕੌਰ ਸੁਪਤਨੀ ਸਵ. ਬਾਪੂ ਖੜਕ ਸਿੰਘ ਨਾਮਧਾਰੀ ਜੋ ੧੦੫ ਸਾਲ ਦੀ ਆਯੂ ਸਫਲ ਕਰ ਕੇ ਪਿਛਲੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।

ਸਵ. ਮਾਤਾ ਅਤਰ ਕੌਰ

Registered No. PB 0016 (2009-2011) Monthly Wariam Ladowali Road, Jalandhar - 144 001
Regd. RNI No. 26453/75
Jan. 2009

ਐਡੀਟੱਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।